higher one. In this process it uses various mechanisms, for example, Punjabi language, which itself is limited and normalized to a particular dialect and region of Punjab, ignoring other dialects and regions (e.g, Multani, Saraiki, Pothohari and Pahari etc.). This not only helps to define who is Punjabi, but also helps the other sets of mechanisms of the conductive force to project certain different bio-logical features of it which after sometime become the object of governing rationality. The conductive force after determining what is the so-called bio-logical features of Punjabi, will not only try to represent the so-called 'Punjabiat' as a different culture (to define it as a race), but also Sikhi, it represents Sikh and Punjabi as if they were one and the same, on the basis of its so-called bio-logical features and of Punjabiat. The bio-logical features help the process of subjectification and Punjabiat for the dividing practices and collective identity and it projects the land where this species lives as a bio-region. For conductive force, Punjab is a bio-region, this narration helps conductive force to use population as bio-power and civilizational form as its mode of governing. To ensure the security of Sikhi (which is in fact Punjabiat) it has its own bio-region (Punjab) where the sovereign which will be its own ideal so-called bio-logical feature bearer Sikh (Punjabi) can rule. Most of the Sikh scholars are trapped in this bio-political strategy. For example, Gurbhagat Singh in his book *Kaumi Aazadi Val*[20] and in some of his articles projected Punjabi and Punjabiat as Sikh and Sikhi. In his article 'Punjabiat Ate Punjabi Sahit' he claimed that Punjabiat's core feature is based on geography and on some fundamental concepts in the same manner as Jews believed that Israel and some model ideas are core of their collective identity.[21] He further claims that the construction of Punjabiat is completed not only because of its geography and language, but because of the origin of its main scripture i.e., Sri Guru Granth Sahib.[22] I think this is what the cultural forces demand from knowledge formational practices. It provides Sikh society with seemingly ideal interpretations of their religious symbols, holy places and of scriptures which not only insures salvation after life (as Gurmukh), but also in this life (as Punjabi). Further he claims, "the core Punjabiat which was created

with the help of Sri Guru Granth Sahib and Sri Dasam Granth's main values, to insure its nurturing political power and independent state were essential needs. After the demolition of Maharaja Ranjit Singh's *Raj*, this cultural development was stopped."[23] What Gurbhagat Singh fails to see is that acquisition of political power and an independent state is what is always sought by this force; for it Sikhi is a means to achieve it. Gurbhagat Singh like many Sikh scholars marginalized the status of revelation/Bani and this is what this cultural force did with Sikhi. Power operates by claiming the universals and projecting its particularity onto the universal, we can see how in Sikh praxis this is executed by claiming sacred Sikh symbols, Guru image, and religious institutions. I called these acts of claiming and reclaiming as acts of appropriation, a peculiar form of syncretism. According to its need and in order to remain relevant, it portrays itself, like sometimes as a radical religious cult and sometimes as a secular creative cultural group etc. The Punjabi Suba Morcha movement could be analyzed in this perspective. Is this formation of a language-based state a demand of Sikhi ? or of politically active cultural groups? The conflicts like the SYL canal and the recent examples of farmers' protest against the three farm laws have no direct link with Sikhi, but are raised in such a manner that one comes to believe as if these are fundamental issues of Sikh society.

Milieu in the Foucauldian sense is like a medium for a set of actions and their inherent affects in which they function. He defined milieu as "a certain number of combined, overall effects bearing on all who live in it. It is an element in which a circular link is produced between effects and causes, since an effect from one point of view will be a cause from another."[24] One can understand it as a middle point or as connecting point where the nature in physical sense as climatic, geographical meet with the nature of so-called human species. In this exercise a certain kind of relation emerges where nature in the physical sense becomes the body and nature of human species becomes a soul kind of thing. Here milieu becomes the determining factor for the process of governmentalization.

The governing rationality exercises power on this connecting point for the subjectification of the population. In other words, one can understand it as a connecting point of body and soul, where every change affects another. One takes physical and another takes moral existence, in our case, Punjab takes physical existence as bio-region (which has always been projected as the holy land of Sikhs) and Punjabiat takes moral existence. The conductive force of Punjab uses this connecting point through Sikh institutions. The political spaces constructed around Sri Harimander Sahib after the Guru period could be analyzed through this point. These spaces are not only the evidence of construction of milieus, but also are the acts which can be defined as history's intervention in the space of revelation. The conductive force always circumscribes a space where the mechanisms of it can work without any bondage. In the context of Akal Takht, it provides mechanisms of disciplinary form of power and because disciplines are always centripetal, so the conductive force makes it the center of political actions.

The Sikh society has come to receive not only Akal Takht, but other institutions, symbols, and even the 'Guru Image' through history. The reason behind this tendency is this culture's fascination with history (history in juridico-discursive terms). In fact, it's ideal perception of Punjab and Punjabiat are formed through its narratives in history. In its constructed perception about Sikh and Sikhi, history plays a crucial role. One must rethink here about the meaning of religion and a movement, because religion is a-historical (that is, beyond the realm of time and space) construction, but a movement is historically and socially contingent. For the cultural groups of Punjab, Sikhi is a historical construction and a movement, and thereby essentially contingent. The conductive force in order to define Sikh society in political terms portrays Maharaja Ranjit Singh's *Raj* as an ideal land (Punjab's legal space) which represents their nature in physical sense and Punjabi culture's bio-logical features as its essential nature. 'Punjabiat' is not only cultural rationality's idea of civilization or of ideal civilizational form, but also a demand of an ethics which in fact emerges in the form of moral demand of certain qualitative principles within this culture.

The problem with this cultural being is that it's very being is in crisis, it is not a spiritual or an identity crisis, it is a different kind of crisis which emerges because this being refuses to confront universal questions (Philosophical), its actions and behavior represent an incomplete form of self which always feels threatened by civilizational institutions, and choose the tactics of appropriation of the universal in its own particularity thereby substituting what is its own residual self on to the universal. The hijacking of Sikh symbols and spaces are examples of these acts which is not limited to Sikhi, in some sense it is also hijacking this culture's genuine quest for self-liberation and of ideal principles i.e., of Punjabiat. One can understand why the analysis of this conductive force demands serious efforts, for example, to be aware about its art of government, and to use a form of action like a genuine confrontation which I think is needed against its tactics and forms of governmentalization, in order to sympathetically cure this cultural force. The unmasking of this conductive force is in the benefit of all. One can understand that its acts like governing the relational aspect of Sikh devotees and modes of thinking regarding Akal Takht have their roots in its desire to use universals. In its art of using universals, it uses universal (Sikhi) because of its universality and portrays it as a particular (regional based force) to delimit it within its boundary and also projects its particular (Punjabi) as universal (Sikh) to acquire the universal status. The process of opening one's self to the theoretical underpinnings and engaging philosophically with the *Miri* of Akal Takht offers us new ways to relate with the world, this engagement through its 'ways of being' and 'practices of self' can cure the crisis of this cultural being. The point that needs to be understood and reflected upon is that, rather than worrying about social practicality of Akal Takht Sahib like which active force can do better for it etc., how do we rethink Sri Akal Takht Sahib as a universal. The most important task would be to rethink and re-imagine the universal status of Akal Takht's sovereignty.

Notes and References

1. Here, I am using this term 'genealogy' in Foucauldian sense where it is used to present a methodological design of 'history of knowledge' to show how our understanding of 'present' is intervened by layered historical constructions. How 'history of the present' is history of the Social as well. This idea allows us to differentiate between the conceptual form and its socially (in this essay, I also use the term 'culture/culturally') appropriated form(s), which in turn reflexively start to influence any possible understanding of the universal/conceptual term. Using this approach, I want to investigate how the socio-cultural practicability of *Miri* has been appropriated in history.
2. I am using this term 'Conductive force' in Foucauldian sense where it is used as a form of power force which represents the productive aspect of power. For Foucault power is productive phenomenon which uses various knowledge formation practices for the conduction of population.
3. For such philosophical and theoretical understandings, see Kapur Singh's "Four High Seats of Sikh Authority: A Debate" in *Me Judice*, 2003, Jasbir Singh Ahluwalia's "Sri Akal Takht (The Doctrinal and Historical Aspect)" in *The Sovereignty of the Sikh Doctrine: Sikhism in the Pesspective of Mordern Thought*, 2006, "Miri-Piri da Sidhant" in *Sikh Falsafe di Bhumika*, 2017 and Gurbhagat Singh's "Akal Takht ate Ajoka Vishav Chintan" in *Ekeevi Sadi Ch Sikhan Layi Chunotiyaa* (ed. Harchand Singh Bedi), 2001.
4. Scholars like Gurbhagat Singh, Arvind-Pal Singh Mandair, J.P.S. Oberoi, Bhupinder Singh Bhogal and Rajbir Singh Judge have made significant contributions to elaborate the Miri aspect of Sri Akal Takht. Amandeep Singh's recent book *Akal Takht: Revisiting Miri in Political Imagination,* 2018 explores the possible dimensions of Miri, and invites us to ask, why is it that Sikh imagination has so far not been able to theoretically explore the sovereignty of Sri Akal Takht.
5. Here I am referring towards the sets of assumptions which exist as prevalent belief and generate this general perception about Akal Takht. These assumptions are construction of the cultural force, one can find these in most of the writings on Akal Takht, like Sukhdial Singh's *Sri Akal Takht Sahib: Itihasak Vishleshan* (please see his chapter titled *Miri Piri da Sidhant* page no. 170), Roop Singh's (editor) *Sikh Sankalp Sidhant te Sansthava* in which articles of Jasbir Singh (*Miri-Piri di Parmpara* page no.147) Jaspal Singh (*Akal Takht: Staphna, Mantav ate Itihasik Mahatav* page no.611) and of Harpal Singh's *Sri Akal Takht Sahib Sadivi Sarthakta ate Samkali Prasangikta*, page no. 620.
6. Here I am using the term 'population' in Foucauldian sense where it is used as a conceptual term which signify institutionally governed

sociality which does not question its normative practices. Please see the second lecture in Foucault's *Security, Territory, Population: Lectures at the College De France 1977-1978*.

7. By objective reality I mean the thing as it is, like the natural state of being, but on other hand perception is not only a specific way to understand things, but also an act of identification to understand or interpret the given thing with some subjective interests. One can raise doubt over my position about objective reality. Maybe the idea of objective reality is also a form of perception, because perception of something never exists under the same name, it exists as 'truth of reality', maybe this whole idea of objective reality is a product of some subjective interests to gain universal status for its constructed perception. Maybe the ideas like the objective reality and the natural state of being are also constructions of power forces.
8. Michel Foucault, *Security, Territory, Population: Lectures at the College De France 1977-1978*, ed. Michel Senellart, trans. Graham Burchell (New York: Palgrave MacMillan, 2007), p. 192.
9. Foucault, "The Subject and Power" in *Power: Essential Works of Michel Foucault, 1954-1984*, ed. James D. Faubion (New York: The New Press, 2000), p. 341.
10. Foucault, *Security, Territory, Population*, p. 193.
11. Foucault, *Power: Essential Works of Michel Foucault, 1954-1984*, p. 341.
12. *Ibid.*, p. 332.
13. *Ibid.*
14. Foucault, *Security, Territory, Population*.
15. By active force, I mean a localized form of power which can also be understood as a political form of power. This force is not capable for the conduction of population. It represents the negative and positive aspects of power.
16. Here, I do want to clarify that these forces do not represent the 'true' spirit of Sikhi and have appropriated 'Naam Simran" and 'Shabd' in such a way that its (Naam and Shabd's) invocation to 'Being' and 'practices of self', which can potentially radically transform and help one evolve from 'ego-directed' self (Manmukh) to the liberated state of one who has acquired his 'true self' (Gurmukh), are subjugated to their fantastical versions of Naam and Shabd and invoke being in such a way that it is satisfied with fantasies provided by these forces.
17. Foucault, *Discipline and Punish: The Birth of the Prison*, trans. Alan Sheridan (New York: Vintage, 1979), p. 194.
18. Foucault, *The History of Sexuality: Vol. 1, The Will to Knowledge*, trans. Robert Hurley (New York: Vintage, 1978), p. 88.
19. Referring genealogical aspects in Foucauldian sense, please read "Nietzsche, Genealogy, History" in *Language, Counter-Memory, Practice:*

Selected Essays and Interviews (Ithaca, NY: Cornell University Press, 1980) pp. 139-164.

20. Gurbhagat Singh, *Kaumi Azadi Wal* (Sangrur: Navdeep Parkashan, 1993), (Punjabi to English translation is mine).
21. Gurbhagat Singh, "Punjabiyat ate Punjabi Sahit: Mansikta ate Vivhar", *Kaav Shastar*, vol 13, p. 81.
22. *Ibid.*
23. *Ibid.*, p. 83.
24. Foucault, *Security, Territory, Population*, p. 21.

12

ਨਵਾਂ ਤਖ਼ਤ

ਕਪੂਰ ਸਿੰਘ

ਅੱਜ ਕੱਲ ਅਖ਼ਬਾਰਾਂ ਵਿਚ ਚਰਚਾ ਚੱਲੀ ਹੋਈ ਹੈ ਕਿ ਪੰਥ ਨੂੰ ਗੁਰੂ ਕੀ ਕਾਸ਼ੀ, ਦਮਦਮਾ ਸਾਹਿਬ ਨੂੰ ਪੰਜਵਾਂ ਤਖ਼ਤ ਸਵੀਕਾਰ ਕਰ ਲੈਣਾ ਚਾਹੀਏ। ਜੇ ਮੇਰੀ ਸਿਮ੍ਰਤੀ ਠੀਕ ਹੈ ਤਾਂ ਤੀਹ-ਪੈਂਤੀ ਸਾਲ ਹੋਏ, ਇਹ ਮੰਗ ਪਹਿਲੋਂ-ਪਹਿਲ ਕੀਤੀ ਗਈ ਸੀ। ਜਿਥੋਂ ਤਕ, ਇਨ੍ਹਾਂ ਸਤਰਾਂ ਦਾ ਲਿਖਾਰੀ, ਸਮਝ ਸਕਿਆ ਹੈ, ਇਸ ਮੰਗ ਦੀ ਯੁਕਤੀ ਹੋਰ ਹੈ ਤੇ ਭਾਵਨਾ ਹੋਰ। ਯੁਕਤੀ ਤਾਂ ਇਹ ਹੈ ਕਿ 'ਪੰਜ' ਅੰਕ ਗੁਰਮਤਿ ਦਾ ਵਿਧਾਨ ਹੈ ਅਤੇ ਗੁਰ-ਮਰਯਾਦਾ ਵਿਚ ਪਰਵਾਨ ਹੈ, ਜਿਹਾ ਕਿ "ਪੰਚ ਪਰਵਾਣ ਪੰਚ ਪਰਧਾਨੁ" ਜਪੁ ਜੀ ਵਿਚ ਨਿਰਣਯ ਹੋਇਆ ਹੈ ਅਤੇ ਗੁਰ ਪ੍ਰਤਾਪ ਸੂਰਯ ਗ੍ਰੰਥ ਵਿਚ ਵਿਆਖਿਆ ਹੋਇਆ ਹੈ:

ਗੁਰ ਘਰ ਕੀ ਮਰਯਾਦਾ ਪੰਚਹੁੰ, ਪੰਚਹੁੰ ਪਾਹੁਲ ਪੂਰਬ ਪੀਨ।
ਹੁਇ ਤਨਖਾਹੀ ਬਖ਼ਸ਼ਹਿੰ ਪੰਚਹੁੰ, ਪਾਹੁਲ ਦੇ ਮਿਲ ਪੰਚ ਪ੍ਰਬੀਨ।
ਲਖਹੁ ਪੰਚ ਕੀ ਬਡ ਬਡਿਆਈ, ਪੰਚ ਕਰਹਿੰ ਸੋ ਨਿਫਲ ਨ ਚੀਨ।

ਇਸ ਪਦ ਦੀ ਅੰਤਲੀ ਤੁਕ ਵਿਚ "ਪੰਚ ਕਰਹਿੰ" ਸ਼ਬਦ ਹੀ ਇਸ ਪੰਚ-ਸਿਧਾਂਤ ਦੀ ਕੁੰਜੀ ਹੈ, ਜੋ ਸੰਕੇਤ ਕਰਦਾ ਹੈ ਕਿ ਗੁਰ ਮਰਯਾਦਾ ਅਨੁਸਾਰ ਇਹ ਸਿਧਾਂਤ, 'ਪੰਚ' ਦਾ, ਕਾਰਯ-ਕਰਣ ਅਥਵਾ ਕਾਰਨ ਕਰਨ ਦੇ ਮੰਡਲ ਵਿਚ ਹੀ ਵਿਹਤ ਹੈ। ਇਹ ਸਿਧਾਂਤ ਜਨ ਮੰਡਲ ਦਾ ਹੈ, ਸਥਾਨ ਮੰਡਲ ਦਾ ਨਹੀਂ। ਇਹ 'ਪੰਚ' ਦਾ ਸਿਧਾਂਤ, ਜੋ ਗੁਰਮਤਿ ਵਿਚ ਸਵੀਕਾਰ ਤੇ ਪ੍ਰਮਾਣੀਕ ਹੈ, ਅਸਾਡੇ ਭਾਰਤ ਦੇਸ਼ ਅਤੇ ਆਰਯ ਜਾਤੀ ਦਾ ਬੜਾ ਪ੍ਰਾਚੀਨ ਤੇ ਗੌਰਵ-ਮਈ ਸਿਧਾਂਤ ਹੈ, ਜਿਸ ਦੀਆਂ ਜੜ੍ਹਾਂ ਕਿ ਵੇਦਾਂ ਵਿਚ ਵਿਦਤ ਹਨ। ਅਥਰਵ ਵੇਦ ਵਿਚ[1] 'ਪੰਚ' ਸ਼ਬਦ ਸਰਵਜਨ ਪ੍ਰੀਸ਼ਦ ਦੇ ਅਰਥਾਂ ਵਿਚ ਆਇਆ ਹੈ। ਇਹੋ ਖ਼ਿਆਲ ਦੀ ਲੜੀ ਤੇ ਸਿਧਾਂਤ ਹੈ, ਜਿਸ ਨੂੰ ਕਿ ਗੁਰੂਆਂ ਦੇ ਵਿਸ਼ਵ-ਕਲਿਆਣਕਾਰੀ ਉਪਦੇਸ਼ਾਂ ਨੇ ਪੂਰਨ ਜੀਵਤ ਕਰ ਕੇ ਉਸ ਉੱਤੇ ਗਣਤੰਤਰ ਸਾਮਵਾਦੀ ਸਮਾਜ ਦੀ ਨੀਂਹ ਰੱਖੀ ਹੈ। ਇਹ ਗੂੜ੍ਹ ਭਾਵ ਹੀ, "ਪੰਚ ਪਰਵਾਣ ਪੰਚ ਪਰਧਾਨੁ" ਦੇ ਮਹਾਂਵਾਕ ਦਾ ਪ੍ਰਮਾਣੀਕ ਭਾਵ ਸਮਝਣਾ ਚਾਹੀਏ, ਜਿਸ ਦਾ ਕਿ ਮੂਰਤੀਮਾਨ ਸਪੱਸ਼ਟ ਰੂਪ ਪੰਜ ਪਿਆਰਿਆਂ ਦੀ ਪਰਪਾਟੀ, ਖ਼ਾਲਸਾ ਪੰਥ ਵਿਚ ਹੈ, ਜਿਸ ਬਾਬਤ ਕਿ ਭਾਈ ਸੰਤੋਖ ਸਿੰਘ ਦੇ ਕਥਨਾਨੁਸਾਰ ਦਸਮ ਪਾਤਸ਼ਾਹ ਨੇ ਬਚਨ ਕੀਤੇ ਹਨ:

ਪੰਚਨ ਮੇਂ ਨਿਤ ਬਰਤਤ ਹੌਂ ਮੈਂ, ਪੰਚ ਮਿਲੇਂ ਵਹਿ ਪੀਰਨ ਪੀਰ।[2]

ਇਹ 'ਪੰਚ', ਸਰਵਜਨ ਪ੍ਰੀਸ਼ਦ ਦੇ ਨੁਮਾਇੰਦੇ ਹੀ ਅਨੁਮਾਨਣੇ ਯੋਗ ਹਨ ਤੇ ਇਹ 'ਪੰਚ ਦਿਸ਼ਾ' ਪੂਰਬ, ਪੱਛਮ, ਉੱਤਰ ਤੇ ਦੱਖਣ ਚਾਰ ਦਿਸ਼ਾ ਅਤੇ ਪੰਜਵੀਂ ਦਿਸ਼ਾ ਸਰਬਾਸ਼ਰ

ਵਾਹਿਗੁਰੂ ਅਕਾਲ ਪੁਰਖ ਉੱਤੇ ਆਧਾਰਤ ਧਰਮ-ਸ਼ਰਧਾ ਵਾਲੇ ਸਰਵਜਨ ਹੀ ਗੁਰਮਤਿ ਵਿਚ ਪ੍ਰਵਾਨ ਤੇ ਪ੍ਰਧਾਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਹੈ:

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥

(ਵਾਰ ਰਾਇ ਬਲਵੰਡਿ, ਪੰਨਾ 968)

ਇਸ ਦਾ ਗੌਹਯ ਭਾਵ ਇਹੋ ਹੈ ਕਿ ਸਰਬ ਮਾਨਵ ਜਾਤੀ ਸੰਸਾਰ ਇਤਿਹਾਸ, ਚਹੁੰ ਜੁਗਾਂ ਵਿਚ ਪਰਗਟ ਹੋਈ ਤੇ ਹੋਣ ਵਾਲੀ, ਉਸ ਸਮੇਂ ਪ੍ਰਵਾਨ ਤੇ ਪ੍ਰਧਾਨ ਹੈ ਜਦੋਂ ਉਹ ਅੰਤਰ-ਆਤਮੇ 'ਪੰਚਾਇਣ' ਸਰਵਾਂਗਾਧਾਰ ਪੰਚਮਾਂਗ, ਵਾਹਿਗੁਰੂ ਅਕਾਲ ਪੁਰਖ ਉੱਤੇ ਆਧਾਰਤ ਤੇ ਨਿਸਚਿਤ ਹੈ। ਇਹੋ ਭਾਵਾਰਥ ਉਪਰੋਕਤ ਵੇਦ ਵਾਕ 'ਪ੍ਰਦਿਸ਼ਾ ਪੰਚ ਦੇਵੀਹ" ਦਾ ਸਮਝਣਾ ਚਾਹੀਏ।

ਇਉਂ ਵਿਚਾਰਿਆਂ ਸਿੱਧ ਹੋਇਆ ਕਿ (1) 'ਪੰਚ ਪਰਵਾਣ ਪੰਚ ਪਰਧਾਨੁ' ਦਾ ਸਿਧਾਂਤ ਸਾਡੇ ਦੇਸ਼ ਅਤੇ ਸਾਡੀ ਜਾਤੀ ਦਾ ਬੜਾ ਪੁਰਾਣਾ ਅਤੇ ਸਨਾਤਨ ਸਿਧਾਂਤ ਹੈ; ਅਤੇ (2) ਇਹ ਸਿਧਾਂਤ ਜਨਸਮੁਦਾਯ ਉੱਤੇ ਅਤੇ ਕਾਰਯਕਰਨ, ਕਾਰਨ ਕਰਨ ਦੇ ਖੇਤਰ ਉੱਤੇ ਵੀ ਹਾਵੀ ਹੈ ਅਤੇ ਇਹੋ ਗੁਰ-ਮਰਯਾਦਾ ਹੈ।

ਇਸ ਸਿਧਾਂਤ ਨੂੰ ਵਿਅਕਤੀ-ਖੇਤਰ ਤੋਂ ਵਧਾ ਕੇ ਸਥਾਨ-ਖੇਤਰ ਉੱਤੇ ਹਾਵੀ ਕਰਨ ਦਾ ਪ੍ਰਯਤਨ ਕਰਨਾ ਇਕ ਭੁੱਲ ਹੈ ਜੋ ਕਿ ਅਗਿਆਨ ਆਸ਼ਿਤ ਹੈ।

ਪੰਜਵੇਂ ਤਖ਼ਤ ਨੂੰ ਨਿਰਮਤ ਅਤੇ ਸਵੀਕਾਰ ਕਰਨ ਕਾਰਣ ਦੀ ਮੰਗ ਦਾ ਸਿਧਾਂਤਕ ਆਧਾਰ ਇਹ ਭੁੱਲ ਹੀ ਹੈ।

ਇਸ ਮੰਗ ਦੀ ਭਾਵਨਾ (motive) ਕੀ ਹੈ? ਸੱਚੀ ਗੱਲ ਤਾਂ ਇਹੋ ਹੈ ਕਿ ਇਸ ਮੰਗ ਪਿੱਛੇ ਜੋ ਭਾਵਨਾ ਉਤਸ਼ਾਹਕ ਹੈ, ਉਹ ਇਉਂ ਹੈ ਕਿ ਮਾਝੇ ਵਿਚ ਅਕਾਲ ਤਖ਼ਤ ਹੈ ਅਤੇ ਦੁਆਬੇ ਵਿਚ ਤਖ਼ਤ ਸ੍ਰੀ ਕੇਸਗੜ੍ਹ, ਜਿਨ੍ਹਾਂ ਤਖ਼ਤਾਂ ਉੱਤੇ ਕਿ ਪ੍ਰਭਾਵ ਇਨ੍ਹਾਂ ਇਲਾਕਿਆਂ ਦਾ ਹੀ ਪ੍ਰਬਲ ਹੈ ਅਤੇ ਇਹ ਮਾਲਵੇ ਨਾਲ ਅਨਿਆਂ ਹੈ। ਇਸ ਲਈ ਇਕ ਤਖ਼ਤ ਮਾਲਵੇ ਵਿਚ ਹੀ ਹੋਣਾ ਚਾਹੀਏ।

ਇਉਂ ਨਿਰੀਖਣ ਕੀਤੀਆਂ ਇਸ ਪੰਜਵੇਂ ਤਖ਼ਤ ਦੀ ਮੰਗ ਦੀ ਅਸਲ ਤੇ ਭਯੰਕਰ ਰੂਪ-ਰੇਖਾ ਉੱਘੜ ਆਉਂਦੀ ਹੈ, ਜਿਸ ਦੇ ਪੰਥ ਅਤੇ ਮਨੁੱਖ ਜਾਤੀ ਲਈ ਸਰਵੋਦਯ ਉੱਥਾਨ ਦਾ ਸੁਪਨਾ ਲੈ ਕੇ ਖ਼ਾਲਸਾ ਪੰਥ ਵਜੂਦ ਵਿਚ ਆਇਆ ਹੈ, ਹਾਨੀਕਾਰਕ ਪਰਿਣਾਮ ਦਰਸਾਉਣ ਲਈ ਕਿਸੇ ਉਕਤੀ-ਯੁਕਤੀ ਦੀ ਲੋੜ ਨਹੀਂ।

ਸਿੱਖ ਪੰਥ ਵਿਚ ਚਾਰ ਤਖ਼ਤ ਕਿਉਂ 'ਪਰਵਾਣ' ਹਨ ਅਤੇ 'ਤਖ਼ਤ' ਦਾ ਤਾਤਪਰਜ ਕੀ ਹੈ?

'ਤਖ਼ਤ' ਦਾ ਅਰਥ ਹੈ, ਰਾਜ-ਸਿੰਘਾਸਨ, ਜਿਥੋਂ ਰਾਜ ਸ਼ਾਸਨ ਪ੍ਰਸਾਰ ਤੇ ਨਿਰਮਤ ਕੀਤਾ ਜਾਵੇ, ਤੇ ਇਨ੍ਹਾਂ ਅਰਥਾਂ ਵਿਚ ਹੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਹੈ:

ਤਖਤਿ ਬਹੈ ਤਖਤੈ ਕੀ ਲਾਇਕ ॥

(ਮਾਰੂ ਸੋਹਲੇ, ਪੰਨਾ 1039)

ਪੰਥ ਦਾ ਪਹਿਲਾ ਤਖ਼ਤ, ਸ੍ਰੀ ਅਕਾਲ ਤਖ਼ਤ, ਗੁਰੂ ਹਰਿਗੋਬਿੰਦ ਸਾਹਿਬ ਨੇ ਓਦੋਂ ਬੱਧਾ ਜਦੋਂ ਗੁਰੂ ਨੇ ਮੀਰੀ ਅਥਵਾ ਰਾਜਸੀ ਸ਼ਕਤੀ ਦੀ ਤਲਵਾਰ ਗਾਤਰੇ ਵਿਚ ਪਾਈ

ਅਤੇ ਇਉਂ 'ਛਠਮ ਪੀਰ ਬੈਠਾ ਗੁਰ ਭਾਰੀ।' ਦਸਮੇ ਪਾਤਸ਼ਾਹ ਤੋਂ ਪਿੱਛੋਂ, ਜਦੋਂ ਗੁਰੂ ਪੰਥ ਸ੍ਵੈਭੂ ਪ੍ਰਭੂ ਰਾਜ-ਸੱਤਾ (*sui generis* sovereignty) ਦਾ ਵਾਰਸ ਬਣਿਆ ਤਾਂ ਇਸ ਰਾਜ-ਸੱਤਾ ਦੇ ਚਾਰ ਕੇਂਦਰ ਪ੍ਰਮਾਣੀਕ ਮਿਥੇ ਗਏ ਅਤੇ ਪ੍ਰਵਾਣ ਚਲੇ ਆਉਂਦੇ ਹਨ: ਅਕਾਲ ਤਖ਼ਤ ਅੰਮ੍ਰਿਤਸਰ, ਕੇਸਗੜ੍ਹ ਅਨੰਦਪੁਰ, ਤਖ਼ਤ ਜਨਮ-ਅਸਥਾਨ ਪਟਨਾ ਤੇ ਤਖ਼ਤ ਹਜ਼ੂਰ ਸਾਹਿਬ, ਨਾਦੇੜ। ਇਹ 'ਚਾਰ' ਅੰਕ ਚੌਹਾਂ ਭੂਗੋਲਕ ਦਿਸ਼ਾ ਦਾ ਲਖਾਇਕ ਹੈ ਅਤੇ 'ਪੰਚ' ਜਨ ਸਕਤੀਆਂ ਨਾਲ ਇਸ ਦਾ ਕੋਈ ਸਿੱਧਾ ਸੰਬੰਧ ਨਹੀਂ, ਜਿਸ ਦੀ ਸੂਚਕ ਕਿ ਪੰਜ ਪਿਆਰਿਆਂ ਦੀ ਪ੍ਰਣਾਲੀ, ਪੰਥ ਵਿਚ ਹੈ। ਕਿਉਂ ਜੋ ਪੰਥ ਦਾ ਮੁੱਢਲਾ ਨਿਸ਼ਾਨਾ ਭਾਰਤ ਦੇਸ਼ ਅਤੇ ਭਾਰਤੀ ਸਮਾਜ ਨੂੰ ਖ਼ਾਲਸਾ ਆਦਰਸ਼ ਦੁਆਰਾ ਪੁਨਰ ਜੀਵਤ ਕਰਨਾ ਸੀ, ਤਾਂ ਜੁ ਇਸ ਦੁਆਰਾ ਵਿਸ਼ਵ ਕਲਿਆਣ ਦੀ ਨੀਂਹ ਬੱਝ ਸਕੇ, ਇਸ ਕਾਰਣ ਇਹ ਚਾਰ ਤਖ਼ਤ ਪਰਵਾਣ ਹੋਏ, ਜਿਨ੍ਹਾਂ ਦੇ ਰਾਜਸੀ ਪ੍ਰਭਾਵ ਦਾ ਭੂਗੋਲਕ ਖੇਤਰ ਇਸ ਤਰ੍ਹਾਂ ਹੈ: ਅਕਾਲ ਤਖ਼ਤ ਦਾ ਖੇਤਰ ਪੰਜਾਬ, ਪੱਛਮੀ ਪਾਕਿਸਤਾਨ, ਹਿੰਦੂਕੁਸ਼ ਤੇ ਇਸ ਤੋਂ ਪਾਰ ਮੱਧਯ-ਏਸ਼ੀਆ ਤਕ, ਸਣੇ ਰਾਜਸਥਾਨ ਦੇ। ਕੇਸਗੜ੍ਹ ਤਖ਼ਤ ਦਾ ਪ੍ਰਭਾਵ ਖੇਤਰ, ਹਿਮਾਚਲ ਪ੍ਰਦੇਸ਼, ਟੀਹਰੀ, ਗੜ੍ਹਵਾਲ, ਨੇਪਾਲ, ਭੂਟਾਨ ਤੇ ਤਿਬਤ ਆਦਿ। ਤਖ਼ਤ ਪਟਨਾ ਦਾ ਖੇਤਰ, ਬੰਗਾਲ, ਆਸਾਮ, ਪੂਰਬੀ ਪਾਕਿਸਤਾਨ, ਮੱਧਮ-ਪ੍ਰਾਂਤ, ਮੱਧਯ-ਪ੍ਰਦੇਸ਼ ਅਤੇ ਵਿੰਦਿਯਾਚਲ ਦੇਸ਼। ਤਖ਼ਤ ਨਾਦੇੜ ਦਾ ਖੇਤਰ, ਦੱਖਣ ਦੇਸ਼ ਅਤੇ ਦੱਖਣ ਪੂਰਬੀ ਏਸ਼ੀਆ ਦੀਪ-ਦੀਪਾਂਤ੍ਰ।

ਇਹੋ ਵਿਚਾਰਧਾਰਾ ਹੈ ਜੋ ਕਿ ਚਹੁੰ ਤਖ਼ਤਾਂ ਦੀ ਪ੍ਰਮਾਣਿਕਤਾ ਦੇ ਪਿੱਛੇ ਕੰਮ ਕਰ ਰਹੀ ਹੈ। ਗੁਰੂ ਅਮਰਦਾਸ ਜੀ ਨੇ ਜਦੋਂ ਬਾਈ ਮੰਜੀਆਂ ਸਥਾਪਤ ਕੀਤੀਆਂ ਸਨ ਤਾਂ ਉਸ ਵੇਲੇ ਦੇ ਮੁਗਲ ਰਾਜ ਦੇ ਬਾਈ ਪ੍ਰਾਂਤ ਅਤੇ ਉਨ੍ਹਾਂ ਬਾਈ ਪ੍ਰਾਂਤਾਂ ਦੇ ਬਾਈ ਰਾਜਪਾਲਾਂ ਦੀ ਗਿਣਤੀ ਨੂੰ ਹੀ ਮੁੱਖ ਰੱਖਿਆ ਸੀ :

ਦਵੈਵਿੰਸ਼ਤ ਦਿੱਲੀ ਉਮਰਾਇਵ।
ਤਿਤੇ ਸਿੱਖ ਮੰਜੀ ਸੁ ਬਠਾਇਵ।

ਇਹੋ ਵਿਆਖਿਆ ਚੂੜਾਮਣਿ ਕਵੀ, ਭਾਈ ਸੰਤੋਖ ਸਿੰਘ ਨੇ ਕੀਤੀ ਹੈ। ਇਹ ਵੀ ਪ੍ਰਾਚੀਨ ਭਾਰਤੀ ਵਿਚਾਰਧਾਰਾ ਹੈ ਕਿ ਜਦੋਂ ਕਿਸੇ ਮਤ ਸੰਪ੍ਰਦਾਯ ਦਾ ਕਰਮ-ਕਸ਼ੇਤਰ ਸਾਰਾ ਭਾਰਤ ਦੇਸ਼ ਹੋਵੇ ਤਾਂ ਉਸ ਮਤ ਸੰਪਰਦਾਯ ਦੇ ਚਾਰ ਹੀ ਕੇਂਦਰ ਸਥਾਪਤ ਕੀਤੇ ਜਾਂਦੇ ਹਨ, ਜਿਹਾ ਕਿ ਵੈਸ਼ਨਵ ਮਤ ਵਾਲਿਆਂ ਦੀਆਂ ਚਾਰ ਪੁਰੀਆਂ ਹਨ: ਜਗਨਨਾਥ ਪੁਰੀ, ਦੁਆਰਕਾ ਪੁਰੀ ਆਦਿ, ਜਿਸ ਬਾਬਤ ਕਿ ਗੁਰੂ ਗ੍ਰੰਥ ਸਾਹਿਬ ਵਿਚ ਸੰਕੇਤ ਹੈ :

ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥

(ਪ੍ਰਭਾਤੀ ਕਬੀਰ, ਪੰਨਾ 1349)

ਅਤੇ ਇਸ਼ਾਰਾ ਦੁਆਰਕਾ ਪੁਰੀ ਵੱਲ ਹੈ। ਇਵੇਂ ਹੀ :

ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ॥

(ਪ੍ਰਭਾਤੀ ਕਬੀਰ, ਪੰਨਾ 1349)

ਇਹ ਇਸ਼ਾਰਾ ਜਗਨਨਾਥ ਪੁਰੀ ਵੱਲ ਹੈ। ਇਸ ਤਰ੍ਹਾਂ ਸਨਾਤਨ ਬ੍ਰਾਹਮਣੀ ਮਤ ਦੇ ਚਾਰ ਧਾਮ ਹਨ : ਬਦਰੀਨਾਥ ਧਾਮ, ਰਾਮੇਸ਼੍ਵਰਮ ਧਾਮ, ਦ੍ਵਾਰਾਵਤੀ ਧਾਮ ਅਤੇ ਪਰਯਾਗ ਧਾਮ। ਚਾਰ ਰਾਜ ਤੀਰਥ ਹਿੰਦੂਆਂ ਦੇ ਪ੍ਰਸਿੱਧ ਤੇ ਪ੍ਰਮਾਣੀਕ ਹਨ : ਪਰਯਾਗ ਰਾਜ, ਕਟਾਸ

ਰਾਜ, ਪੁਸ਼ਕਰ ਰਾਜ ਆਦਿ। ਜਦੋਂ ਸ਼ੰਕਰਾਚਾਰਯ ਨੇ ਬ੍ਰਹਮਸੂਤਰਾਂ ਦੀ ਵਿਆਖਿਆ ਦਵੈਤਵਾਦ ਦੇ ਰੂਪ ਵਿਚ ਕੀਤੀ ਅਤੇ ਇਸ ਦਵੈਤਵਾਦ ਨੂੰ ਹੀ ਭਾਰਤ ਦਾ ਸਰਵਧਰਮ ਸੰਗਮ ਬਨਾਣਾ ਚਾਹਿਆ ਤਾਂ ਉਸ ਨੇ ਚਾਰ ਮੱਠਾਂ: ਸ਼੍ਰਿੰਗੇਰੀ ਮੱਠ, ਗਵਰਧਨ ਮੱਠ, ਦਵਾਰਕਾ ਮੱਠ ਅਤੇ ਬਦਰੀ ਮੱਠ ਦੀ ਸਥਾਪਨਾ ਕੀਤੀ। ਇਹ ਅਦਵੈਤਵਾਦ ਹੀ ਹੈ ਜਿਸ ਦਾ ਪ੍ਰਚਾਰ ਕਿ ਸਰਵ ਪ੍ਰਮਾਣੀਕ ਦਰਸ਼ਨ ਦ੍ਰਿਸ਼ਟੀ ਮੰਨ ਕੇ ਗੁਰੂ ਗ੍ਰੰਥ ਸਾਹਿਬ ਵਿਚ ਕੀਤਾ ਹੋਇਆ ਹੈ ਅਤੇ ਇਸੇ ਕਾਰਨ ਕੁਝ ਸਾਲ ਹੋਏ ਜਦੋਂ ਗਵਰਧਨ ਮੱਠ ਦਾ ਸੰਨਿਆਸੀ ਆਚਾਰਯ ਜਗਤ ਗੁਰੂ ਸ਼ੰਕਰਾਚਾਰਯ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨਾਂ ਨੂੰ ਆਇਆ ਸੀ ਤਾਂ ਉਸ ਨੇ ਗੁਰੂ ਗ੍ਰੰਥ ਸਾਹਿਬ ਨੂੰ ਅਸ਼ਟਾਂਗ ਪ੍ਰਣਾਮ ਕਰ ਕੇ ਸੰਸਕ੍ਰਿਤ ਵਿਚ ਅਰਦਾਸ ਕੀਤੀ ਸੀ ਕਿ "ਹੇ ਸਰਬਾਸ਼ਰ ਸ਼ਕਤੀ, ਮਹਾਨ ਸਿੱਖ ਗੁਰੂਆਂ ਦੇ ਉਪਦੇਸ਼ਾਂ ਦੁਆਰਾ ਪ੍ਰਚਾਰਿਆ ਹੋਇਆ ਅਦਵੈਤ ਧਰਮ ਸਰਵ ਵਿਸ਼ਵ ਲਈ ਕਲਿਆਣਕਾਰੀ ਹੋਵੇ।" ਇਨ੍ਹਾਂ ਸਤਰਾਂ ਦਾ ਲੇਖਕ ਇਸ ਸਮੇਂ ਆਪ ਮੌਜੂਦ ਸੀ। ਇਹੋ ਅਦਵੈਤਵਾਦ ਹੈ ਜਿਸ ਤੋਂ ਚਿੜ ਕੇ ਵੈਸ਼ਨਵ ਪਦਮ ਪੁਰਾਣ ਵਿਚ ਕਿਹਾ ਹੈ ਕਿ "ਅਦਵੈਤਵਾਦੰ ਅਸੱਛਾਸਤ੍ਰੰ ਪ੍ਰਛੱਨ ਬੌਧਮ," ਭਾਵ ਇਹ ਕਿ ਅਦਵੈਤਵਾਦ ਹਿੰਦੂ ਮਤ ਦੇ ਅਨੁਕੂਲ ਨਹੀਂ, ਇਹ ਤਾਂ ਬੁੱਧ ਮਤ ਦਾ ਲੁਕਵਾਂ ਰੂਪ ਹੈ।

ਇਨ੍ਹਾਂ ਵਿਚਾਰਾਂ ਦਾ ਸਿੱਟਾ ਇਹ ਨਹੀਂ ਨਿਕਲਦਾ ਕਿ ਚਾਰ ਤਖ਼ਤ ਹੀ ਜੁਗੋ ਜੁਗ ਪਰਵਾਣ ਹਨ। ਪੰਜਵਾਂ ਤਖ਼ਤ ਤੇ ਹੋਰ ਵਧੇਰੇ ਤਖ਼ਤ ਵੀ ਨਿਰਮਤ ਤੇ ਪਰਵਾਣ ਕੀਤੇ ਜਾ ਸਕਦੇ ਹਨ, ਪਰ ਉਸ ਸਮੇਂ ਜਦੋਂ ਕਿ ਸਿੱਖ ਪੰਥ ਤੇ ਖ਼ਾਲਸਾ ਰਾਜ ਦੀ ਸੀਮਾ ਵਿਸ਼ਾਲ ਭਾਰਤ ਦੀਆਂ ਭੂਗੋਲਕ ਹੱਦਾਂ ਤੋਂ ਅਗਾਂਹ ਟੱਪ ਕੇ ਵਿਦੇਸ਼ਾਂ ਵਿਚ ਫੈਲ ਜਾਵੇ, ਜੋ ਸਿੱਖ ਮਤ ਤੇ ਖ਼ਾਲਸਾ ਪੰਥ ਦਾ ਉਦੇਸ਼ ਹੈ। ਉਸ ਵੇਲੇ ਪੀਕਨ, ਨਿਊਯਾਰਕ, ਬਰਲਿਨ, ਮਾਸਕੋ ਆਦਿ ਨਗਰਾਂ ਦੇਸ਼ਾਂ ਵਿਚ ਨਵੇਂ ਤਖ਼ਤ ਬਣਨ ਤੇ ਪਰਵਾਨ ਹੋਣ ਦੀ ਸੰਭਾਵਨਾ ਹੋ ਸਕਦੀ ਹੈ, ਉਸ ਤੋਂ ਪਹਿਲੋਂ ਨਹੀਂ। ਸਿੱਖ ਮਤ ਦੀ ਅਜੋਕੀ ਗਤੀ, ਖ਼ਾਲਸਾ ਪੰਥ ਦੀ ਅੱਜ ਦੀ ਅਧੋਗਤੀ ਤੇ ਹੁਣ ਦੇ ਅੰਤਰਰਾਸ਼ਟ੍ਰੀ ਵਾਤਾਵਰਣ ਵਿਚ ਨਵੇਂ ਤੇ ਪੰਜਵੇਂ ਤਖ਼ਤ ਦੀ ਮੰਗ ਕਰਨਾ, ਹਾਸੋਹੀਣੀ ਗੱਲ ਹੀ ਨਹੀਂ, ਸਗੋਂ ਹਾਨੀਕਾਰਕ ਭੀ ਹੈ।

ਹਵਾਲੇ ਤੇ ਟਿੱਪਣੀਆਂ

1. तवा विशो वृणतां तवामिभा: प्रदिशा: पंच देवी:। ਅਥਰਵ, 3:4.2.
2. ਗੁਰ ਪ੍ਰਤਾਪ ਸੂਰਜ, 3:1.4. : 41.2.

13

ਮੀਰੀ-ਪੀਰੀ ਦਾ ਸਿਧਾਂਤ

ਜਸਬੀਰ ਸਿੰਘ ਆਹਲੂਵਾਲੀਆ

ਬਿਨ ਭਗਤਿ ਸਕਤਿ ਨਹੀਂ ਪਰਤ ਪਾਨ ॥

(ਗੁਰੂ ਗੋਬਿੰਦ ਸਿੰਘ, ਅਕਾਲ ਉਸਤਤ)

ਮੁਕਤਿ ਮਿਲਨ ਕੇ ਸਾਧਨ ਦੋਈ ॥
ਭਗਤਿ ਪ੍ਰਭੁ ਕੈ ਤੇਗ ਕਰੋਈ ॥

(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼)

ਮੀਰੀ-ਪੀਰੀ ਪਰੰਪਰਾ ਦੀ ਸਿੱਖ ਲਹਿਰ ਦੇ ਸਮੁੱਚੇ ਪ੍ਰਸੰਗ ਵਿਚ ਕੀ ਅਹਿਮੀਅਤ ਹੈ ? ਇਸ ਦਾ ਕੀ ਸਿਧਾਂਤਕ ਆਧਾਰ ਹੈ ? ਅਮਲੀ ਤੌਰ 'ਤੇ ਵਿਅਕਤੀ-ਜੀਵਨ ਅਤੇ ਸਮੂਹਿਕ-ਜੀਵਨ ਵਿਚ ਇਸ ਦੇ ਕੀ ਠੋਸ ਪ੍ਰਗਟ ਰੂਪ ਹਨ ? ਸਮਾਜਿਕ ਅਤੇ ਰਾਜਨੀਤਕ ਪੱਧਰਾਂ 'ਤੇ ਇਸ ਦੇ ਕੀ ਅਰਥ ਹਨ ? ਅੱਜ ਦੀ ਸਥਿਤੀ ਵਿਚ ਭਾਰਤੀ ਸਮਾਜ ਵਾਸਤੇ (ਤੇ ਸਿੱਖ ਸਮਾਜ ਲਈ ਖ਼ਾਸ ਕਰ) ਇਸ ਦੇ ਕੀ ਤਕਾਜ਼ੇ ਹਨ ? ਇਹ ਹਨ ਕੁਝ ਕੁ ਪ੍ਰਸ਼ਨ, ਜੋ ਇਸ ਵਿਸ਼ੇ ਦੇ ਘੇਰੇ ਵਿੱਚੋਂ ਉੱਠਦੇ ਹਨ।

ਮੀਰੀ-ਪੀਰੀ ਦਾ ਕੇਂਦਰੀ ਫ਼ਲਸਫ਼ਾ ਸਿੱਖ ਲਹਿਰ ਦੇ ਵਿਕਾਸ ਵਿਚ ਕਈ ਰੂਪਾਂ ਵਿਚ, ਕਈ ਸੰਕਲਪਾਂ ਰਾਹੀਂ ਉਜਾਗਰ ਹੋਇਆ ਹੈ: ਹਲਤ-ਪਲਤ (ਦੀਨ-ਦੁਨੀ); ਸ਼ਕਤੀ-ਭਗਤੀ; ਸ਼ਸਤਰ-ਸ਼ਾਸਤਰ; ਗ੍ਰੰਥ-ਪੰਥ; ਅੰਜਨ-ਨਿਰੰਜਨ; ਜੋਗ-ਭੋਗ; ਦੇਗ-ਤੇਗ ਆਦਿ।

ਮੀਰੀ-ਪੀਰੀ ਦੀ ਪਰੰਪਰਾ ਮਨੁੱਖੀ ਹੋਂਦ ਦੇ ਉਸ ਸਦੀਵੀ ਦ੍ਵੰਦ (dialectic) ਵੱਲ ਸੰਕੇਤ ਕਰਦੀ ਹੈ, ਜੋ ਕਦੇ ਹਲਤ-ਪਲਤ ਦੇ ਵਿਰੋਧ ਰਾਹੀਂ ਤੇ ਕਦੀ ਸ਼ਕਤੀ-ਭਗਤੀ ਦੇ ਤਨਾਓ ਦੇ ਰੂਪ ਵਿਚ ਹਮੇਸ਼ਾ ਪ੍ਰਗਟ ਹੁੰਦਾ ਰਿਹਾ ਹੈ। ਇਹਨਾਂ ਵਿਚ ਸਦੀਵੀ ਵਿਰੋਧ ਹੈ ਤੇ ਸਦੀਵੀ ਏਕਤਾ ਵੀ। ਇਹ ਵਿਰੋਧ ਇਸ ਕਿਸਮ ਦਾ ਹੈ ਕਿ ਇਕ ਧਿਰ ਦੇ ਖ਼ਾਤਮੇ ਨਾਲ ਦੂਸਰੀ ਧਿਰ ਵੀ ਸ੍ਵੈ-ਘਾਤਕ ਸਿੱਧ ਹੁੰਦੀ ਹੈ। ਇਹ ਏਕਤਾ ਅਜਿਹੀ ਹੈ, ਜੋ ਦੋਹਾਂ ਦੇ ਪਰਸਪਰ ਵਿਰੋਧ ਨਾਲ ਹੀ ਕਾਇਮ ਰਹਿੰਦੀ ਹੈ। ਭਗਤੀ ਨਾਲੋਂ ਟੁੱਟ ਕੇ ਸ਼ਕਤੀ ਦਿਸ਼ਾਹੀਣ ਹੋ ਜਾਂਦੀ ਹੈ, ਇਉਂ ਮਨੁੱਖ ਵਿਚ ਰਾਕਸ਼-ਬਿਰਤੀ ਤੇ ਸਮਾਜ ਵਿਚ ਤਾਨਾਸ਼ਾਹੀ ਜਨਮ ਲੈਂਦੀ ਹੈ। ਸ਼ਕਤੀ ਨਾਲੋਂ ਟੁੱਟ ਕੇ ਭਗਤੀ ਸ਼ੂਨਵਾਦੀ ਹੋ ਜਾਂਦੀ ਹੈ। ਸ਼ਕਤੀ ਨਾਲੋਂ ਵਿਯੋਗੀ ਭਗਤੀ ਆਪਣੀ ਬਚਾਓ ਆਪ ਕਰਨ ਦੇ ਸਮਰੱਥ ਵੀ ਨਹੀਂ ਰਹਿੰਦੀ। ਗੁਰੂ ਗੋਬਿੰਦ ਸਿੰਘ ਜੀ ਦੇ ਰਚੇ 'ਚੰਡੀ ਚਰਿਤ੍ਰ' ਤੇ 'ਚੰਡੀ ਦੀ ਵਾਰ' ਦਾ ਇਹੋ ਤੱਤ ਹੈ ਕਿ ਦੇਵਤਿਆਂ ਦੇ ਬਚਾਉਣ ਲਈ ਚੰਡੀ ਯਾਨੀ ਸ਼ਕਤੀ ਲੋੜੀਂਦੀ ਹੈ। ਜੇ ਪੀਰੀ ਮੀਰੀ 'ਤੇ ਹਾਵੀ ਹੋ ਜਾਵੇ (ਜਿਵੇਂ ਮੱਧਕਾਲ ਵਿਚ ਚਰਚ ਰਾਸ਼ਟਰ 'ਤੇ ਭਾਰੂ ਹੋ ਗਿਆ ਸੀ) ਤਾਂ ਸੈਕੂਲਰਤਾ ਦਾ ਆਧਾਰ ਹੀ ਖ਼ਤਰੇ ਵਿਚ ਪੈ ਜਾਂਦਾ ਹੈ। ਜੇ ਮੀਰੀ ਪੀਰੀ ਉੱਪਰ ਪ੍ਰਬਲ ਹੋ ਜਾਵੇ ਤਾਂ ਘੱਟ-ਗਿਣਤੀ

ਦੀਆਂ ਕੌਮਾਂ ਤੇ ਕੌਮੀਅਤਾਂ (ਮਜ਼੍ਹਬੀ ਅਕਲੀਅਤਾਂ) ਦੀ ਸ੍ਵੈ-ਤੰਤਰਤਾ (autonomy) ਭੰਗ ਹੋ ਜਾਂਦੀ ਹੈ। ਮੀਰੀ ਤੇ ਪੀਰੀ ਦਰਿਆ ਦੇ ਦੋ ਕੰਢਿਆਂ ਵਾਂਗ ਹਨ, ਜਿਨ੍ਹਾਂ ਵਿਚਕਾਰ ਜੀਵਨ-ਰੌ ਵਹਿੰਦੀ ਹੈ। ਇਹ ਜੀਵਨ-ਰੌ ਆਪਣੇ ਜਲੌ ਵਿਚ ਤਾਂ ਹੀ ਧੜਕਦੀ ਰਹਿ ਸਕਦੀ ਹੈ, ਜੇਕਰ ਦੋਹਾਂ ਕੰਢਿਆਂ ਵਿਚਕਾਰ ਏਕਤਾ ਵੀ ਹੋਵੇ ਤੇ ਭਿੰਨਤਾ ਅਥਵਾ ਦੂਰੀ ਵੀ। ਸਾਪੇਖਕ ਏਕਤਾ ਤੋਂ ਬਿਨਾਂ ਭਿੰਨਤਾ ਵਿਭਿੰਨਤਾ ਹੋ ਨਿਬੜਦੀ ਹੈ। ਸਿੱਟੇ ਵਜੋਂ ਦੋਹਾਂ ਕੰਢਿਆਂ ਵਿਚਕਾਰ ਏਨੀ ਦੂਰੀ ਵੱਧ ਜਾਂਦੀ ਹੈ, ਜਿਸ ਨਾਲ ਜੀਵਨ-ਰੌ ਖਿੰਡਰ ਜਾਂਦੀ ਹੈ, ਕਿਸੇ ਸੂਤ ਵਿਚ ਪ੍ਰੋਈ ਨਹੀਂ ਰਹਿੰਦੀ। ਸਮਾਜੀ ਸੰਗਠਨ ਟੁੱਟ ਜਾਂਦਾ ਹੈ। ਦੂਸਰੇ ਪਾਸੇ ਜੇਕਰ ਦੋਹਾਂ ਕੰਢਿਆਂ ਦੀ ਭਿੰਨਤਾ ਅਥਵਾ ਦੂਰੀ ਹੀ ਨਾ ਰਹੇ, ਦੋਵੇਂ ਕੰਢੇ ਇਕ ਹੋ ਜਾਵਣ ਤਾਂ ਵੀ ਜੀਵਨ-ਰੌ ਸੁੰਗੜ ਕੇ ਦਮ ਤੋੜ ਦਿੰਦੀ ਹੈ। ਸੋ ਦਰਿਆ ਰੂਪੀ ਜੀਵਨ-ਰੌ ਲਈ ਦੋਹਾਂ ਕੰਢਿਆਂ, ਯਾਨੀ ਮੀਰੀ ਤੇ ਪੀਰੀ ਦੀ ਸਾਪੇਖਕ ਭਿੰਨਤਾ ਲਾਜ਼ਮੀ ਹੈ। ਇਸ ਏਕਤਾ-ਭਿੰਨਤਾ ਦੇ ਆਧਾਰ 'ਤੇ ਦੋਹਾਂ ਦਾ ਇਕ ਨਵਾਂ ਸੰਤੁਲਨ ਸਿੱਖਮਤਿ ਨੇ ਰੂਪਮਾਨ ਕੀਤਾ ਹੈ। ਮੀਰੀ-ਪੀਰੀ ਦਾ ਇਹ ਸੁਮੇਲ ਤੇ ਸੰਤੁਲਨ ਸ੍ਰੀ ਅਕਾਲ ਤਖ਼ਤ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਰੂਪ ਵਿਚ ਦ੍ਰਿਸ਼ਟਮਾਨ ਹੈ। ਹਰਿਮੰਦਰ ਸਾਹਿਬ ਪੀਰੀ ਅਥਵਾ ਪਲਤਮੁਖੀ ਪ੍ਰਭੁਤਾ (spiritual sovereignty) ਦਾ ਪ੍ਰਤੀਕ ਹੈ ਤੇ ਇਸ ਤੋਂ ਅਡਰਾ, ਪਰ ਨਾਲ ਹੀ (ਅੰਤਰ ਸੰਬੰਧਿਤ) ਅਕਾਲ ਤਖ਼ਤ ਹੈ, ਜੋ ਮੀਰੀ ਯਾਨੀ ਹਲਤਮੁਖੀ ਪ੍ਰਭੁਤਾ (temporal sovereignty) ਦਾ ਚਿੰਨ੍ਹ ਹੈ। ਇਸੇ ਤਰ੍ਹਾਂ ਹੀ ਸਿੱਖਮਤਿ ਵਿਚ ਮਨੁੱਖ ਦੇ ਹਲਤਮੁਖੀ ਤੇ ਪਲਤਮੁਖੀ ਰਿਸ਼ਤਿਆਂ ਨੂੰ ਚਿਤਵਿਆ ਗਿਆ ਹੈ।

ਮੀਰੀ-ਪੀਰੀ ਦਾ ਸੰਕਲਪ ਜੀਵ ਪਰਮਾਤਮਾ ਅਤੇ ਵਿਅਕਤੀ ਸਮਾਜ ਦੇ ਆਪਸੀ ਰਿਸ਼ਤਿਆਂ ਦੇ ਇਕ ਨਵੇਂ ਤਸੱਵਰ ਵੱਲ ਸੰਕੇਤ ਕਰਦਾ ਹੈ, ਇਕ ਅਜਿਹਾ ਤਸੱਵਰ, ਜੋ ਕਿਸੇ ਵੀ ਹੋਰ ਮਜ਼੍ਹਬ ਦੇ ਪੇਸ਼ ਕੀਤੇ ਨਿਰਣੇ ਨਾਲੋਂ ਵੱਖਰਾ ਹੈ ਤੇ ਆਧੁਨਿਕ ਵੀ। ਸਿੱਖਮਤਿ ਅਨੁਸਾਰ ਮਨੁੱਖ, ਬਤੌਰ ਜੀਵ, ਪਰਮਾਤਮਾ ਦਾ ਅੰਸ਼ ਹੈ ਤੇ ਬਤੌਰ ਵਿਅਕਤੀ ਸਮਾਜ ਦਾ ਅਣੂ ਹੈ। ਮੀਰੀ ਤੇ ਪੀਰੀ ਮਨੁੱਖ ਦੇ ਇਹਨਾਂ ਦੋ ਪੱਖਾਂ ਦੇ ਪ੍ਰਤੀਕ ਹਨ। ਮੀਰੀ-ਪੀਰੀ ਦਾ ਸੁਮੇਲ ਅਥਵਾ ਮਨੁੱਖ ਦੇ ਇਹਨਾਂ ਦੋਹਾਂ ਪਹਿਲੂਆਂ ਦਾ ਸੰਤੁਲਨ ਉਸ ਨੂੰ ਨੈਤਿਕ ਪੱਧਰ 'ਤੇ ਚੌਥੇ ਪਦ ਦੀ ਅਜਿਹੀ ਅਵਸਥਾ ਵਿਚ ਪਹੁਚਾਉਂਦਾ ਹੈ, ਜਿਥੇ ਜੋਗੀਆਂ ਅੰਦਰ ਜੋਗੀ ਤੇ ਭੋਗੀਆਂ ਅੰਦਰ ਭੋਗੀ ਹੁੰਦਾ ਹੋਇਆ ਉਹ ਮਾਇਆ ਰੂਪੀ ਜਲ ਵਿਚ ਕਮਲ ਨਿਆਈ ਵਿਚਰਦਾ ਹੈ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥

(ਰਾਮਕਲੀ ਮ: ੧, ਪੰਨਾ 938)

ਗੁਰਬਾਣੀ ਵਿਚ ਪ੍ਰਾਕ੍ਰਿਤਕ ਅਵਸਥਾ ਦੇ ਤਿੰਨ ਗੁਣਾਂ (ਤਮ, ਰੱਜ, ਸੱਤ) ਤੋਂ ਉਤਾਂਹ ਉਠ ਕੇ ਚੌਥੇ ਪਦ ਦੀ ਪ੍ਰਾਪਤੀ 'ਤੇ ਬਹੁਤ ਬਲ ਦਿੱਤਾ ਗਿਆ ਹੈ:

ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥

(ਸਿਰੀਰਾਗੁ ਮ: ੩, ਪੰਨਾ 68)

ਇਹ ਤਿੰਨ ਗੁਣ ਮਨੁੱਖ ਦੀ ਉਸ ਸਥਿਤੀ ਵੱਲ ਸੰਕੇਤ ਕਰਦੇ ਹਨ, ਜਦੋਂ ਉਹ ਜੜ੍ਹ-ਪ੍ਰਕਿਰਤੀ ਦੀ ਹਾਲਤ ਵਿਚ ਹੀ ਹੁੰਦਾ ਹੈ, ਜਦੋਂ ਉਸ ਦਾ ਨੈਤਿਕ-ਆਤਮਿਕ ਵਿਕਾਸ ਆਰੰਭ ਨਹੀਂ ਹੋਇਆ ਹੁੰਦਾ। ਤਮ ਗੁਣ ਸਥਿਲਤਾ (inertia) ਦਾ ਪ੍ਰਤੀਕ ਹੈ। ਰੱਜ ਗੁਣ ਬਲ, ਤੇਜ਼ ਅਥਵਾ ਸ਼ਕਤੀ ਦਾ ਚਿੰਨ੍ਹ ਹੈ। ਸੱਤ ਗੁਣ ਪ੍ਰਕਾਸ਼, ਗਿਆਨ, ਚੇਤਨਾ ਵੱਲ ਸੰਕੇਤ ਕਰਦਾ ਹੈ, ਜੋ ਪੀਰੀ ਦੇ ਲੱਛਣ ਹਨ। ਸਾਂਖ ਫ਼ਲਸਫ਼ੇ ਅਨੁਸਾਰ ਵਿਕਾਸ ਤੋਂ ਪਹਿਲੋਂ ਦੀ ਹਾਲਤ ਵਿਚ ਇਹ ਵਿਰੋਧੀ ਗੁਣ ਨਿਹਚਲ ਅਵਸਥਾ ਵਿਚ ਵਿਚਰਦੇ ਹਨ। ਜਦੋਂ ਪ੍ਰਕਿਰਤੀ ਪੁਰਸ਼ ਦੇ ਸੰਪਰਕ ਵਿਚ ਆਉਂਦੀ ਹੈ ਤਾਂ ਮੁੱਢਲੀ ਨਿਹਚਲ ਅਵਸਥਾ ਭੰਗ ਹੋ ਜਾਂਦੀ ਹੈ ਤੇ ਇਹ ਗੁਣ ਸੰਭਾਵਨਾ-ਰੂਪ ਤੋਂ ਠੋਸ-ਰੂਪ ਵਿਚ ਪ੍ਰਗਟ ਹੁੰਦੇ ਹਨ। ਪਰ ਇਸ ਪ੍ਰਕਿਰਿਆ ਵਿਚ ਇਹਨਾਂ ਗੁਣਾਂ ਦੀ ਸੰਤੁਲਨਾਤਮਕ ਏਕਤਾ ਕਾਇਮ ਨਹੀਂ ਰਹਿੰਦੀ, ਇਕ ਜਾਂ ਦੂਸਰਾ ਗੁਣ ਹੋਰਨਾਂ 'ਤੇ ਹਾਵੀ ਹੋ ਜਾਂਦਾ ਹੈ। ਜਦੋਂ ਮਨੁੱਖ ਇਸ ਤ੍ਰੈ-ਗੁਣੀ ਅਵਸਥਾ ਵਿਚ ਰਹਿੰਦਾ ਹੈ, ਉਹ ਇਕ ਜਾਂ ਦੂਸਰੇ ਗੁਣ ਦੀ ਪ੍ਰਬਲਤਾ ਦੇ ਅਧੀਨ ਰਹਿੰਦਾ ਹੈ। ਗੁਰਬਾਣੀ ਦੇ ਚੌਥੇ ਪਦ ਵਿਚ ਇਹਨਾਂ ਗੁਣਾਂ ਦਾ ਖ਼ਾਤਮਾ ਨਹੀਂ ਹੁੰਦਾ, ਸਗੋਂ ਇਹ ਗੁਣ ਇਕ ਉਚੇਰੀ ਏਕਤਾ ਵਿਚ ਸੰਤੁਲਨ ਪ੍ਰਾਪਤ ਕਰਦੇ ਹਨ, ਜਿਥੇ ਇਕ ਦੂਜੇ ਦੇ ਸਹਿਯੋਗੀ ਤੇ ਪੂਰਕ ਸਾਬਤ ਹੁੰਦੇ ਹਨ। ਇਹ ਉਚੇਰੀ ਏਕਤਾ ਹੈ, ਮੀਰੀ-ਪੀਰ ਯਾਨੀ ਸ਼ਕਤੀ ਭਗਤੀ ਦਾ ਸੁਮੇਲ।

ਇਹ ਮਨੁੱਖ ਦੇ ਨੈਤਿਕ ਵਿਕਾਸ ਦਾ ਇਕ ਪੜਾਅ ਹੈ। ਇਸ ਤੋਂ ਅਗਲਾ ਪੜਾਅ (ਮੀਰੀ-ਪੀਰੀ ਦਾ ਅਗਲੇਰਾ ਪਹਿਲੂ) ਉਹ ਹੈ, ਜਿਥੇ ਮਨੁੱਖ ਆਪਣੇ ਸਮਾਜੀ ਕਰਤੱਵ ਦੀ ਪਾਲਣਾ ਹਿਤ ਸੰਤ-ਸਿਪਾਹੀ ਦਾ ਰੂਪ ਧਾਰਨ ਕਰਦਾ ਹੈ। ਉਸ ਦਾ ਨੈਤਿਕ ਗਿਆਨ ਉਸ ਨੂੰ ਸਮਾਜ-ਕਲਿਆਣ ਵੱਲ ਪ੍ਰੇਰਦਾ ਹੈ। ਫਿਰ ਉਹ ਵਿਅਕਤੀਗਤ ਮੁਕਤੀ ਦਾ ਅਭਿਲਾਸ਼ੀ ਨਹੀਂ ਰਹਿੰਦਾ, ਸਗੋਂ ਸਰਬੱਤ ਦੇ ਭਲੇ ਦਾ ਇੱਛਕ ਬਣਦਾ ਹੈ (ਕੇਤੀ ਛੁਟੀ ਨਾਲਿ)। ਆਪਣੇ ਇਸ ਸਮਾਜੀ ਕਰਤੱਵ ਲਈ ਉਹ ਭਗਤੀ ਦੀ ਰੌਸ਼ਨੀ ਵਿਚ ਸ਼ਕਤੀ ਦਾ ਪ੍ਰਯੋਗ ਕਰਦਾ ਹੈ, ਧਰਮ ਯੋਧਾ ਬਣਦਾ ਹੈ :

ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੇ ॥

(ਗੁਰੂ ਗੋਬਿੰਦ ਸਿੰਘ ਜੀ)

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਵਿਅਕਤੀ ਜੀਵਨ ਵਿਚ, ਨੈਤਿਕ ਪੱਧਰ ਉੱਤੇ, ਮੀਰੀ-ਪੀਰੀ ਦਾ ਅਰਥ ਉਹ ਅਵਸਥਾ ਹੈ, ਜਿਸ ਵਿਚ ਮਨੁੱਖ "ਅੰਜਨ ਮਾਹਿ ਨਿਰੰਜਨੁ" ਯਾਨੀ "ਘਰਿ ਹੀ ਮਾਹਿ ਉਦਾਸੁ" ਵਿਚਰਦਾ ਹੈ। ਵਿਅਕਤੀ-ਜੀਵਨ ਵਿਚ, ਸਮਾਜੀ ਪੱਧਰ ਉੱਤੇ, ਮੀਰੀ-ਪੀਰੀ ਦਾ ਅਰਥ ਹੈ ਉਹ ਅਵਸਥਾ ਜਿਸ ਵਿਚ ਮਨੁੱਖ ਸੰਤ-ਸਿਪਾਹੀ ਦਾ ਰੂਪ ਧਾਰਨ ਕਰਦਾ ਹੈ। ਜੇਕਰ ਵਿਅਕਤੀ-ਜੀਵਨ ਦੇ ਉਪਰੋਕਤ ਦੋਹਾਂ ਪੱਧਰਾਂ (ਨੈਤਿਕ, ਸਮਾਜਿਕ) ਨੂੰ ਇਕ ਸੂਤ ਵਿਚ ਪ੍ਰੋ ਕੇ ਵੇਖਿਆ ਜਾਵੇ ਤਾਂ ਮੀਰੀ-ਪੀਰੀ ਦਾ ਗੁਰਮੁਖ ਸੰਬੰਧੀ ਆਦਰਸ਼ ਸਾਹਮਣੇ ਆਉਂਦਾ ਹੈ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ "ਪੰਚ ਪਰਵਾਣ ਪੰਚ ਪਰਧਾਨੁ" ਦੇ ਮਹਾਂਵਾਕ ਰਾਹੀਂ ਦਰਸਾਇਆ ਹੈ। ਗੁਰਮੁਖ ਜਿਥੇ ਸੱਚਖੰਡ (ਪਲਤ) ਵਿਚ ਪਰਵਾਣ ਹੈ, ਉਥੇ ਹਲਤ ਵਿਚ, ਸੰਸਾਰ ਵਿਚ, ਪਰਧਾਨ ਹੈ। ਦੁਨਿਆਵੀ ਸ਼ਕਤੀ ਦਾ ਸੁਆਮੀ ਹੈ। ਪੰਚ ਪਰਧਾਨ ਦੇ ਸੰਕਲਪ ਅਨੁਸਾਰ ਗੁਰਮੁਖ (ਜਿਸ ਨੂੰ ਖ਼ਾਲਸਾਈ

ਰੂਪ ਵਿਚ 'ਸਿੰਘ' ਕਿਹਾ ਜਾਂਦਾ ਹੈ) ਹਲਤਮੁਖੀ ਪ੍ਰਭੁਤਾ ਦਾ ਦਾਅਵੇਦਾਰ ਹੈ, ਹੱਕਦਾਰ ਹੈ :

> **ਹਮ ਰਾਖਤ ਪਤਿਸ਼ਾਹੀ ਦਾਵਾ ॥**
> **ਜਾ ਇਤ ਕੋ ਜਾ ਅਗਲੋ ਪਾਵਾ ॥**
> **ਧ੍ਰੂ ਵਿਸਰਤ ਔ ਧਵਲ ਡੁਲਾਇ ॥**
> **ਸਤਿਗੁਰ ਬਚਨ ਨ ਖਾਲੀ ਜਾਇ ॥**
>
> ....
>
> **ਪਤਿਸ਼ਾਹੀ ਛੱਡ ਕਿਮ ਲਹੈਂ ਨਵਾਬੀ ॥**
> **ਪਰਾਧੀਨ ਜਿਹ ਮਾਂਹਿ ਖਰਾਬੀ ॥੩੮॥**

(ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼)

ਗੁਰਮੁਖ ਅਥਵਾ ਸਿੰਘ ਦੇ ਇਸ ਦਾਅਵੇ ਪਿੱਛੇ ਰੱਬੀ ਮਰਜ਼ੀ ਹੈ, ਇਲਾਹੀ ਪ੍ਰਵਾਣਤਾ ਹੈ ਜਿਵੇਂ ਕਿ "ਪੰਚ ਪਰਵਾਣ" ਦੇ ਸੰਕਲਪ ਤੋਂ ਸਿੱਧ ਹੈ।

ਉਪਰ ਵਿਅਕਤੀ-ਜੀਵਨ ਵਿਚ ਨੈਤਿਕ, ਸਮਾਜਿਕ ਤੇ ਰਾਜਨੀਤਕ ਪੱਧਰਾਂ 'ਤੇ ਮੀਰੀ-ਪੀਰੀ ਦੇ ਅਰਥ ਦਰਸਾਉਣ ਦਾ ਯਤਨ ਕੀਤਾ ਗਿਆ ਹੈ। ਸਮਾਜੀ ਜੀਵਨ ਅਰਥਾਤ ਸਮਾਜ ਵਿਚ ਮੀਰੀ-ਪੀਰੀ ਦਾ ਸੰਕਲਪ ਹਲਤਮੁਖੀ ਪ੍ਰਭੁਤਾ ਦੇ ਮਸਲੇ ਦਾ ਇਕ ਵਿਲੱਖਣ ਹੱਲ ਹੈ। ਦੂਜੇ ਲਫ਼ਜ਼ਾਂ ਵਿਚ ਸਮਾਜੀ ਖੇਤਰ ਵਿਚ ਮੀਰੀ-ਪੀਰੀ ਦਾ ਸੰਬੰਧ ਧਰਮ ਅਤੇ ਰਾਜ ਦੀਆਂ ਸੰਸਥਾਵਾਂ ਦੇ ਸੋਮੇ ਤੇ ਆਪਸੀ ਰਿਸ਼ਤੇ ਦੀਆਂ ਸਮੱਸਿਆਵਾਂ ਨਾਲ ਹੈ। ਇਸ ਪ੍ਰਸੰਗ ਵਿਚ ਸਿੱਖ ਲਹਿਰ ਨੇ ਜੋ ਸਮਾਧਾਨ ਪੇਸ਼ ਕੀਤਾ ਹੈ, ਉਹ ਹੋਰਨਾਂ ਸਾਰੇ ਮਜ਼੍ਹਬਾਂ ਦੇ ਪੇਸ਼ ਕੀਤੇ ਨਿਰਣਿਆਂ ਨਾਲੋਂ ਵੱਖਰਾ ਤੇ ਵਚਿੱਤਰ ਹੀ ਨਹੀਂ, ਸਗੋਂ ਸਿੱਖ ਕੌਮ ਦੀ ਵਿਲੱਖਣ ਹਸਤੀ ਨੂੰ ਕਾਇਮ ਰੱਖਦਾ ਹੋਇਆ ਅੱਜ ਦੇ ਯੁੱਗ ਦੇ ਤਕਾਜ਼ਿਆਂ 'ਤੇ ਭਲੀਭਾਂਤ ਪੂਰਾ ਉਤਰਦਾ ਹੈ। ਇਸ ਦਾ ਵਿਸਥਾਰ ਅੱਗੇ ਚੱਲ ਕੇ ਕੀਤਾ ਜਾਵੇਗਾ।

ਹਲਤਮੁਖੀ ਪ੍ਰਭੁਤਾ ਤੇ ਪਲਤਮੁਖੀ ਪ੍ਰਭੁਤਾ ਦੇ ਅਰਥਾਂ ਵਿਚ ਮੀਰੀ ਤੇ ਪੀਰੀ ਸਿੱਖਮਤਿ ਦੀ ਵਿਲੱਖਣਤਾ ਦੇ ਪ੍ਰਤੀਕ ਹਨ। ਭਾਰਤੀ ਸੰਦਰਭ ਵਿਚ ਸਿੱਖ ਲਹਿਰ ਨਾਲ ਪਹਿਲੀ ਵਾਰ ਇਕ ਨਵੀਂ ਕਿਸਮ ਦਾ ਮਜ਼੍ਹਬ ਹੋਂਦ ਵਿਚ ਆਇਆ, ਜਿਸ ਨੇ ਪਲਤਮੁਖੀ ਪ੍ਰਭੁਤਾ ਦੇ ਨਾਲ ਨਾਲ ਹਲਤਮੁਖੀ ਪ੍ਰਭੁਤਾ ਨੂੰ ਵੀ ਆਪਣਾ ਲਕਸ਼ ਥਾਪਿਆ ਅਤੇ ਆਪਣੇ ਸੰਸਥਾਤਮਕ ਰੂਪ ਵਿਚ ਹਲਤਮੁਖੀ ਪ੍ਰਭੁਤਾ ਦੀ ਲੋੜੀਂਦੀ ਵਿਵਸਥਾ ਕੀਤੀ। ਅੰਗਰੇਜ਼ੀ ਵਿਚ ਮੈਂ ਇਸ ਨੂੰ ਇਉਂ ਕਹਿ ਸਕਦਾ ਹਾਂ :

> Sikhism is essentially a State symbolizing a unique correlation of the spiritual and the temporal sovereignty. (ਸਿੱਖਮਤਿ ਨੇ ਇਕ ਨਵੇਂ ਮਨੁੱਖ (ਗੁਰਮੁਖ), ਇਕ ਨਵੇਂ ਸਮਾਜ (ਪੰਥ) 'ਤੇ ਇਕ ਨਵੇਂ ਰਾਸ਼ਟਰ (ਖ਼ਾਲਸਾ-ਤੰਤ੍ਰ) ਦਾ ਤਸੱਵਰ ਪੇਸ਼ ਕੀਤਾ।)

ਇਸ ਨਵੇਂ ਰਾਸ਼ਟਰ ਨੂੰ ਗੁਰੂ ਅਰਜਨ ਦੇਵ ਜੀ ਨੇ ਹਲੇਮੀ ਰਾਜ ਦਾ ਨਾਂ ਦਿੱਤਾ ਹੈ ਤੇ ਆਪਣੇ ਇਸ ਹਲੇਮੀ ਰਾਜ ਦਾ ਇਲਾਹੀ ਮੈਨੀਫ਼ੈਸਟੋ ਇਹਨਾਂ ਸ਼ਬਦਾਂ ਵਿਚ ਪ੍ਰਸਤੁਤ ਕੀਤਾ ਹੈ :

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥
ਪੈ ਕੋਇ ਨ ਕਿਸੈ ਰਞਾਣਦਾ॥
ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜੁ ਜੀਉ॥੧੩॥

(ਸਿਰੀਰਾਗੁ ਮ: ੫, ਪੰਨਾ 73)

ਰਾਸ਼ਟਰ ਅਰਥਾਤ ਰਾਜ-ਸੱਤਾ ਦੇ ਦੋ ਬੁਨਿਆਦੀ ਹੱਕ ਜਾਂ ਲੱਛਣ ਹੁੰਦੇ ਹਨ: ਸ਼ਸਤਰ ਧਾਰਨ ਕਰਨਾ ਅਤੇ ਟੈਕਸ ਲੈਣਾ। ਸਿੱਖ ਲਹਿਰ ਨੇ ਕਿਰਪਾਨ ਅਤੇ ਦਸਵੰਧ ਦੇ ਰੂਪ ਵਿਚ ਇਹ ਦੋਵੇਂ ਹੱਕ ਹਮੇਸ਼ਾ ਰਾਖਵੇਂ ਰਖੇ ਹਨ। ਸਿੱਖੀ ਵਿਚ ਚੜ੍ਹਾਵੇ ਦਾ ਅਰਥ ਮਨੌਤ ਜਾਂ ਸੁਖਣਾ ਵਾਲਾ (propitiatory) ਨਹੀਂ, ਜਿਵੇਂ ਹਿੰਦੂ-ਪੂਜਾ ਵਿਚ ਹੈ। ਦਸਵੰਧ ਅਥਵਾ ਚੜ੍ਹਾਵੇ ਦਾ ਆਧਾਰ ਹੈ, ਸਿੱਖ ਦਾ ਆਪਣੇ ਅਧਿਆਤਮਕ ਰਾਸ਼ਟਰ (spiritual state) ਨਾਲ ਸੰਬੰਧ, ਇਸ ਵੱਲ ਪ੍ਰਥਮ ਆਗਿਆਕਾਰੀ। ਇਸ ਪੱਖ ਤੋਂ ਠੰਢੇ ਦਿਲ ਨਾਲ ਸ਼ਾਂਤਮਈ ਵਾਤਾਵਰਣ ਵਿਚ ਇਹ ਪ੍ਰਸ਼ਨ ਵਿਚਾਰਿਆ ਜਾਣਾ ਚਾਹੀਦਾ ਹੈ ਕਿ ਕੀ ਦੁਨਿਆਵੀ ਰਾਸ਼ਟਰ ਨੂੰ ਅਧਿਆਤਮਕ ਰਾਸ਼ਟਰ ਦੀ ਆਮਦਨ 'ਤੇ ਕਰ ਲਗਾਉਣ ਦਾ ਹੱਕ ਜਾਂ ਇਖ਼ਤਿਆਰ ਹੈ। ਪੰਜ ਕੱਕਾਰਾਂ ਵਿੱਚੋਂ ਕਿਰਪਾਨ ਇਕ ਮਹੱਤਵਪੂਰਣ ਕੱਕਾਰ ਹੈ, ਜੋ ਚਿੰਨ੍ਹਾਤਮਕ ਰੂਪ ਵਿਚ ਖ਼ਾਲਸਾਈ ਪ੍ਰਭੁਤਾ ਦਾ ਨਿਸ਼ਾਨ ਹੈ, ਜਿਸ ਦਾ ਅਰਥ ਹੈ ਬਿਨਾਂ ਰੋਕ-ਟੋਕ, ਪਾਬੰਦੀ ਜਾਂ ਸੀਮਾ ਦੇ ਕਿਰਪਾਨ ਧਾਰਨ ਦਾ ਖ਼ਾਲਸਾਈ ਹੱਕ (sovereign right)। ਲਾਇਸੈਂਸ ਲੈ ਕੇ ਜਾਂ ਕਿਰਪਾਨ ਦੀ ਲੰਬਾਈ-ਚੌੜਾਈ ਬਾਰੇ ਕੋਈ ਬੰਦਿਸ਼ ਸਹਿਣ ਕਰਕੇ ਧਾਰਨ ਕੀਤੀ ਕਿਰਪਾਨ ਸਿੱਖੀ ਕੱਕਾਰ ਨਹੀਂ, ਕਿਉਂਕਿ ਇਸ ਹਾਲਤ ਵਿਚ ਇਹ ਖ਼ਾਲਸਾਈ ਪ੍ਰਭੁਤਾ ਦਾ ਨਿਸ਼ਾਨ ਨਹੀਂ ਰਹਿ ਜਾਂਦੀ, ਬਲਕਿ ਇਕ ਫ਼ੋਕਾ, ਅਰਥ-ਹੀਣ ਬਾਹਰੀ ਚਿੰਨ੍ਹ ਬਣ ਕੇ ਰਹਿ ਜਾਂਦੀ ਹੈ, ਜਿਸ ਲਈ ਸਿੱਖੀ ਵਿਚ ਕੋਈ ਥਾਂ ਨਹੀਂ। ਇਸ ਦੇ ਅੰਦਰਲੇ ਰਹੱਸ ਨੂੰ ਜਾਣ ਕੇ ਹੀ ਪਹਿਣੀ ਹੋਈ ਕਿਰਪਾਨ ਖ਼ਾਲਸਾਈ ਕੱਕਾਰ ਹੈ। ਕਿਰਪਾਨ ਦੀ ਆਜ਼ਾਦੀ ਸੰਬੰਧੀ ਅੰਗਰੇਜ਼ ਰਾਜ ਨਾਲ ਹੋਏ ਸੰਘਰਸ਼ ਪਿੱਛੇ ਵੀ ਖ਼ਾਲਸਾਈ ਪ੍ਰਭੁਤਾ ਦਾ ਇਹੋ ਅਸੂਲ ਕੰਮ ਕਰ ਰਿਹਾ ਸੀ, ਕਿਉਂਕਿ ਸਿੱਖ ਲਹਿਰ ਇਸ ਬਾਰੇ ਚੇਤੰਨ ਹੈ ਕਿ:

ਸ਼ਸਤ੍ਰਨ ਕੇ ਅਧੀਨ ਹੈ ਰਾਜੁ॥

(ਸੁਖਾ ਸਿੰਘ, ਗੁਰਬਿਲਾਸ)

ਇਸ ਇਤਿਹਾਸਕ ਸੱਚਾਈ ਦਾ ਦੂਸਰਾ ਪਾਸਾ ਇਹ ਹੈ:

ਬਿਨਾ ਰਾਜ ਨਹਿੰ ਧਰਮ ਚਲੈ ਹੈਂ॥

(ਸੁਖਾ ਸਿੰਘ)

ਪਰ ਇਸ ਦੂਸਰੀ ਸੱਚਾਈ ਨੂੰ ਸਿੱਖ ਲਹਿਰ ਨੇ ਸ਼ਕਤੀ ਜਾਂ ਜਬਰ ਨਾਲ ਧਰਮ ਫੈਲਾਉਣ ਲਈ ਨਹੀਂ ਵਰਤਿਆ, ਸਗੋਂ ਸ਼ਕਤੀ ਨਾਲ ਕੀਤੀ ਮਜ਼੍ਹਬੀ ਤਬਦੀਲੀ ਵਿਰੁੱਧ ਸੰਗਰਾਮ ਕੀਤਾ ਹੈ, ਜਿਵੇਂ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਸਾਖੀ ਭਰਦੀ ਹੈ। ਨਾਲ ਹੀ ਸਿੱਖ ਲਹਿਰ ਨੂੰ ਇਸ ਗੱਲ ਦੀ ਸੋਝੀ ਹੈ ਕਿ ਭਾਵੇਂ ਧਰਮ ਫੈਲਾਉਣ ਲਈ ਸ਼ਕਤੀ ਦੀ ਵਰਤੋਂ ਅਨੁਚਿਤ ਹੈ, ਪਰ ਧਰਮ ਦੀ ਰੱਖਿਆ ਲਈ, ਅਥਵਾ ਅਕਲੀਅਤਾਂ ਦੀ ਹੋਣੀ ਤੇ ਹਸਤੀ ਲਈ ਰਾਜਸੱਤਾ ਆਵਸ਼ਕ ਹੈ। ਇਸ ਤਰ੍ਹਾਂ ਸ਼ਕਤੀ ਤੇ ਭਗਤੀ, ਮੀਰੀ

ਤੇ ਪੀਰੀ, ਇਕ ਦੂਸਰੇ ਦੇ ਪੂਰਕ ਹਨ। ਜੇਕਰ ਸਿੱਖ ਲਹਿਰ ਦੋਹਾਂ ਵਿਚਕਾਰ ਇਸ ਕਿਸਮ ਦਾ ਰਿਸ਼ਤਾ ਸਥਾਪਤ ਨਾ ਕਰਦੀ ਤਾਂ ਸਿੱਖ ਕੌਮ ਖ਼ਾਲਸਾਈ ਰੂਪ ਵਿਚ ਜੀਣ-ਥੀਣ ਦੀ ਥਾਂ ਕੁਬੀਰ-ਪੰਥੀਆਂ ਵਾਂਗ ਨਾਨਕ-ਪੰਥੀਆਂ ਦੀ ਸ਼ਕਲ ਵਿਚ ਹਿੰਦੂ-ਸਮੂਹ ਵਿਚ ਹੀ ਜਜ਼ਬ ਹੋ ਕੇ ਰਹਿ ਗਈ ਹੁੰਦੀ। ਹੋਰਨਾਂ ਅਨੇਕਾਂ ਮਤ-ਮਤਾਤਰਾਂ ਵਾਂਗ ਸਿੱਖ ਧਾਰਾ ਇਸ ਕਰਕੇ ਹਿੰਦੂ ਮਹਾਂਸਾਗਰ ਵਿਚ ਅਲੋਪ ਨਹੀਂ ਹੋਈ, ਕਿਉਂਕਿ ਇਹ ਇਕ ਨਵੀਂ ਕਿਸਮ ਦਾ ਮਜ਼੍ਹਬ ਸੀ, ਜਿਸ ਨੇ ਮੀਰੀ ਧਾਰਨ ਕਰਕੇ ਹਲਤਮੁਖੀ ਪ੍ਰਭੁਤਾ ਨੂੰ ਆਪਣਾ ਲਕਸ਼ ਬਣਾਇਆ। ਆਪਣੇ ਇਸ ਦਾਅਵੇ ਕਾਰਨ ਹੀ ਸਿੱਖ ਲਹਿਰ ਦੀ ਸਥਾਪਤ ਰਾਜ-ਸੱਤਾ ਨਾਲ ਟੱਕਰ ਹੁੰਦੀ ਆਈ ਹੈ, ਭਾਵੇਂ ਪੱਜ ਕੋਈ ਬਣਦਾ ਰਿਹਾ ਹੋਵੇ। ਇਹ ਕਹਿਣਾ ਕਿ ਸ਼ਾਂਤ-ਮਈ ਢੰਗ ਨਾਲ ਚਲੀ ਆਉਂਦੀ ਸਿੱਖ ਲਹਿਰ ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਵਿਚ ਭਗਤੀ-ਮਾਰਗ ਤੋਂ ਸ਼ਕਤੀ-ਮਾਰਗ ਵੱਲ ਉਲਾਰ ਹੋ ਗਈ ਸਿੱਖ ਮਜ਼੍ਹਬ ਦੇ ਅੰਦਰਲੇ ਰਹੱਸ ਬਾਰੇ ਅਗਿਆਨਤਾ ਦਾ ਸਬੂਤ ਦੇਣਾ ਹੀ ਹੈ। ਸ਼ਕਤੀ-ਭਗਤੀ ਅਥਵਾ ਮੀਰੀ-ਪੀਰੀ ਦਾ ਦਾਅਵਾ ਤਾਂ ਗੁਰੂ ਨਾਨਕ ਦੇਵ ਜੀ ਦੇ "ਪੰਚ ਪਰਵਾਣ ਪੰਚ ਪਰਧਾਨ" ਦੇ ਸੰਕਲਪ ਵਿਚ ਹੀ ਵਿਦਮਾਨ ਹੈ। ਮੀਰੀ ਦਾ ਸੰਕਲਪ, ਇਸ ਦੇ ਵਿਅਕਤੀਗਤ, ਸਮਾਜਿਕ ਤੇ ਰਾਜਨੀਤਕ ਪੱਧਰਾਂ ਉਪਰ ਸਿੱਟੇ ਤੇ ਤਕਾਜ਼ੇ ਬੀਜ-ਰੂਪ ਵਿਚ ਨਾਨਕ-ਬਾਣੀ ਵਿਚ ਵਿਚਰਦੇ ਹਨ। ਇਸੇ ਲਈ ਰਾਜ-ਸੱਤਾ ਪ੍ਰਾਪਤ ਕਰਨ ਉਪਰੰਤ ਖ਼ਾਲਸਾ ਪੰਥ ਨੇ ਸੰਨ 1765 ਵਿਚ ਜੋ ਨਾਨਕ ਸ਼ਾਹੀ ਸਿੱਕਾ ਚਲਾਇਆ, ਉਸ ਦੀ ਇਬਾਰਤ ਵਿਚ ਦੇਗ਼ ਤੇ ਤੇਗ਼ ਦੋਹਾਂ ਦੀ ਫ਼ਤਹਿ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਨਾਲ ਗੁਰੂ ਨਾਨਕ ਦੇਵ ਜੀ ਦਾ ਨਾਮ ਵੀ ਸਿਮਰਿਆ :

> **ਦੇਗ਼ੋ ਤੇਗ਼ੋ ਨੁਸਰਤ ਬੇਦਰੰਗ**
> **ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।**
>
> *(ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼)*

ਸੋ ਇਹ ਕਹਿਣਾ ਗ਼ਲਤ ਹੈ ਕਿ ਬਾਹਰਲੇ ਹਾਲਾਤ ਕਾਰਨ ਹੀ ਸਿੱਖ ਲਹਿਰ ਪੀਰੀ ਤੋਂ ਮੀਰੀ ਵੱਲ ਪਰਤੀ। ਬਾਹਰਲੇ ਹਾਲਾਤ ਹੋਰ ਦੇ ਹੋਰ ਵੀ ਹੁੰਦੇ ਤਾਂ ਵੀ ਆਪਣੇ ਅੰਦਰਲੇ ਤੱਤ ਕਾਰਨ, (ਆਪਣੇ ਹਲਤਮੁਖੀ ਪ੍ਰਭੁਤਾ ਦੇ ਲਕਸ਼ ਕਾਰਨ) ਸਿੱਖ ਲਹਿਰ ਦੀ ਸਥਾਪਤ ਰਾਜਸੀ ਸੱਤਾ ਨਾਲ ਟੱਕਰ ਅਟੱਲ ਤੇ ਆਵਸ਼ਕ ਸੀ। ਪੀਰੀ ਦੇ ਨਾਲ ਨਾਲ ਮੀਰੀ ਦਾ ਵਿਕਾਸ ਬਾਹਰੀ (exogenous) ਨਹੀਂ, ਸਗੋਂ ਆਂਤ੍ਰਿਕ (endogenous) ਹੈ।

ਕੁਝ ਵਿਦਵਾਨ ਆਪਣੀ ਅਗਿਆਨਤਾ ਕਾਰਨ ਸਿੱਖ ਲਹਿਰ ਵਿਚ ਮੀਰੀ-ਪੀਰੀ ਦੇ ਰਿਸ਼ਤੇ ਨੂੰ ਨਹੀਂ ਸਮਝ ਸਕੇ। ਕੁਝ ਹੋਰ ਵਿਦਵਾਨ ਹਨ, ਜੋ ਸਿੱਖ ਲਹਿਰ ਦੇ ਹਲਤਮੁਖੀ ਪ੍ਰਭੁਤਾ ਦੇ ਦਾਅਵੇ ਨੂੰ ਪੇਤਲਾ ਕਰਨ ਲਈ ਮੀਰੀ ਦੀ ਥਾਂ ਪੀਰੀ 'ਤੇ ਜ਼ੋਰ ਦਿੰਦੇ ਹਨ। ਨਿਰੰਕਾਰੀ ਮਿਸ਼ਨ ਨੇ ਅਰਦਾਸ ਵਿਚ 'ਪ੍ਰਿਥਮ ਭਗੌਤੀ' ਦੀ ਥਾਂ 'ਤੇ 'ਪ੍ਰਿਥਮ ਨਿਰੰਕਾਰ' ਦੇ ਸ਼ਬਦ ਅੜਾ ਦਿੱਤੇ ਹਨ। ਜਦੋਂ ਬਾਬਾ ਰਾਮ ਰਾਇ ਨੇ ਔਰੰਗਜ਼ੇਬ ਸਾਹਮਣੇ 'ਮਿਟੀ ਮੁਸਲਮਾਨ ਕੀ' ਦੀ ਥਾਂ 'ਮਿਟੀ ਬੇਈਮਾਨ ਕੀ' ਪੜ੍ਹਿਆ, ਤਾਂ ਨਾਨਕ-ਬਾਣੀ ਵਿਚ ਇਸ ਵਾਕ ਬਦਲੀ ਲਈ ਗੁਰੂ ਹਰਿ ਰਾਇ ਜੀ ਨੇ ਆਪਣੇ ਪੁੱਤਰ ਦੇ ਮੱਥੇ ਲਗਣੋਂ ਨਾਂਹ ਕਰ ਦਿੱਤੀ। ਇਸ ਪ੍ਰਥਾ ਦੇ ਪ੍ਰਸੰਗ ਵਿਚ ਸਵਾਲ ਉਠਦਾ ਹੈ ਕਿ ਕੀ ਗੁਰੂ ਗੋਬਿੰਦ ਸਿੰਘ ਜੀ ਦੀ ਰਚੀ ਅਰਦਾਸ ਵਿਚ ਵਾਕ ਬਦਲੀ ਜਾਇਜ਼ ਹੈ ? ਇਹ ਵਾਕ ਬਦਲੀ ਉਸ ਦ੍ਰਿਸ਼ਟੀਕੋਣ

ਦੀ ਸੂਚਕ ਹੈ ਜੋ ਸਿੱਖ ਲਹਿਰ ਦੀ ਮੀਰੀ-ਪੀਰੀ ਦੀ ਪਰੰਪਰਾ ਤੋਂ ਹੀ ਮੁਨਕਰ ਹੈ। ਕੁਝ ਹੋਰ ਢੰਗਾਂ ਨਾਲ ਵੀ ਮੀਰੀ-ਪੀਰੀ ਦੀ ਏਕਤਾ ਨੂੰ ਅੱਖੋਂ ਉਹਲੇ ਕਰਨ ਦੇ ਯਤਨ ਕੀਤੇ ਜਾਂਦੇ ਹਨ। ਜਿਵੇਂ ਕਿ ਉਪਰ ਲਿਖਿਆ ਹੈ, ਕੁਝ ਇਹਿਤਾਸਕਾਰ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਬਾਹਰਲੇ ਹਾਲਾਤ ਕਾਰਨ ਹੀ ਸਿੱਖ ਲਹਿਰ ਨੂੰ ਸ਼ਕਤੀ ਦਾ ਸਹਾਰਾ ਲੈਣਾ ਪਿਆ। ਇਕ ਹੋਰ ਵਿਚਾਰ ਇਹ ਪ੍ਰਸਤੁਤ ਕੀਤਾ ਜਾਂਦਾ ਹੈ ਕਿ ਸਿੱਖ ਲਹਿਰ ਦਾ ਤੇ ਖ਼ਾਸ ਕਰ ਗੁਰੂ ਗੋਬਿੰਦ ਸਿੰਘ ਜੀ ਦਾ ਬਦੀ ਦੇ ਖ਼ਿਲਾਫ਼ ਧਰਮ ਯੁੱਧ ਨਿਰੋਲ ਧਾਰਮਿਕ ਸੀ। ਅਰਥਾਤ ਇਹ ਵਿਦਵਾਨ ਇਕ ਪਾਸੇ ਧਰਮ ਯੁੱਧ ਦੇ ਅਰਥ ਸੁੰਗੇੜ ਦਿੰਦੇ ਹਨ, ਦੂਜੇ ਪਾਸੇ ਬਦੀ ਨੂੰ ਨਿਰਾਕਾਰ (abstract) ਰੂਪ ਵਿਚ ਲੈਂਦੇ ਹਨ। ਠੋਸ ਰੂਪ ਵਿਚ ਬਦੀ, ਜ਼ੁਲਮ, ਜਬਰ ਦਾ ਸਮਾਜੀ ਪ੍ਰਸੰਗ ਹੁੰਦਾ ਹੈ ਤੇ ਨਾਲ ਹੀ ਰਾਜਨੀਤਕ ਕਿਰਦਾਰ। ਸੋ ਧਰਮ ਯੁੱਧ ਦੀ ਵਿਸ਼ਾਲਤਾ ਵਿਚ ਸਮਾਜਿਕ ਤੇ ਰਾਜਨੀਤਕ ਪਹਿਲੂ ਸ਼ਾਮਲ ਹਨ।

ਕੁਝ ਹੋਰ ਵਿਦਵਾਨ ਹਲਤਮੁਖੀ ਪ੍ਰਭੁਤਾ (ਮੀਰੀ) ਬਾਰੇ ਇਹ ਵਿਚਾਰ ਰੱਖਦੇ ਹਨ ਕਿ ਅਰਦਾਸ ਵੇਲੇ ਹਰ ਰੋਜ਼ ਚਿਤਵਿਆ ਜਾਂਦਾ ਲਕਸ਼ (ਰਾਜ ਕਰੇਗਾ ਖ਼ਾਲਸਾ) ਸਿੱਖ ਲਹਿਰ ਦੇ ਬੀਤੇ ਯੁੱਗ ਦੀ ਇਤਿਹਾਸਕ ਸਿਮ੍ਰਿਤੀ ਹੀ ਹੈ, ਯਾਨੀ ਇਸ ਦਾ ਸਿੱਖ ਸਮਾਜ ਦੀ ਵਰਤਮਾਨ ਹੋਣੀ ਜਾਂ ਭਵਿੱਖ ਦੀ ਅਕਾਂਖਿਆ ਨਾਲ ਕੋਈ ਵਾਸਤਾ ਨਹੀਂ। ਡਾ. ਗੰਡਾ ਸਿੰਘ ਅਨੁਸਾਰ ਇਹ ਦੋਹਿਰਾ ਸਿੱਖਾਂ ਦੀ ਸਿੱਖਾਂ ਦੀ past aspiration ਵੱਲ ਸੰਕੇਤ ਕਰਦਾ ਹੈ।[1]

ਮੀਰੀ ਅਥਵਾ ਹਲਤਮੁਖੀ ਪ੍ਰਭੁਤਾ ਨੂੰ ਸਿੱਖ ਲਹਿਰ ਨੇ ਆਰੰਭ ਤੋਂ ਹੀ ਆਪਣੇ ਸੰਸਥਾਤਮਕ ਰੂਪ ਵਿਚ ਸੁਵਿਵਸਥਿਤ ਕਰਨ ਦਾ ਯਤਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਥਾਂ ਥਾਂ ਸੰਗਤ ਦੀ ਸੰਸਥਾ ਸਥਾਪਤ ਕੀਤੀ। ਗੁਰੂ ਅਮਰਦਾਸ ਜੀ ਨੇ ਸਿੱਖ ਸਮਾਜ ਦੀ ਉਭਰ ਰਹੀ ਸੱਤਾ ਨੂੰ ਸੰਗਠਿਤ ਰੂਪ ਦੇਣ ਲਈ ਬਾਈ ਮੰਜੀਆਂ ਹੋਂਦ ਵਿਚ ਲਿਆਂਦੀਆਂ। ਮੂਲ ਮੰਤਰ ਵਿਚ ਅਕਾਲ ਪੁਰਖ ਦੇ ਸੈਭੰ ਅਤੇ ਨਿਰਭੈ ਹੋਣ 'ਤੇ ਬਲ ਦੇ ਕੇ ਵਾਹਿਗੁਰੂ ਦੇ ਖ਼ਾਲਸਾਈ (sovereign) ਲੱਛਣ ਵੱਲ ਸੰਕੇਤ ਕੀਤਾ ਗਿਆ ਹੈ। ਦੁਨਿਆਵੀ ਪਾਤਸ਼ਾਹਾਂ ਦੇ ਮੁਕਾਬਲੇ ਵਾਹਿਗੁਰੂ ਨੂੰ ਸੱਚਾ ਪਾਤਸ਼ਾਹ ਦਰਸਾ ਕੇ ਲੋਕ-ਪਰਲੋਕ ਦੋਹਾਂ ਵਿਚ ਉਸ ਦੀ ਪ੍ਰਭੁਤਾ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ :

ਮਹਾ ਦੇਵ ਦੇਵੰ ਮਹਾ ਭੂਪ ਭੂਪੰ॥

(ਬਚਿੱਤ੍ਰ ਨਾਟਕ)

ਗੁਰੂ ਸਾਹਿਬਾਨ ਅਕਾਲ ਪੁਰਖ ਦੇ ਜੋਤਿ ਸਰੂਪ ਹਨ। ਇਸ ਲਈ ਦੁਨਿਆਵੀ ਪਾਤਸ਼ਾਹਾਂ ਦੇ ਮੁਕਾਬਲੇ ਉਹ ਸੱਚੇ ਪਾਤਸ਼ਾਹ ਹਨ। ਉਹਨਾਂ ਦੇ ਗੁਰੂਤ੍ਵ 'ਤੇ ਹਲਤਮੁਖੀ ਤੇ ਪਲਤਮੁਖੀ ਪ੍ਰਭੁਤਾ ਦੋਵੇਂ ਕੇਂਦ੍ਰਿਤ ਹਨ, ਜਿਸ ਨੂੰ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਜ਼ਾਹਿਰਾ ਰੂਪ ਦਿੱਤਾ :

ਸਬ ਸਾਕ ਸਿਖ ਲੀਨੇ ਬੁਲਾਇ॥
ਮੁਨ ਤਖਤ ਅਕਾਲ ਦਿਵਾਨ ਲਾਇ॥
ਗੁਰੂ ਕੋ ਸਿੰਘਾਸਨ ਪਰ ਬਠਾਇ॥
ਪੁਨ ਬਾਬਾ ਬੁਢਾ ਤਿਲਕ ਦਾਇ।
ਫਿਰ ਸੈਲੀ ਟੋਪੀ ਊਨ ਮਾਲ॥
ਜਬ ਲਗਿਓ ਗੁਰੂ ਕੋ ਧਰਨ ਭਾਲ॥

ਤਬ ਉਸਤੇ ਲੈ ਗੁਰ ਟੇਕ ਮਾਥ ॥
ਧਰ ਉਚੇ ਬੋਲੇ ਐਸ ਨਾਥ ॥
ਅਬ ਸਮਾ ਤੇਗ ਕਾ ਗਯੋ ਆਇ ॥
ਸੋ ਬਾਬਾ ਜੀ ਮੁਹਿ ਦੇਹੁ ਲਿਆਇ ॥
ਉਨਤੇਗ ਭਈਗਰ ਬੇਗ ਪਾਇ ॥
ਪੁਰ ਦਾਂਏ ਪਾਸੇ ਫਣੀ ਸਾਇ ॥
ਫਿਰ ਕਹਯੋ ਸਿਖਨ ਇਹ ਉਲਟ ਕੀਨ ॥
ਉਨ ਦੂਤੀ ਤੇਗ ਪਹਿਨਾਇ ਦੀਨ ॥
ਗੁਰੂ ਕਹਿਓ ਸੁਤੇ ਸਿਧ ਪਰੀ ਦੋਇ ॥
ਇਹੁ ਮੀਰੀ ਪੀਰੀ ਕੇਰ ਹੋਇ ॥

....

ਇਹੁ ਮੀਰੀ ਪੀਰੀ ਕੀ ਪਛਾਨ ॥
ਹੈ ਰਾਜ ਜੋਗ ਗੁਰੂ ਘਰ ਮਹਾਨ ॥

(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼)

ਆਪ ਨੇ ਮੀਰੀ ਤੇ ਪੀਰੀ ਲਈ ਇੱਕੋ ਕਿਰਪਾਨ ਦੀ ਬਜਾਇ ਦੋ ਕਿਰਪਾਨਾਂ ਧਾਰਨ ਕਰਕੇ ਇਹ ਨੁਕਤਾ ਸਪੱਸ਼ਟ ਕੀਤਾ ਕਿ ਸਿੱਖਮਤਿ ਵਿਚ ਹਲਤਮੁਖੀ ਪ੍ਰਭੁਤਾ ਤੇ ਪਲਤਮੁਖੀ ਪ੍ਰਭੁਤਾ ਦੋ ਅੱਡੋ-ਅੱਡਰੀਆਂ (distinct) ਵੀ ਹਨ ਤੇ ਅੰਤਰ-ਸੰਬੰਧਿਤ ਵੀ। ਇਸੇ ਅਸੂਲ ਅਨੁਸਾਰ ਆਪ ਨੇ ਹਰਿਮੰਦਰ ਸਾਹਿਬ ਤੋਂ (ਜੋ spiritual state ਹੈ) ਅੱਡਰਾ, ਪਰ ਨਾਲ ਹੀ ਅਕਾਲ ਤਖ਼ਤ ਬਣਾਇਆ, ਜੋ ਸਿੱਖ ਲਹਿਰ ਦੀ ਹਲਤਮੁਖੀ ਪ੍ਰਭੁਤਾ ਦਾ ਰਾਸ਼ਟਰ-ਭਵਨ ਹੈ। ਗੁਰੂ ਗੋਬਿੰਦ ਸਿੰਘ ਨੇ ਪੀਰੀ 'ਆਦਿ-ਗ੍ਰੰਥ' ਨੂੰ ਸੌਂਪ ਕੇ ਗੁਰੂ ਗ੍ਰੰਥ ਦਾ ਦਰਜਾ ਦਿਤਾ ਤੇ 'ਪੰਥ' ਨੂੰ ਮੀਰੀ ਪ੍ਰਦਾਨ ਕਰਕੇ 'ਖ਼ਾਲਸਾ ਪੰਥ' ਬਣਾਇਆ।

ਮੀਰੀ-ਪੀਰੀ ਨੂੰ ਦੋ ਕਿਰਪਾਨਾਂ ਰਾਹੀਂ ਦਰਸਾਉਣ ਦੀ ਪ੍ਰਥਾ ਈਸਾਈ ਮਤ ਵਿਚ ਵੀ ਰਹੀ ਹੈ। ਮੱਧਕਾਲੀਨ ਚਰਚ ਦਾ ਪੋਪ ਵੀ ਦੋ ਤਲਵਾਰਾਂ ਦਾ ਧਾਰਨੀ ਸੀ। ਮਾਰਟਿਨ ਲੂਥਰ ਨੇ ਪੋਪ ਦੇ ਇਸ ਦਾਅਵੇ ਦਾ ਖੰਡਨ ਕੀਤਾ ਕਿ ਉਹ ਹਲਤਮੁਖੀ ਤੇ ਪਲਤਮੁਖੀ ਪ੍ਰਭੁਤਾ ਦਾ ਸੁਆਮੀ ਹੈ :

> Luther challenged the papal doctrine of the two swords, with its claim that the Pope was the ultimate source of all authority, temporal as well as spiritual.[2]

ਇਸਲਾਮੀ ਰਾਜ ਵਿਧਾਨ ਦੇ ਇਕ ਰੂਪ ਵਿਚ ਖ਼ਲੀਫ਼ਾ ਵੀ ਅਜਿਹਾ ਹੀ ਦਾਅਵਾ ਰੱਖਦਾ ਸੀ। ਈਸਾਈ ਅਤੇ ਇਸਲਾਮੀ ਰਾਜ ਵਿਧਾਨਾਂ ਦੇ ਮੁਕਾਬਲੇ ਸਿੱਖ ਰਾਜ ਵਿਧਾਨ ਵਿਚ ਗੁਰੂ ਸਾਹਿਬਾਨ ਤੋਂ ਬਾਅਦ ਮੀਰੀ ਤੇ ਪੀਰੀ ਇੱਕੋ ਵਿਅਕਤੀ ਉਪਰ ਕੇਂਦ੍ਰਿਤ ਨਹੀਂ ਮੰਨੀ ਗਈ। ਪੀਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ ਤੇ ਮੀਰੀ ਸਮੁੱਚੇ ਖ਼ਾਲਸਾ ਪੰਥ ਵਿਚ।

ਸਿੱਖਮਤਿ ਵਿਚ ਮੀਰੀ-ਪੀਰੀ ਦਾ ਦਾਰਸ਼ਨਿਕ ਆਧਾਰ ਸਮਝਣ ਲਈ ਇਸ ਦਾ ਈਸਾਈ ਮਤਿ ਨਾਲ ਟਾਕਰਾ ਸਹਾਈ ਸਿੱਧ ਹੋਵੇਗਾ।

ਸਿੱਖਮਤਿ ਅਨੁਸਾਰ ਮਨੁੱਖ ਆਤਮਾ ਹੈ, ਪਰਮਾਤਮਾ ਦਾ ਅੰਸ਼ ਹੈ। ਮਨੁੱਖ ਦੇ ਪਰਮਾਤਮਾ ਨਾਲ ਸੰਬੰਧ ਉਸ ਦੇ ਪਲਤਮੁਖੀ ਪਹਿਲੂ ਨੂੰ ਦਰਸਾਉਂਦੇ ਹਨ। ਦੂਸਰੇ ਪਾਸੇ ਮਨੁੱਖ ਇਕ ਵਿਅਕਤੀ ਹੋਣ ਦੇ ਨਾਤੇ ਹੋਰਨਾਂ ਵਿਅਕਤੀਆਂ ਨਾਲ ਸੰਬੰਧ ਸਥਾਪਤ ਕਰਦਾ ਹੈ। ਇਹ ਮਨੁੱਖੀ ਅਸਲੇ ਦਾ ਹਲਤਮੁਖੀ ਪੱਖ ਹੈ। ਗੁਰਬਾਣੀ ਅਨੁਸਾਰ ਮਨੁੱਖੀ ਅਸਲੇ ਦੇ ਇਹਨਾਂ ਦੋਹਾਂ ਪਹਿਲੂਆਂ ਵਿਚਕਾਰ ਕੋਈ ਦੂਈ ਜਾਂ ਦ੍ਵੰਦ ਨਹੀਂ। ਇਹ ਦੋਵੇਂ ਪੱਖ ਇਕ mediational unity ਵਿਚ ਸੁਵਿਵਸਥਿਤ ਹਨ। ਦੂਸਰੇ ਲਫ਼ਜ਼ਾਂ ਵਿਚ ਇਹ ਦੋਵੇਂ ਪਹਿਲੂ ਮਨੁੱਖੀ ਅਸਲੇ ਦਾ ਤਾਣਾ ਪੇਟਾ ਹਨ। ਇਹ ਦੋਵੇਂ ਪੱਖ ਕਰੰਟ ਦੀ ਪੌਜ਼ੇਟਿਵ ਤੇ ਨੈਗੇਟਿਵ ਰੌ ਸਮਾਨ ਹਨ। ਇਹ ਇਕ ਦੂਸਰੇ ਰਾਹੀਂ ਹੋਂਦ ਵਿਚ ਆਉਂਦੇ ਹਨ। ਇਹਨਾਂ ਦੋਹਾਂ ਪਹਿਲੂਆਂ ਦਾ ਸਹਿਯੋਗ ਤੇ ਸਹਿ-ਵਿਚਰਣ ਹੀ ਮਨੁੱਖੀ ਅਸਲੇ ਨੂੰ ਸਰੂਪ-ਬੱਧ ਕਰਦਾ ਹੈ। ਗੁਰਬਾਣੀ ਦੇ ਉਲਟ ਵੇਦਾਂਤ ਦਾ ਸਰੀਰ ਤੇ ਸੰਸਾਰ ਵੱਲ ਰਵੱਈਆ ਨਾਂਹ-ਮੁਖੀ ਹੈ। ਇਸ ਲਈ ਵੇਦਾਂਤਿਕ ਮੁਕਤੀ ਵਿਚ ਮਨੁੱਖ ਦੇ ਹਲਤ, ਯਾਨੀ ਉਸ ਦੇ ਹਲਤਮੁਖੀ ਪਹਿਲੂ ਦਾ, ਕੋਈ ਬਹੁਤਾ ਦਖ਼ਲ ਨਹੀਂ। ਈਸਾਈ ਮਤਿ ਮਨੁੱਖੀ ਅਸਲੇ ਦੇ ਇਹਨਾਂ ਦੋਹਾਂ ਪਹਿਲੂਆਂ ਨੂੰ ਸਵੀਕਾਰ ਤਾਂ ਕਰਦਾ ਹੈ, ਪਰ ਨਾਲ ਹੀ ਇਹਨਾਂ ਵਿਚ ਇਕ ਦੀ 'ਦੂਈ' ਮੰਨਦਾ ਹੈ। ਗੁਰਬਾਣੀ ਵਾਂਗ ਈਸਾਈ ਮਤਿ ਇਹਨਾਂ ਵਿਚਕਾਰ ਕਰੰਟ ਤੇ ਨੈਗੇਟਿਵ ਤੇ ਪੌਜ਼ੇਟਿਵ ਰੌ ਵਾਲੀ ਏਕਤਾ ਸਵੀਕਾਰ ਕਰਨ ਦੀ ਹੱਦ ਤਕ ਨਹੀਂ ਜਾਂਦਾ। ਗੁਰਬਾਣੀ ਵਿਚ ਸੰਕਲਪਿਤ ਇਹ ਏਕਤਾ ਹੀ ਮੀਰੀ-ਪੀਰੀ ਦੀ ਏਕਤਾ ਦਾ ਦਾਰਸ਼ਨਿਕ ਆਧਾਰ ਹੈ। ਵਿਅਕਤੀ-ਜੀਵਨ ਵਿਚ ਇਹ ਏਕਤਾ ਮਨਮੁੱਖ ਨੂੰ ਮਨੁੱਖ, ਮਨੁੱਖ ਨੂੰ ਗੁਰਮੁੱਖ ਤੇ ਗੁਰਮੁੱਖ ਨੂੰ ਸੰਤ-ਸਿਪਾਹੀ ਤੇ ਸਿੰਘ ਬਣਾਉਂਦੀ ਹੈ।

ਹਲਤਮੁਖੀ ਤੇ ਪਲਤਮੁਖੀ ਪ੍ਰਭੁਤਾ ਦੇ ਆਪਸੀ ਸੰਬੰਧਾਂ ਬਾਰੇ ਹਜ਼ਰਤ ਈਸਾ ਦਾ ਹੇਠਲਾ ਕਥਨ ਉਸ 'ਦੂਈ' ਅਨੁਸਾਰ ਹੀ ਹੈ, ਜੋ ਈਸਾਈ ਮਤਿ ਨੇ ਹਲਤਮੁਖੀ ਤੇ ਪਲਤਮੁਖੀ ਪਹਿਲੂਆਂ ਵਿਚਕਾਰ ਪ੍ਰਵਾਨ ਕੀਤੀ ਹੋਈ ਹੈ :

> Render unto Caesar the things which are Caesar's and unto God the things that are God's.

ਜੇਕਰ ਇਸ ਵਿਚਾਰ ਦੇ ਸਿਧਾਂਤਕ ਆਧਾਰ ਨੂੰ ਛੱਡ ਕੇ ਇਸ ਦੇ ਇਤਿਹਾਸਕ ਕਾਰਨ ਨੂੰ ਵੇਖੀਏ ਤਾਂ ਜਾਪਦਾ ਹੈ ਕਿ ਹਜ਼ਰਤ ਈਸਾ ਨੇ ਇਹ ਕਥਨ ਦੁਨਿਆਵੀ ਪਾਤਸ਼ਾਹ ਦੇ ਇਖ਼ਤਿਆਰ ਦੀ ਤਰਕਸਿੱਧੀ ਲਈ ਨਹੀਂ, ਸਗੋਂ ਵੇਲੇ ਦੇ ਹਾਲਾਤ ਵਿਚ ਚਰਚ ਲਈ ਕੁਝ ਅਧਿਕਾਰ-ਖੇਤਰ ਸੁਰੱਖਿਅਤ ਕਰਨ ਲਈ ਕਿਹਾ ਸੀ। ਹੌਲੀ ਹੌਲੀ ਜਦੋਂ ਚਰਚ ਬਲਵਾਨ ਹੋ ਗਿਆ ਤਾਂ ਇਸ ਨੇ (ਮੱਧਕਾਲ ਵਿਚ) ਦੁਨਿਆਵੀ ਰਾਸ਼ਟਰ ਨੂੰ ਆਪਣੇ ਅਧਿਕਾਰ ਖੇਤਰ ਵਿਚ ਲਿਆਉਣ ਦੀ ਚੇਸ਼ਟਾ ਕੀਤੀ ਤੇ ਇਸ ਤਰ੍ਹਾਂ ਪੋਪ ਨੇ ਆਪਣੇ ਆਪ ਨੂੰ ਮੀਰੀ ਤੇ ਪੀਰੀ ਦੋਵੇਂ ਤਲਵਾਰਾਂ ਦਾ ਧਾਰਨੀ ਹੋਣ ਦਾ ਦਾਅਵਾ ਕੀਤਾ। ਰਿਨੈਸਾਂਸ ਵੇਲੇ ਮਾਰਟਿਨ ਲੂਥਰ ਨੇ ਈਸਾਈ ਮੱਤ ਵਿਚ ਸੰਕਲਪਿਤ 'ਦੂਈ' ਦੀ ਓਟ ਲੈ ਕੇ ਪੋਪ ਦੀ ਪ੍ਰਭੁਤਾ ਨੂੰ ਚੈਲੰਜ ਕੀਤਾ। ਉਸ ਨੇ ਹਲਤ ਤੇ ਪਲਤ ਦੇ ਖੰਡਾਂ ਨੂੰ ਵੱਖਰਾ ਵੱਖਰਾ ਦਰਸਾਇਆ, ਜਿਵੇਂ ਡੇਕਾਰਟੇ (Descartes) ਨੇ ਮਨ ਤੇ ਪਦਾਰਥ ਦੇ ਖੇਤਰਾਂ ਨੂੰ ਅੱਡਰਾ ਅੱਡਰਾ ਕੀਤਾ। ਦੋਹਾਂ ਦਾ ਮਨੋਰਥ ਸਾਂਝਾ ਸੀ। ਲੂਥਰ ਹਲਤ ਨੂੰ ਪਲਤ ਦੇ ਗ਼ਲਬੇ 'ਚੋਂ ਕੱਢ ਕੇ ਸੈਕੂਲਰ ਬਣਾਉਣਾ

ਚਾਹੁੰਦਾ ਸੀ। ਡੇਕਾਰਟੇ ਮਨ ਦੇ ਖੇਤਰ ਨੂੰ ਅਧਿਆਤਮਵਾਦ ਲਈ ਰਾਖਵਾਂ ਛੱਡ ਕੇ ਪਦਾਰਥ ਦੇ ਖੇਤਰ ਨੂੰ ਵਿਗਿਆਨਕ ਢੰਗ ਨਾਲ ਜਾਣਨ ਦਾ ਰਾਹ ਤਿਆਰ ਕਰਨਾ ਚਾਹੁੰਦਾ ਸੀ। ਗੁਰਬਾਣੀ ਦੀ ਵਿਸ਼ੇਸ਼ਤਾਈ ਇਸ ਗੱਲ ਵਿਚ ਹੈ ਕਿ ਇਸ ਨੇ ਮਨੁੱਖੀ ਅਸਲੇ ਦੇ ਹਲਤਮੁਖੀ ਤੇ ਪਲਤਮੁਖੀ ਪਹਿਲੂਆਂ ਦੀ ਏਕਤਾ ਬਣਾਈ ਰੱਖਦੇ ਹੋਏ ਅਜਿਹੀ ਵਿਵਸਥਾ ਕੀਤੀ ਹੈ, ਜਿਸ ਨਾਲ ਲੂਥਰ ਅਤੇ ਡੇਕਾਰਟੇ ਦੇ ਮਨੋਰਥ ਆਪਣੇ ਆਪ ਪੂਰੇ ਹੋ ਜਾਂਦੇ ਹਨ। ਦੂਸਰੇ ਸ਼ਬਦਾਂ ਵਿਚ ਮੀਰੀ ਤੇ ਪੀਰੀ, ਹਲਤ ਤੇ ਪਲਤ ਵਿਚਕਾਰ ਭਿੰਨਤਾ (distinctiveness) ਮੰਨੀ ਹੈ, ਪਰ ਵਿਭਿੰਨਤਾ (difference) ਨਹੀਂ। ਮੀਰੀ ਤੇ ਪੀਰੀ ਦੋਹਾਂ ਦੀ ਅੰਤਰ-ਸੰਬੰਧਿਤ ਏਕਤਾ ਕਾਇਮ ਰਖਦੇ ਹੋਏ ਇਹਨਾਂ ਦੇ ਅਧਿਕਾਰ-ਖੰਡ ਤੇ ਕਾਰਜ-ਖੇਤਰਾਂ ਨੂੰ ਅੱਡਰਾ ਅੱਡਰਾ ਕਰ ਦਿੱਤਾ ਹੈ। ਮੀਰੀ ਤੇ ਪੀਰੀ ਆਪਣੇ ਆਪਣੇ ਕਾਰਜ-ਖੇਤਰਾਂ ਵਿਚ ਵਿਚਰਦੀਆਂ ਹੋਈਆਂ ਇਕ ਦੂਸਰੇ ਦੀਆਂ ਪੂਰਕ ਹਨ। ਜੇ ਦੋਵੇਂ ਢੰਗ ਨਾਲ ਆਪਣੇ ਆਪਣੇ ਅਧਿਕਾਰ-ਖੇਤਰਾਂ ਵਿਚ ਕਿਰਿਆਸ਼ੀਲ ਰਹਿਣ ਤਾਂ ਦੋਹਾਂ ਦੀ ਧੁਰੋਂ ਨਿਸ਼ਚਿਤ ਸੰਤੁਲਣ (pre-established harmony) ਦੀ ਅਵਸਥਾ ਕਾਇਮ ਰਹਿੰਦੀ ਹੈ।

ਅਕਸਰ ਹਜ਼ਰਤ ਈਸਾ ਦੇ ਉਪਰੋਕਤ ਕਥਨ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਹੇਠਲੇ ਵਿਚਾਰ ਨਾਲ ਜੋੜਿਆ ਜਾਂਦਾ ਹੈ:

ਬਾਬੇ ਕੇ ਬਾਬਰ ਕੇ ਦੋਊ ॥
ਆਪ ਕਰੇ ਪਰਮੇਸ਼ਰ ਸੋਊ ॥
ਦੀਨ ਸ਼ਾਹ ਇਨਕੋ ਪਹਿਚਾਨੋ ॥
ਦੁਨੀ ਪਤਿ ਉਨਕੋ ਅਨੁਮਾਨੋ ॥

(ਬਚਿੱਤ੍ਰ ਨਾਟਕ)

ਜੋ ਵਿਦਵਾਨ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਵਿਚਾਰ ਵਿਚ ਉਹੀ ਅਰਥ ਢੂੰਡਦੇ ਹਨ, ਜੋ ਈਸਾ ਦੇ ਉਪਰੋਕਤ ਕਥਨ ਵਿਚ ਹੈ, ਉਹ ਇਸ ਦਾ ਇਤਿਹਾਸਕ ਪਿਛੋਕੜ ਇਹ ਦਿੰਦੇ ਹਨ ਕਿ ਗੁਰੂ ਸਾਹਿਬ ਅਤੇ ਔਰੰਗਜ਼ੇਬ ਵਿਚਕਾਰ ਸਮਝੌਤਾ ਹੋ ਗਿਆ ਸੀ। ਇਸ ਸਮਝੌਤੇ ਦੇ ਅੰਤਰਗਤ ਔਰੰਗਜ਼ੇਬ ਦੇ ਲੜਕੇ ਮੁਅੱਜ਼ਮ (ਸ਼ਾਹ ਆਲਮ) ਨੇ ਲਾਹੌਰ ਦੀ ਸੂਬੇਦਾਰੀ ਸਮੇਂ ਜਦੋਂ ਪਹਾੜੀ ਰਾਜਿਆਂ ਵਿਰੁੱਧ ਸੰਨ 1696 ਵਿਚ ਜਹਾਦ ਕੀਤਾ ਤਾਂ ਉਸ ਨੇ ਗੁਰੂ ਸਾਹਿਬ ਨੂੰ ਨਿਸ਼ਾਨਾ ਨਹੀਂ ਬਣਾਇਆ ਤੇ ਦੂਜੇ ਪਾਸੇ ਗੁਰੂ ਸਾਹਿਬ ਨੇ ਉਪਰੋਕਤ ਮਤ ਪ੍ਰਸਤੁਤ ਕਰਕੇ ਦੁਨੀ ਖੇਤਰ ਵਿਚ ਮੁਗ਼ਲ ਦਰਬਾਰ ਦੀ ਸਰਦਾਰੀ ਕਬੂਲ ਕੀਤੀ। ਪ੍ਰਮੁੱਖ ਸਿੱਖ ਵਿਦਵਾਨ ਸ. ਕਪੂਰ ਸਿੰਘ ਨੇ ਆਪਣੀ ਪੁਸਤਕ *ਪ੍ਰਾਸ਼ਰਪ੍ਰਸ਼ਨ* ਵਿਚ ਪ੍ਰਤਿਭਾਸ਼ਾਲੀ ਢੰਗ ਨਾਲ ਸਮਝੌਤੇ ਦੀ ਦਲੀਲ ਦਾ ਖੰਡਨ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਦੇ ਉਪਰੋਕਤ ਵਾਕ ਦਾ ਦਾਰਸ਼ਨਿਕ ਆਧਾਰ ਤੇ ਅਰਥ ਦਰਸਾਇਆ ਹੈ।

ਡਾ. ਏ.ਸੀ. ਬੈਨਰਜੀ ਨੇ ਗੁਰੂ ਨਾਨਕ ਯੂਨੀਵਰਸਿਟੀ ਦੇ *ਜਨਰਲ ਆਫ਼ ਸਿੱਖ ਸਟੱਡੀਜ਼* ਦੇ ਫ਼ਰਵਰੀ 1974 ਦੇ ਅੰਕ ਵਿਚ ਛਪੇ ਆਪਣੇ ਲੇਖ ਵਿਚ ਗੁਰੂ ਸਾਹਿਬ ਦੀ ਉਪਰੋਕਤ ਟੂਕ ਦੇ ਹਵਾਲੇ ਵਿਚ ਇਹ ਵਿਚਾਰ ਪੇਸ਼ ਕੀਤਾ ਹੈ:

> "In these lines we almost have an echo of the famous dictum : Render unto Caesar the things that are Caesar's. Instead of aiming at the destruction of the Mughal Empire the Guru

> recognizes it as a creation of God, legitimizes it in the eye of his followers by calling upon them to acknowledge the temporal authority of Babar's successors."

ਇਹ ਵਿਚਾਰ ਇਕ ਮਿਸਾਲ ਹੈ ਕਿ ਕਿਵੇਂ ਸਿੱਖ ਲਹਿਰ ਦਾ ਰਹੱਸ ਜਾਣੇ ਬਿਨਾਂ ਇਤਿਹਾਸਕ ਖੋਜ ਕੁਰਾਹੇ ਪੈ ਜਾਂਦੀ ਹੈ, ਕਿਉਂਕਿ ਮੀਰੀ-ਪੀਰੀ ਦੀ ਪਰੰਪਰਾ ਦਾ ਇਹ ਇਕ ਮਹੱਤਵਪੂਰਨ ਪੱਖ ਹੈ। ਇਸ ਲਈ ਉਪਰੋਕਤ ਵਿਚਾਰ ਦਾ ਵਿਸ਼ਲੇਸ਼ਣ ਜ਼ਰੂਰੀ ਹੈ। ਇਸ ਸਿਲਸਿਲੇ ਵਿਚ ਚਾਰ ਨੁਕਤੇ ਸਾਹਮਣੇ ਆਉਂਦੇ ਹਨ :

1. ਕੀ ਗੁਰੂ ਸਾਹਿਬ ਨੇ ਉਪਰੋਕਤ ਟੂਕ ਵਿਚ 'ਬਾਬਰ' ਸ਼ਬਦ ਪ੍ਰਤੀਕਾਤਮਕ ਰੂਪ ਵਿਚ ਵਰਤਿਆ ਹੈ ਜਾਂ ਇਤਿਹਾਸਕ ਅਰਥ ਵਿਚ ?
2. ਕੀ ਸਿੱਖਮਤਿ ਵਿਚ 'ਦੀਨ' ਤੇ 'ਦੁਨੀ' ਦੇ ਖੇਤਰਾਂ ਵਿਚਕਾਰ ਵਿਭਿੰਨਤਾ ਜਾਂ 'ਦੂਈ' ਪ੍ਰਵਾਨ ਹੈ ?
3. ਕੀ 'ਦੀਨ' ਵਾਂਗ 'ਦੁਨੀ' ਦੀਆਂ ਸਮਾਜਿਕ-ਰਾਜਨੀਤਕ ਸੰਸਥਾਵਾਂ ਦਾ ਕਰਤਾ ਅਕਾਲ ਪੁਰਖ ਹੈ ਜਾਂ ਮਨੁੱਖ ?
4. ਕੀ 'ਦੁਨੀ' ਦੀਆਂ ਸੰਸਥਾਵਾਂ (ਖ਼ਾਸ ਕਰ ਰਾਸ਼ਟਰ) ਜਨ ਪ੍ਰਸਾਦਿ ਅਧਿਕਾਰ ਪ੍ਰਾਪਤ ਕਰਦੀਆਂ ਹਨ ਜਾਂ ਰੱਬੀ ਰਜ਼ਾ ਤੋਂ ?

ਗੁਰੂ ਨਾਨਕ ਦੇਵ ਜੀ ਦੀ 'ਬਾਬਰਬਾਣੀ', ਗੁਰੂ ਸਾਹਿਬਾਨ ਵੱਲੋਂ ਅਕਾਲ ਪੁਰਖ ਨੂੰ ਦੁਨਿਆਵੀ ਪਾਤਸ਼ਾਹਾਂ ਦੇ ਮੁਕਾਬਲੇ ਸੱਚਾ ਪਾਤਸ਼ਾਹ ਕਹਿਣਾ; ਗੁਰੂ ਅਰਜਨ ਦੇਵ ਜੀ ਦੇ ਵੇਲੇ ਤੋਂ ਮੁਗ਼ਲ ਸਾਮਰਾਜ ਨਾਲ ਸਿੱਖ ਲਹਿਰ ਦੀ ਸਿੱਧੀ ਟੱਕਰ ਤੇ ਹੋਰ ਅਨੇਕਾਂ ਮਿਸਾਲਾਂ ਸਾਖੀ ਭਰਦੀਆਂ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਾਬਰ ਤੇ ਉਸ ਦੇ ਜਾਨਸ਼ੀਨਾਂ ਦੀ ਦੁਨੀ ਵਿਚ ਪ੍ਰਭੁਤਾ ਸਵੀਕਾਰ ਕਰਨ ਦਾ ਕੋਈ ਸਵਾਲ ਹੀ ਨਹੀਂ ਸੀ ਉਠਦਾ। ਮੀਰੀ ਦੀ ਕਿਰਪਾਨ ਧਾਰਨ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖ ਲਹਿਰ ਦੇ ਹਲਤਮੁਖੀ ਪ੍ਰਭੁਤਾ ਦੇ ਦਾਅਵੇ 'ਤੇ ਹੱਕ ਨੂੰ ਸਪੱਸ਼ਟ ਕਰ ਦਿੱਤਾ ਸੀ। ਸੋ ਸਿੱਧ ਹੈ ਕਿ 'ਬਾਬੇ ਕੇ, ਬਾਬਰ ਕੇ' ਸ਼ਬਦ ਪ੍ਰਤੀਕਾਤਮਕ ਰੂਪ ਵਿਚ ਵਰਤੇ ਗਏ ਹਨ। ਗੁਰੂ ਸਾਹਿਬ ਇਹ ਕਹਿ ਰਹੇ ਕਿ ਪਲਤਮੁਖੀ ਤੇ ਹਲਤਮੁਖੀ ਪ੍ਰਭੁਤਾ ਦੇ ਆਪਣੇ ਆਪਣੇ ਖੇਤਰ ਹਨ। ਮਨੁੱਖ ਦਾ, ਬਤੌਰ ਆਤਮ, ਦੀਨ ਨਾਲ ਸੰਬੰਧ ਹੈ ਤੇ ਬਤੌਰ ਇਕ ਵਿਅਕਤੀ ਦੁਨੀ ਨਾਲ ਨਾਤਾ ਹੈ। ਇਹ ਦੋਵੇਂ ਰਿਸ਼ਤੇ ਮਨੁੱਖੀ ਅਸਲੇ ਦੇ ਦੋ-ਪੱਖੀ ਕਿਰਦਾਰ ਵੱਲ ਸੰਕੇਤ ਕਰਦੇ ਹਨ। ਦੀਨ ਦੇ ਦੁਨੀ ਦੇ ਦੋਹਾਂ ਖੇਤਰਾਂ ਵਿਚਕਾਰ ਭਿੰਨਤਾ ਹੈ, ਵਿਭਿੰਨਤਾ ਨਹੀਂ। ਦੂਸਰੇ ਪਾਸੇ ਈਸਾ ਦਾ ਉਪਰੋਕਤ ਕਥਨ ਦੋਹਾਂ ਖੇਤਰਾਂ ਦੀ ਵਿਭਿੰਨਤਾ ਵੱਲ ਸੰਕੇਤ ਕਰਦਾ ਹੈ, ਜੋ ਖ਼ੁਦ ਮਨੁੱਖੀ ਅਸਲੇ ਦੇ ਪਲਤਮੁਖੀ ਤੇ ਹਲਤਮੁਖੀ ਪਹਿਲੂਆਂ ਦੀ 'ਦੂਈ' 'ਤੇ ਆਧਾਰਿਤ ਹੈ।

ਹੁਣ ਇਹ ਵੇਖਣਾ ਹੈ ਕਿ "ਆਪ ਕਰੇ ਪਰਮੇਸਰ ਸੋਉ" ਦੇ ਕੀ ਅਰਥ ਹਨ ? ਇਸ ਮਹਾਂਵਾਕ 'ਚੋਂ ਹਾਕਮ ਦੇ ਦੈਵੀ ਹੱਕ ਦੇ ਭਾਵ ਢੂੰਡਣਾ ਅਰਥ ਦਾ ਅਨਰਥ ਕਰਨਾ ਹੈ। ਸਵਾਲ ਇਹ ਹੈ ਕਿ ਦੁਨੀ ਦੀ ਸਮਾਜਿਕ-ਰਾਜਨੀਤਕ ਸੰਸਥਾ (ਰਾਸ਼ਟਰ) ਜਾਂ ਸਮੁੱਚੇ ਅਰਥਾਂ ਵਿਚ ਸਮਾਜੀ ਸੰਗਠਨ ਦੀ ਕੀ ਲੋੜ ਹੈ ? ਇਸ ਦਾ ਕੀ ਮਨੋਰਥ ਹੈ ? ਇਹ ਕਿਉਂ ਤੇ

ਕਿਵੇਂ ਹੋਂਦ ਵਿਚ ਆਉਂਦਾ ਹੈ ? ਇਸ ਸਵਾਲ ਦੇ ਮੋਟੇ ਤੌਰ 'ਤੇ ਤਿੰਨ ਜਵਾਬ ਪੇਸ਼ ਕੀਤੇ ਗਏ ਹਨ। ਕਲਾਸਕੀ ਯੂਨਾਨੀ ਫ਼ਲਸਫ਼ੇ ਅਨੁਸਾਰ ਸਮਾਜੀ ਸੰਗਠਨ ਮਨੁੱਖੀ ਅਸਲੇ ਨੂੰ ਰੂਪਮਾਨ ਕਰਨ ਲਈ, ਮਨੁੱਖ ਦੀ ਆਤਮ-ਪੂਰਤੀ ਲਈ ਲਾਜ਼ਮੀ ਹੈ। ਇਹ ਵਿਚਾਰ ਇਸ ਨਿਰਣੇ 'ਤੇ ਆਸ਼੍ਰਿਤ ਹੈ ਕਿ ਮਨੁੱਖੀ ਬਿਰਤੀ ਆਪਣੇ ਕੁਦਰਤੀ ਸੁਭਾਅ ਵਿਚ ਦੁਰਾਚਾਰੀ ਨਹੀਂ। ਈਸਾਈ ਮਤਿ ਅਨੁਸਾਰ ਮਨੁੱਖੀ ਬਿਰਤੀ ਆਪਣੇ ਕੁਦਰਤੀ ਸੁਭਾਅ ਵਿਚ ਦੁਰਾਚਾਰੀ ਹੈ, ਗੁਨਾਹ ਵੱਲ ਪ੍ਰੇਰੀ ਜਾਂਦੀ ਹੈ। ਇਸ ਲਈ ਸਮਾਜੀ ਸੰਗਠਨ ਦੁਰਾਚਾਰੀ ਬਿਰਤੀ ਨੂੰ ਸੰਜਮ ਵਿਚ ਰੱਖਣ ਲਈ ਜ਼ਰੂਰੀ ਹੈ। ਤੀਸਰਾ ਵਿਚਾਰ ਹੈ ਕਿ ਮਨੁੱਖੀ ਸੁਭਾਅ ਦੀ ਕੁਦਰਤੀ ਅਰਾਜਕਤਾ ਨੂੰ ਨਿਯੰਤ੍ਰਣ ਵਿਚ ਰੱਖਣ ਲਈ ਸਮਾਜੀ ਸੰਧੀ ਦੇ ਅਨੁਸਾਰ ਸਮਾਜੀ ਸੰਗਠਨ ਹੋਂਦ ਵਿਚ ਆਇਆ। ਪਰ ਇਥੇ ਇਹ ਸਵਾਲ ਉਠਦਾ ਹੈ ਕਿ ਜੇਕਰ ਮਨੁੱਖੀ ਸੁਭਾਅ ਕੁਦਰਤੀ ਤੌਰ 'ਤੇ ਆਪ-ਹੁਦਰਾ ਤੇ ਅਰਾਜਕਤਾਵਾਦੀ ਹੈ ਤਾਂ ਫਿਰ ਉਸ ਨੇ ਸਮਾਜੀ ਸੰਧੀ ਦੀ ਆਪਣੇ ਆਪ ਨੂੰ ਸੀਮਾ-ਬੱਧ ਕਿਵੇਂ ਕਰ ਲਿਆ। ਕਿਸ ਤਰ੍ਹਾਂ ਉਸ ਨੇ ਆਪਣੇ ਸੁਭਾਅ ਦੇ ਉਲਟ ਸੰਜਮ ਸਹੇੜ ਲਿਆ ? ਇਸ ਵਿਰੋਧਾਭਾਸ (paradox) ਵਿੱਚੋਂ ਨਿਕਲਣ ਦਾ ਇਕ ਰਾਹ ਇਹ ਹੈ ਕਿ ਸਮਾਜੀ ਸੰਗਠਨ ਸਮਾਜੀ ਸੰਧੀ ਦਾ ਪੈਦਾਵਾਰ ਨਹੀਂ। ਇਹ ਕਿਰਤਮ (ਮਨੁੱਖੀ) ਨਹੀਂ, ਬਲਕਿ ਈਸ਼ਵਰੀ ਕਿਰਤ ਹੈ।

ਇਹ ਸਮਾਜੀ ਸੰਜੋਗ ਦੀ ਧੁਰੋਂ ਕੀਤੀ ਹੋਈ (*a priori* condition) ਵਿਵਸਥਾ ਹੈ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ "ਆਪ ਕਰੇ ਪਰਮੇਸਰ ਸੋਊ" ਦੇ ਨਿਰਣੇ ਰਾਹੀਂ ਦਰਸਾਇਆ ਹੈ। ਈਸਾਈ ਮਤ ਵੀ ਸਮਾਜੀ ਸੰਗਠਨ ਅਥਵਾ ਦੁਨੀ-ਰਾਸ਼ਟਰ ਦਾ ਇਹੋ ਸੋਮਾ ਮੰਨਦਾ ਹੈ। ਪਰ ਸਿੱਖਮਤਿ ਈਸਾਈ ਮਤਿ ਨਾਲੋਂ ਇਸ ਸੰਬੰਧੀ ਦੋ ਪੱਖਾਂ ਤੋਂ ਵੱਖਰਾ ਹੈ। ਸਿੱਖਮਤਿ ਸਮਾਜੀ ਸੰਗਠਨ ਨੂੰ ਮਨੁੱਖ ਦੀ ਦੁਰਾਚਾਰੀ ਬਿਰਤੀ ਨੂੰ ਕਾਬੂ ਵਿਚ ਰੱਖਣ ਲਈ ਹੋਂਦ ਵਿਚ ਆਇਆ ਨਹੀਂ ਮੰਨਦਾ, ਸਗੋਂ ਯੂਨਾਨੀ ਵਿਚਾਰ ਵਾਂਗ ਸਮਾਜੀ ਸੰਗਠਨ ਨੂੰ ਮਨੁੱਖੀ ਅਸਲੇ ਦੇ ਮੂਰਤੀਮਾਨ ਹੋਣ ਦਾ ਸਾਧਨ ਸਵੀਕਾਰ ਕਰਦਾ ਹੈ। ਸਿੱਖਮਤਿ ਅਨੁਸਾਰ ਮਨੁੱਖ ਦੀ ਆਤਮ-ਪੂਰਤੀ ਸਮਾਜੀ ਸੰਗਠਨ ਵਿਚ ਹੀ ਸੰਭਵ ਹੈ। ਇਸੇ ਲਈ ਸਿੱਖੀ ਵਿਚ ਕਿਰਤ ਕਰਨਾ ਹੀ ਨਹੀਂ, ਸਗੋਂ ਸੰਗਤ ਵਿਚ ਨਾਮ ਜਪਣਾ ਤੇ ਪੰਗਤ ਵਿਚ ਵੰਡ ਛਕਣਾ ਸਮੂਹਿਕ ਅਮਲ ਹਨ। ਈਸਾਈ ਰਾਜ-ਸਿਧਾਂਤ ਨਾਲੋਂ ਸਿੱਖ ਰਾਜ-ਵਿਧਾਨ ਦਾ ਦੂਸਰਾ ਫ਼ਰਕ ਇਹ ਹੈ ਕਿ ਸਿੱਖਮਤਿ ਅਨੁਸਾਰ ਭਾਵੇਂ ਸਮਾਜੀ ਸੰਗਠਨ, ਅਰਥਾਤ ਰਾਸ਼ਟਰ, ਬਤੌਰ ਸੰਸਥਾ ਦੇ, ਧੁਰੋਂ ਵਿਵਸਥਿਤ ਹੈ, ਪਰ ਹਾਕਮ ਹਕੂਮਤ ਕਰਨ ਦਾ ਹੱਕ ਧੁਰੋਂ ਲਿਖਾ ਕੇ ਨਹੀਂ ਲਿਆਇਆ। ਉਸ ਦੇ ਅਧਿਕਾਰ ਤੇ ਇਖ਼ਤਿਆਰ ਦਾ ਆਧਾਰ ਜਨ-ਪ੍ਰਸਾਦ ਹੈ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਇਉਂ ਦਰਸਾਇਆ ਹੈ :

> **ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੀ ਕ੍ਰਿਪਾ ਫੁਨਿ ਧਾਮ ਭਰੇ ॥**
> **ਇਨ ਹੀ ਕੇ ਪ੍ਰਸਾਦਿ ਜੁ ਬਿਦਯਾ ਲਈ ਇਨ ਹੀ ਕੀ ਕ੍ਰਿਆ ਸਭ ਸੱਤ੍ਰ ਮਰੇ ॥**
> **ਅਘ ਓਘ ਟਰੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੇ ਪ੍ਰਸਾਦਿ ਸੁਦਾਨ ਕਰੇ ॥**
> **ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀਂ ਮੋ ਸੋ ਗਰੀਬ ਕਰੋਰ ਪਰੇ ॥**

ਇਸ ਤਰ੍ਹਾਂ ਗੁਰ-ਪ੍ਰਸਾਦਿ ਨੂੰ ਜਨ-ਪ੍ਰਸਾਦਿ ਨਾਲ ਜੋੜ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਹਲਤ-ਮੁਖੀ ਪ੍ਰਭੁਤਾ (ਮੀਰੀ) ਨੂੰ ਲੋਕ-ਤੰਤ੍ਰੀ ਰੂਪ-ਰੇਖਾ ਪ੍ਰਦਾਨ ਕੀਤੀ ਹੈ। ਖ਼ਾਲਸਾ-ਤੰਤ੍ਰ ਲੋਕ-ਤੰਤ੍ਰ ਦਾ ਆਦਰਸ਼-ਰੂਪ ਹੈ।

ਕਿਰਪਾਨ ਕਿਉਂਕਿ ਸ਼ਕਤੀ ਦਾ ਸ਼ਸਤਰ ਹੈ, ਇਸ ਲਈ ਇਸ ਨੂੰ ਮੀਰੀ ਦਾ ਚਿੰਨ੍ਹ ਬਣਾਇਆ ਜਾਣਾ ਤਾਂ ਸਹਿਜੇ ਹੀ ਸਮਝ ਆ ਸਕਦਾ ਹੈ, ਪਰ ਪੀਰੀ ਲਈ ਵੀ ਕਿਰਪਾਨ ਦਾ ਚਿੰਨ੍ਹ ਹੀ ਕਿਉਂ ਵਰਤਿਆ ਗਿਆ ਹੈ ? ਅਕਾਲ ਪੁਰਖ ਜੋ ੧ੴ ਰੂਪ ਵਿਚ ਨਿਰਗੁਣ, ਨਿਰਾਕਾਰ ਹੈ, ਸਰਗੁਣ ਰੂਪ ਵਿਚ 'ਕਰਤਾ' ਹੈ, ਸਿਰਜਣਹਾਰ ਹੈ। ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਖੰਡਾ, ਖੜਗ ਆਦਿ ਅਕਾਲ-ਪੁਰਖ ਦੀ ਸਿਰਜਣਾਤਮਕ ਸ਼ਕਤੀ ਦੇ ਪ੍ਰਤੀਕ ਹਨ :

ਖੰਡਾ ਪ੍ਰਿਥਮੈ ਸਾਜਿਕੈ
ਜਿਨ ਸਭ ਸੈਸਾਰੁ ਉਪਾਇਆ ॥

(ਚੰਡੀ ਦੀ ਵਾਰ)

ਇਸ ਲਈ ਅਕਾਲ ਪੁਰਖ ਨਿਰਗੁਣ ਨਿਰਾਕਾਰ ਅਵਸਥਾ ਤੋਂ 'ਕਰਤਾ' ਦੇ ਸਰਗੁਣ ਰੂਪ ਵਿਚ ਖੜਗਧਾਰੀ ਦਿਸ ਆਉਂਦਾ ਹੈ :

ਨਿਰੰਕਾਰ ਨ੍ਰਿਤਯੰ ਨਿਰੂਪੰ ਨਿਰਬਾਣੰ ॥
ਕਲੰ ਕਾਰਣੇਯੰ ਨਮੋਂ ਖੜਗ ਪਾਣੰ ॥

(ਬਚਿੱਤ੍ਰ ਨਾਟਕ)

ਇਸ ਲਈ ਖੜਗ ਪੀਰੀ ਦਾ ਚਿੰਨ੍ਹ ਵੀ ਹੈ।

ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖ ਪਾਸ ਜੋ ਦਾਤ ਹੈ, ਉਹ ਉਸ ਦਾਤ ਰਾਹੀਂ ਹੀ ਪਰਮ ਹਸਤੀ ਨੂੰ ਚਿਤਵਦਾ ਹੈ, ਉਸ ਲਈ ਉਹ ਦਾਤ ਹੀ ਅਕਾਲ ਪੁਰਖ ਦਾ ਨਿਸ਼ਾਨ ਯਾਨੀ ਚਿੰਨ੍ਹ ਹੁੰਦੀ ਹੈ :

ਗਾਵੈ ਕੋ ਦਾਤਿ ਜਾਣੈ ਨੀਸਾਣੁ ॥

(ਜਪੁ ਜੀ)

ਸਮੁੱਚੇ ਤੌਰ 'ਤੇ ਮਨੁੱਖ ਪਾਸ ਚਾਰ ਦਾਤਾਂ ਹਨ :

1. ਬੁੱਧ ਬਿਬੇਕ (cognition), ਜਿਸ ਦਾ ਖੇਤਰ ਹੈ logic ਤੇ metaphysics;
2. ਨੈਤਿਕ ਚੇਤਨਾ (conation), ਜਿਸ ਦਾ ਖੇਤਰ ਹੈ ਨੈਤਿਕ (ethics);
3. ਸੌਂਦਰਯ-ਅਨੁਭਵ, ਜਿਸ ਦਾ ਖੇਤਰ ਹੈ ਕਲਾ
4. ਅਤੇ ਤਾਣ ਜੋ ਕਰਮ-ਖੇਤਰ ਵਿਚ ਵਿਚਰਦਾ ਹੈ।

ਇਹ ਚਾਰ ਦਾਤਾਂ ਪਰਮਹਸਤੀ ਨੂੰ ਜਾਨਣ ਦੀਆਂ ਚਾਰ ਵਿਧੀਆਂ (modes) ਹਨ। ਸੌਂਦਰਯ-ਅਨੁਭਵ ਵਿਚ ਅਕਾਲ ਪੁਰਖ ਸਗੁਣ-ਰੂਪ (aesthetic attribute) ਵਿਚ ਨਜ਼ਰ ਆਉਂਦਾ ਹੈ :

ਸਤਿ ਸੁਹਾਣੁ ਸਦਾ ਮਨਿ ਚਾਉ ॥

(ਜਪੁ ਜੀ)

ਕੁਝ ਮਨੁੱਖ ਵਾਹਿਗੁਰੂ ਨੂੰ ਨੈਤਿਕ ਗੁਣਾਂ (ethical attributes) ਵਿਚ ਤੇ ਕੁਝ ਹੋਰ ਉਸ ਨੂੰ metaphysical attributes ਰਾਹੀਂ ਗਾਉਂਦੇ ਹਨ :

ਗਾਵੈ ਕੋ ਗੁਣ ਵਡਿਆਈਆ ਚਾਰ ॥

... ...

ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥

(ਜਪੁ ਜੀ)

ਇਸੇ ਤਰ੍ਹਾਂ ਜਿਸ ਪਾਸ ਤਾਣ ਦੀ ਦਾਤ ਜਾਂ ਵਿਧੀ ਹੈ, ਉਹ ਅਕਾਲ ਪੁਰਖ ਨੂੰ ਤਾਣ-ਗੁਣ (vitalistic attribute) ਵਿਚ ਸਿਮਰਦਾ ਹੈ :

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥

(ਜਪੁ ਜੀ)

ਇਸ ਸਰੂਪ ਵਿਚ ਅਕਾਲ ਪੁਰਖ ਦਾ ਚਿੰਨ੍ਹ ਖੜਗ ਹੈ।

ਹਵਾਲੇ ਤੇ ਟਿੱਪਣੀਆਂ

1. *The Punjab Past and Present*, edited by Ganda Singh, Vol. III, Part I, Punjabi University, Patiala, 1973, p. 175.
2. *Political Ideas*, edited by David Thomson, Pelican Books, 1972, p. 36.

14

ਅਕਾਲ ਤਖ਼ਤ ਅਤੇ ਅਜੋਕਾ ਵਿਸ਼ਵ-ਚਿੰਤਨ

ਗੁਰਭਗਤ ਸਿੰਘ

ਅਕਾਲ ਤਖ਼ਤ ਕੇਵਲ ਸਿੱਖਾਂ ਦੀ ਹੀ ਵਿਸ਼ੇਸ਼ ਸੰਸਥਾ ਨਹੀਂ, ਸਗੋਂ ਸਭ ਸਭਿਆਚਾਰਾਂ/ਕੌਮਾਂ ਅਤੇ ਕੁਲ ਮਨੁੱਖ ਜਾਤੀ ਦੀ ਵਿਸ਼ੇਸ਼ ਸੰਸਥਾ ਹੈ। ਇਸ ਦੀਆਂ ਜਿੰਮੇਂਵਾਰੀਆਂ ਬਹੁ-ਪੱਖੀ ਅਤੇ ਵਿਸ਼ਵਾਰਥੀ ਹਨ ਕਿਉਂਕਿ ਇਸ ਸੰਸਥਾ ਨੂੰ "ਅਕਾਲ" ਦੀ ਸੰਸਥਾ ਵਜੋਂ ਚਿਤਵਿਆ ਗਿਆ ਹੈ ਇਸ ਲਈ ਇਸ ਦਾ ਸੁਤੰਤਰ ਤੌਰ 'ਤੇ ਬਿਨਾਂ ਕਿਸੇ ਸੰਕੀਰਣ ਰਾਜਨੀਤਕ ਅਨੁਸ਼ਾਸਨ ਦੇ, ਕ੍ਰਿਆਵੰਤ ਰਹਿਣਾ ਜ਼ਰੂਰੀ ਹੈ।

ਅਕਾਲ ਤਖ਼ਤ ਦੀ ਸਿਰਜਣਾ ਅਤੇ ਸਾਜਨਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 15 ਜੂਨ 1606 ਈਸਵੀ ਨੂੰ ਕੀਤੀ। ਗੁਰੂ ਸਾਹਿਬ ਨੇ ਇਸ ਦਾ ਕੋਨ ਪੱਥਰ ਆਪਣੇ ਕਰ ਕਮਲਾਂ ਨਾਲ ਰੱਖਿਆ। ਬਾਬਾ ਬੁੱਢਾ ਅਤੇ ਭਾਈ ਗੁਰਦਾਸ ਨੇ ਉਸਾਰੀ ਦਾ ਕੰਮ ਸੰਪੂਰਨ ਕੀਤਾ। ਬਾਬਾ ਬੁੱਢਾ ਜੀ ਗੁਰੂ ਘਰ ਦੇ ਨਿਸ਼ਕਾਮ ਸੇਵਕ ਅਤੇ ਗੁਰਗੱਦੀ ਬਦਲਣ ਸਮੇਂ ਲੋੜੀਂਦੀ ਰਸਮ ਕਰਨ ਦਾ ਮਾਣ ਹਾਸਲ ਕਰਨ ਵਾਲੇ ਸਨ। ਭਾਈ ਗੁਰਦਾਸ ਗੁਰੂ ਘਰ ਦੇ ਪਰਮ ਵਿਆਖਿਆਕਾਰ ਅਤੇ ਸਿੱਖੀ ਦੀ ਮੌਲਿਕਤਾ ਸਮਝਣ ਵਾਲੇ ਵਿਦਵਾਨ ਸਨ। ਅਕਾਲ ਤਖ਼ਤ ਦੀ ਇਮਾਰਤ ਦਰਬਾਰ ਸਾਹਿਬ ਵਿਚ ਹਰਿਮੰਦਰ ਸਾਹਿਬ ਦੇ ਸਾਹਮਣੇ ਬਣਾਈ ਗਈ। ਇਸ ਦੇ ਦਾਰਸ਼ਨਿਕ ਅਰਥ ਇਹ ਹਨ ਕਿ ਅਕਾਲ ਤਖ਼ਤ ਤੋਂ ਹੋਣ ਵਾਲੀ ਸਮੁੱਚੀ ਕਾਰਵਾਈ, ਧਰਮ ਦੀ ਉਚੇਰੀ ਦ੍ਰਿਸ਼ਟੀ ਅਤੇ ਨੈਤਿਕਤਾ ਅਧੀਨ ਹੈ। ਅਕਾਲ ਤਖ਼ਤ, "ਸ੍ਰੀ ਗੁਰੂ ਗ੍ਰੰਥ ਸਾਹਿਬ" ਦੀ ਸੋਚ ਅਤੇ ਅਨੁਭਵ-ਵਿਧਾਨ ਅਨੁਸਾਰ ਚੱਲਣ ਵਾਲੀ ਸੰਸਥਾ ਹੈ, ਜਾਂ ਇਹ ਵੀ ਕਹਿ ਸਕਦੇ ਹਾਂ ਕਿ ਇਹ ਇਸ ਪਰਮ ਗ੍ਰੰਥ ਦਾ ਹੀ ਵਿਸਥਾਰ ਹੈ।

ਅਕਾਲ ਤਖ਼ਤ ਦੇ ਨਾਂ ਵਿਚ ਆਉਣ ਵਾਲੇ ਦੋਵੇਂ ਸ਼ਬਦ 'ਅਕਾਲ' ਦੇ ਮਹੱਤਵਪੂਰਨ ਸ਼ਬਦ ਹਨ। ਮੂਲ ਮੰਤਰ ਵਿਚ 'ਅਕਾਲ' ਕਰਤਾਪੁਰਖ ਦੀ ਸਦੀਵਤਾ ਦੱਸਣ ਲਈ ਇਕ ਵਿਸ਼ੇਸ਼ਣ ਵਜੋਂ ਵਰਤਿਆ ਗਿਆ ਹੈ। ਜਿਵੇਂ ਕਿ ਕੁਝ ਵਿਦਵਾਨਾਂ ਨੇ ਪਹਿਲਾਂ ਇਹ ਦੱਸਿਆ ਵੀ ਹੈ "ਤਖ਼ਤ" ਸ਼ਬਦ ਰਾਇ ਬਲਵੰਡਿ ਅਤੇ ਭਾਈ ਸਤੇ ਦੀ ਰਚੀ 'ਰਾਮਕਲੀ ਦੀ ਵਾਰ' ਵਿਚ ਵਰਤਿਆ ਗਿਆ ਹੈ। "ਝੁਲੇ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ"। ਫਿਰ ਗੁਰੂ ਅਰਜਨ ਦੇਵ ਬਾਰੇ ਇਸੇ ਵਾਰ ਵਿਚ ਆਉਂਦਾ ਹੈ। "ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ।" ਇਥੇ ਦੋ ਗੱਲਾਂ ਸਪੱਸ਼ਟ ਹੁੰਦੀਆਂ ਹਨ। ਇਕ ਤਾਂ ਇਹ ਕਿ ਜਿਸ ਤਖ਼ਤ ਉੱਤੇ ਗੁਰੂ ਸਾਹਿਬ ਬੈਠੇ ਹਨ ਉਸ ਉੱਤੇ ਨਿਰੰਜਨੀ ਛੱਤਰ ਹੈ, ਜਾਂ ਅਕਾਲ ਦੀ ਸਰਪ੍ਰਸਤੀ ਹੈ। ਦੂਜੀ ਇਹ ਕਿ ਇਸ ਤਖ਼ਤ ਉੱਤੇ ਬੈਠਾ ਗੁਰੂ ਚੰਦ ਵਾਂਗ ਚਮਕ ਰਿਹਾ ਹੈ। ਇਹ ਤਖ਼ਤ ਰੌਸ਼ਨੀ ਹੈ।

ਨਿਰੰਜਨੀ ਛੱਤਰ ਵਾਲਾ ਰੌਸ਼ਨ ਤਖ਼ਤ 'ਸੱਚੇ ਪਾਤਿਸਾਹੁ' ਦਾ ਹੈ। ਜੇ ਉਸ ਦੀ ਸਿਫ਼ਤ

ਕੀਤੀ ਜਾਵੇ ਤਾਂ ਅਰਸ਼ੇ, ਕੁਰਸੇ, ਸਮੁੱਚੇ ਈਸ਼ਵਰੀ ਮੰਡਲ ਤੇ ਨੂਰ ਵਰ੍ਹਦਾ ਹੈ। ਗੁਰੂ ਸਾਹਿਬਾਨ ਇਸੇ ਤਖ਼ਤ ਉੱਤੇ ਬਿਰਾਜਮਾਨ ਹਨ, ਭਾਈ ਬਲਵੰਡ ਅਤੇ ਭਾਈ ਸਤੇ ਅਨੁਸਾਰ ਅਕਾਲ ਤਖ਼ਤ ਦੀ ਸਿਰਜਣਾ ਅਤੇ ਸਾਜਨਾ ਪਿਛੋਂ ਗੁਰਬਾਣੀ ਵਿਚ ਸਿਰਜੇ ਤਖ਼ਤ ਦਾ ਮਾਡਲ ਹੀ ਕੰਮ ਕਰਦਾ ਹੈ। ਗੁਰੂ ਅਮਰਦਾਸ ਜੀ ਨੇ ਵਾਰ ਮਾਰੂ ਵਿਚ ਫੁਰਮਾਇਆ ਹੈ ਕਿ ਤਖ਼ਤ ਉੱਤੇ ਉਹੀ ਰਾਜਾ ਬੈਠਦਾ ਹੈ ਜੋ ਉਸ ਦੇ ਲਾਇਕ ਹੋਵੇ ("ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ")। ਗੁਰੂ ਨਾਨਕ ਦੇਵ ਜੀ ਮਾਰੂ ਸੋਹਲੇ ਵਿਚ ਇਹ ਧਾਰਨਾ ਦਿੰਦੇ ਹਨ। "ਤਖਤ ਬਹੈ ਤਖਤੈ ਕੀ ਲਾਇਕ"। ਜੇ ਤਖ਼ਤ ਉੱਤੇ ਬੈਠਾ ਵਿਅਕਤੀ ਆਪਣੀ "ਵਜਹੁ" ਜਾਂ ਸਮਝ/ਆਚਾਰ ਜਿਸ ਕਾਰਨ ਉਸ ਨੂੰ ਤਖ਼ਤ ਮਿਲਿਆ ਹੈ ਗਵਾ ਲਵੇ ਤਾਂ ਉਸ ਨੂੰ ਤਖ਼ਤ ਉੱਤੇ ਬੈਠਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਇਹ ਵਿਚਾਰ ਗੁਰੂ ਨਾਨਕ ਦੇਵ ਜੀ ਨੇ "ਦਖਣੀ ਓਅੰਕਾਰ" ਵਿਚ ਬੜੀ ਸ਼ਿੱਦਤ ਨਾਲ ਸਥਾਪਿਤ ਕੀਤੀ ਹੈ। "ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੇਇ।"

ਨਿਰੰਜਨੀ ਛੱਤਰ ਵਾਲਾ, ਰੌਸ਼ਨ, ਸੱਚੇ ਪਾਤਸ਼ਾਹ ਦਾ ਤਖ਼ਤ ਹੀ ਅਕਾਲ ਤਖ਼ਤ ਹੈ। ਚੇਤੰਨ ਤੌਰ 'ਤੇ ਇਹ ਤਖ਼ਤ ਉਨ੍ਹਾਂ ਝੂਠੇ ਪਾਤਸ਼ਾਹਾਂ ਦੇ ਵਿਰੁੱਧ ਸਥਾਪਿਤ ਕੀਤਾ ਗਿਆ ਸੀ ਜੋ ਲਹੂ ਪੀਣੇ ਸ਼ੀਂਹ ਬਣ ਚੁੱਕੇ ਸਨ ਅਤੇ ਜੋ ਸੱਚੇ ਪਾਤਸ਼ਾਹ ਦੀ ਤੁਲਨਾ ਵਿਚ ਅਕਾਲ ਹੋਣ ਦੀ ਥਾਂ ਫ਼ਾਨੀ ਸਨ। ਉਨ੍ਹਾਂ ਬਾਰੇ ਗੁਰੂ ਨਾਨਕ ਦੇਵ ਜੀ ਨੇ ਆਖਿਆ ਸੀ : "ਰਾਜੇ ਰਾਇ ਰੰਕ ਨਹੀ ਰਹਣਾ ਆਇ ਜਾਇ ਜੁਗ ਚਾਰੇ।" ਗੁਰੂ ਨਾਨਕ ਦੇਵ ਜੀ ਤੋਂ ਵਿਗਸਿਤ ਹੋ ਰਹੇ ਤਖ਼ਤ ਦੇ ਸੰਕਲਪ ਨੇ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਇਕ ਨਿਸ਼ਚਿਤ ਸੰਸਥਕ ਰੂਪ ਧਾਰਿਆ। ਇਹ ਗੁਰੂ ਸਾਹਿਬਾਨ ਦੀ ਦੂਰ-ਦਰਿਸ਼ਤਾ ਹੀ ਨਹੀਂ ਸਗੋਂ ਇਤਿਹਾਸਕ-ਸਮਾਜਕ ਸੰਗਠਨਾਂ ਅਤੇ ਮਨੁੱਖੀ ਮਨੋ-ਸਰੀਰਕ ਯਥਾਰਥ ਦੀ ਬਰੀਕ ਸੂਝ ਦਾ ਵੀ ਪ੍ਰਮਾਣ ਹੈ ਕਿ ਉਹਨਾਂ ਨੇ ਸਾਡੀ ਸਮਕਾਲੀ ਸੋਚ ਤੋਂ ਕਿੰਨੇ ਸੌ ਸਾਲ ਪਹਿਲਾਂ ਇਹ ਪਛਾਣਿਆ ਕਿ ਜੇ ਸਮਾਜ ਅਤੇ ਮਨੁੱਖ ਵਿਚ ਤਬਦੀਲੀ ਲਿਆਵਣੀ ਹੈ ਤਾਂ ਉਹ ਸੰਸਥਾਵਾਂ ਵੀ ਬਦਲਣੀਆਂ ਪੈਣਗੀਆਂ ਜਿਥੋਂ ਸਮਾਜ ਅਤੇ ਮਨੁੱਖ ਦਾ ਵਿਗਾੜ ਆਰੰਭ ਹੁੰਦਾ ਹੈ।

ਅਜੋਕਾ ਵਿਸ਼ਵ ਚਿੰਤਨ, ਜਿਸ ਵਿਚ ਪੱਛਮ ਦਾ ਵੱਡਾ ਭਾਗ ਹੈ, ਅਸਲ ਵਿਚ ਨੀਟਸ਼ੇ ਤੋਂ ਆਰੰਭ ਹੁੰਦਾ ਹੈ। ਉਨ੍ਹੀਵੀਂ ਸਦੀ ਦੇ ਇਸ ਕ੍ਰਾਂਤੀਕਾਰੀ ਦਾਰਸ਼ਨਿਕ ਨੇ ਇਸ ਗੱਲ ਵੱਲ ਧਿਆਨ ਦੁਆਇਆ ਕਿ ਗਿਆਨ ਅਤੇ ਸੰਸਥਾਵਾਂ ਸ਼ਕਤੀ ਨਾਲ ਸਬੰਧਤ ਹਨ। ਆਪਣੀ ਪੁਸਤਕ "ਸ਼ਕਤੀ ਲਈ ਇੱਛਾ" ਵਿਚ ਉਹ ਸਪੱਸ਼ਟ ਤੌਰ 'ਤੇ ਕਹਿੰਦਾ ਹੈ ਕਿ "ਗਿਆਨ ਸ਼ਕਤੀ ਦੇ ਸੰਦ ਵਜੋਂ ਕੰਮ ਕਰਦਾ ਹੈ।" ਹਰ ਉਤੇਜਨਾ ਰਾਜ ਕਰਨ ਦੀ "ਹਵਸ" ਨਾਲ ਜੁੜੀ ਹੋਈ ਹੈ। ਇਸ ਲਈ ਸੰਸਥਾਵਾਂ ਵੀ ਇਸੇ ਹਵਸ ਵਿਚੋਂ ਜਨਮ ਲੈਂਦੀਆਂ ਹਨ। ਇਥੋਂ ਇਹ ਨਤੀਜਾ ਕੱਢਣਾ ਔਖਾ ਨਹੀਂ। ਨੀਟਸ਼ੇ ਅਨੁਸਾਰ ਸੱਚ, ਚੇਤਨਤਾ, ਇੱਛਾ, ਨਿਆਇ, ਆਤਮਾ ਵੀ ਗਲਪ-ਕਲਪਨਾਵਾਂ ਹਨ ਜੋ ਸੱਤਾਧਾਰੀ ਵਰਗ ਆਪਣੇ ਹਿੱਤਾ ਅਨੁਸਾਰ ਉਸਾਰ ਲੈਂਦੇ ਹਨ। ਨੀਟਸ਼ੇ ਦੀ ਸੋਚ ਨੂੰ ਹੋਰ ਗੁੰਝਲਦਾਰ ਬਣਾਉਣ ਵਾਲਾ ਅਤੇ ਮਨੁੱਖੀ ਵਿਗਾੜ ਨੂੰ ਸੰਸਥਾਵਾਂ ਦੀ ਜ਼ਿੰਮੇਵਾਰੀ ਨਾਲ ਜੋੜਨ ਵਾਲਾ ਦੂਜਾ ਵੱਡਾ ਚਿੰਤਕ ਕਾਰਲ ਮਾਰਕਸ ਹੈ। ਉਸ ਨੇ ਆਪਣੀਆਂ ਰਚਨਾਵਾਂ "ਦਾਸ ਕੈਪੀਟਲ", "ਜਰਮਨ ਈਡੀਆਲੋਜੀ", ਆਦਿ ਵਿਚ ਇਹ ਸਥਾਪਿਤ ਕੀਤਾ ਕਿ ਵਿਚਾਰ, ਸੰਕਲਪ, ਚੇਤਨਾ, ਭਾਸ਼ਾ ਆਦਿ ਸਿੱਧੇ ਹੀ ਪਦਾਰਥਕ ਕ੍ਰਿਆ ਨਾਲ ਜੁੜੇ ਹੋਏ ਹਨ। ਇਸ ਦਾ ਅਰਥ

ਇਹ ਹੈ ਕਿ ਸਮੇਂ ਦੇ ਰਾਜਨੀਤਕ, ਆਰਥਿਕ ਅਤੇ ਸਮਾਜਕ ਸੰਸਥਾਵਾਂ ਹੀ ਮਨੁੱਖੀ ਸੋਚ ਨੂੰ ਘੜਦੀਆਂ ਹਨ। ਜੇ ਉਨ੍ਹਾਂ ਵਿਚ ਕੇਵਲ ਸ਼ਾਸ਼ਕ ਵਰਗ ਦੇ ਹਿੱਤਾਂ ਨੂੰ ਪੂਰਨ ਦੀ ਇੱਛਾ ਹੀ ਮੌਜੂਦ ਹੈ ਤਾਂ ਉਹ ਮਨੁੱਖਾਂ ਦੇ ਮਨ ਅਤੇ ਸਰੀਰ ਨੂੰ ਵੀ ਉਸੇ ਅਨੁਸਾਰ ਘੜਨਗੇ। ਜਿਸ ਨੂੰ ਅਸੀਂ "ਮਾਨਸਿਕ ਸੁਤੰਤਰਤਾ" ਜਾਂ "ਸੁਤੰਤਰ ਇੱਛਾ ਸ਼ਕਤੀ" ਆਖਦੇ ਹਾਂ, ਉਹ ਇਨ੍ਹਾਂ ਸੰਸਥਾਵਾਂ ਰਾਹੀਂ ਸ਼ਾਸਕ ਵਰਗ ਵਲੋਂ ਹਥਿਆ ਲਈ ਜਾਂਦੀ ਹੈ। ਇਸ ਲਈ ਮਾਰਕਸ ਨੇ ਅਜਿਹੀਆਂ ਸੰਸਥਾਵਾਂ ਨੂੰ ਚੇਤੰਨ ਕ੍ਰਾਂਤੀ ਰਾਹੀਂ ਤੋੜਣ-ਭੰਨਣ ਲਈ ਪ੍ਰੇਰਿਆ ਤਾਂ ਕਿ ਨਵੇਂ ਆਜ਼ਾਦੀ ਬਹਾਲ ਕਰਨ ਵਾਲੇ ਸੰਗਠਨ ਉਸਾਰੇ ਜਾ ਸਕਣ।

ਅਕਾਲ ਤਖ਼ਤ ਦੀ ਸਿਰਜਨਾ ਅਤੇ ਸਾਜਨਾ ਵੀ ਝੂਠੇ ਪਾਤਸ਼ਾਹਾਂ ਦੇ ਤਖ਼ਤ ਦੀ ਪ੍ਰਾਥਮਕਿਤਾ ਖ਼ਤਮ ਕਰਨ ਲਈ ਹੋਈ। ਘੱਟੋ-ਘੱਟ ਇਸ ਪਿੱਛੇ ਕੰਮ ਕਰ ਰਹੀ ਇੱਛਾ ਇਨ੍ਹਾਂ ਝੂਠੇ ਪਾਤਸ਼ਾਹਾਂ ਦੇ ਤਖ਼ਤ ਨੂੰ ਲੋਕਾਂ ਦੇ ਮਨ ਵਿਚ ਨਿਗੂਣਾ ਕਰਨ ਦੀ ਜ਼ਰੂਰ ਸੀ। ਇਉਂ ਅਕਾਲ ਤਖ਼ਤ ਇਕ ਦੋਹਰੀ ਖੜਗ ਸੀ। ਮੀਰੀ ਅਤੇ ਪੀਰੀ ਦੀ। ਗੁਰੂ ਹਰਿਗੋਬਿੰਦ ਸਾਹਿਬ ਨੇ ਦੋ ਤਲਵਾਰਾਂ ਪਹਿਨੀਆਂ। ਇਹ ਤਲਵਾਰਾਂ ਕੇਵਲ ਹਥਿਆਰ ਨਹੀਂ ਹਨ, ਅਕਾਲ ਤਖ਼ਤ ਦਾ ਰੂਪਕ ਹਨ। ਇਸ ਦੀ ਵਿਚਾਰਧਾਰਾ ਨੂੰ ਸਾਕਾਰ ਕਰਨ ਵਾਲੇ ਦੋ ਪ੍ਰਤੀਕ ਜਾਂ ਵਕ੍ਰੋਕਤੀਆਂ, ਜੋ ਸੰਖੇਪ ਵਿੱਚ, ਵਿਸ਼ਾਲ ਦ੍ਰਿਸ਼ਟੀ ਨੂੰ ਪ੍ਰਗਟ ਕਰ ਰਹੀਆਂ ਹਨ। ਮੀਰੀ ਵਿਚ ਰਾਜਨੀਤਕ, ਸਮਾਜਕ ਅਤੇ ਆਰਥਿਕ ਮਸਲਿਆਂ ਨਾਲ ਸਬੰਧਤ ਉਹ ਸਭ ਵਿਚਾਰ ਸ਼ਾਮਲ ਹਨ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਪੈਰਾਡਾਈਮ ਦਾ ਹਿੱਸਾ ਹਨ। ਪੀਰੀ ਵਿਚ ਉਹ ਸਭ ਗੱਲਾਂ ਆ ਜਾਂਦੀਆਂ ਹਨ ਜੋ ਧਰਮ, ਨੈਤਿਕਤਾ, ਪਰਾ-ਭੌਤਿਕ ਵਿਗਿਆਨ ਸੰਬੰਧੀ ਗੁਰਬਾਣੀ ਦੀ ਮੌਲਿਕਤਾ ਹਨ। ਪਰ ਸਮਝਣ ਵਾਲੀ ਗੱਲ ਇਹ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਅਤੇ ਪੀਰੀ ਨੂੰ ਖੜਗ ਰਾਹੀਂ ਹੀ ਕਿਉਂ ਸਾਕਾਰ ਕੀਤਾ? ਉਹ ਕੋਈ ਹੋਰ ਚਿੰਨ੍ਹ ਜਾਂ ਪ੍ਰਤੀਕ ਵੀ ਵਰਤ ਸਕਦੇ ਸਨ। ਬਲਵੰਡਿ ਅਤੇ ਸਤੇ ਦੀ ਵਾਰ ਵਿਚ ਅਕਾਲ ਪੁਰਖ ਦੇ ਗਿਆਨ ਨੂੰ "ਖੜਗਿ" ਆਖਿਆ ਗਿਆ ਹੈ ਜਿਸ ਦੇ ਜ਼ੋਰ ਨਾਲ ਗੁਰੂ ਅੰਗਦ ਦੇਵ ਜੀ ਨੂੰ ਗੱਦੀ ਉੱਤੇ ਸਜਣ ਸਮੇਂ ਚਾਨਣ ਹੋਇਆ।

ਖੜਗ ਦਾ ਸੰਕਲਪ ਵਜੋਂ ਸੰਪੂਰਨ ਰੂਪ ਗੁਰੂ ਗੋਬਿੰਦ ਸਿੰਘ ਜੀ ਦੇ "ਬਿਚਿਤ੍ਰ ਨਾਟਕ" ਵਿਚ ਹੈ ਜਿਥੇ ਅਕਾਲ ਪੁਰਖ ਨੂੰ ਸ੍ਰੀ ਖੜਗ ਵਜੋਂ ਨਮਸਕਾਰ ਕੀਤੀ ਗਈ ਹੈ। ਇਸ ਖੜਗ ਨੂੰ "ਤੇਜ ਪਰਚੰਡੰ" ਅਤੇ "ਜੋਤਿ ਅਮੰਡੰ" ਆਖਿਆ ਗਿਆ ਹੈ। ਖੜਗ ਨੂੰ ਖੁਦਬਖ਼ੁਦ ਜਗੀ ਹੋਈ ਜੋਤ ਆਖਣਾ ਇਸ ਨੂੰ ਕੇਵਲ ਜੰਗੀ ਹਥਿਆਰ ਹੋਣ ਦੀ ਥਾਂ ਜੀਵਨ ਨੂੰ ਰੋਸ਼ਨੀ ਦੇਣ ਵਾਲੀ ਸ਼ਕਤੀ ਮੰਨਣਾ ਹੈ।

ਅਕਾਲ ਤਖ਼ਤ, ਉਹ ਗੱਦੀ ਹੈ, ਉਹ ਸੰਸਥਾ ਹੈ ਜਿਸ ਨੇ ਰਾਜਨੀਤੀ, ਆਰਥਿਕਤਾ (ਮੀਰੀ) ਅਤੇ ਧਰਮ, ਨੈਤਿਕਤਾ, ਪਰਾਭੌਤਿਕਤਾ (ਪੀਰੀ) ਦਾ ਸੰਚਾਲਨ, "ਸ੍ਰੀ ਗੁਰੂ ਗ੍ਰੰਥ ਸਾਹਿਬ" ਅਨੁਸਾਰ ਖੜਗ ਦੇ ਆਚਰਣ ਨੂੰ ਮੁੱਖ ਰੱਖ ਕੇ ਕਰਨਾ ਹੈ। ਖੜਗ ਕੱਟਦੀ ਹੈ, ਪਰ ਦੈਵੀ ਰੋਸ਼ਨੀ ਨਾਲ। ਜੀਵਨ ਵਿੱਚੋਂ ਹਨ੍ਹੇਰਾ ਖ਼ਤਮ ਕਰਕੇ ਨਵੀਂ ਸਵੇਰ ਲਿਆਉਂਦੀ ਹੈ। ਪੁਰਾਣੀਆਂ ਸੰਸਥਾਵਾਂ ਅਤੇ ਮਨੋਬਿਰਤੀਆਂ ਖ਼ਤਮ ਕਰਕੇ ਨਵੀਆਂ ਦਾ ਆਰੰਭ ਕਰਦੀ ਹੈ। ਅਕਾਲ ਤਖ਼ਤ ਨੂੰ ਅਜਿਹਾ ਸਿਰਜਨਾਤਮਕ ਕਾਰਜ ਨਿਭਾਉਣ ਵਾਲੀਆਂ ਦੋ ਖੜਗਾਂ ਦੀ ਸੰਸਥਾ ਬਣਾਉਣ ਨਾਲ, ਗੁਰੂ ਹਰਿਗੋਬਿੰਦ ਜੀ ਨੇ ਇਤਿਹਾਸ, ਤਬਦੀਲੀ, ਰੱਬੀ ਨੂਰ, ਗਿਆਨ ਅਤੇ ਸੰਸਥਾਵਾਂ ਨੂੰ ਜੋੜ ਦਿੱਤਾ। ਇਸ ਤੋਂ ਵੀ ਵੱਧ ਇਹ ਕਿ ਬ੍ਰਾਹਮਣੀ ਅਤੇ

ਵੇਦਾਂਤਕ ਦ੍ਰਿਸ਼ਟੀ ਦੇ ਉਲਟ ਅਕਰਮ ਦੀ ਥਾਂ ਕ੍ਰਿਆਸ਼ੀਲਤਾ ਨੂੰ ਯੋਗ ਥਾਂ ਦਿੱਤੀ। ਅਕਾਲ ਤਖ਼ਤ ਦਾ ਸੰਕਲਪ ਅਤੇ ਸਾਜਨਾ ਇਹ ਸਥਾਪਿਤ ਕਰਨਾ ਹੈ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ" ਅਤੇ ਗੁਰੂ ਇਤਿਹਾਸ ਦੀ ਵਿਚਾਰਧਾਰਾ ਜੇ ਅਕਾਲ ਨੂੰ ਮੰਨਦੀ ਹੈ ਤਾਂ ਇਸ ਦੇ ਨਾਲ ਤਬਦੀਲੀ ਅਤੇ ਕ੍ਰਿਆਸ਼ੀਲ ਦਾ ਮਹੱਤਵ ਵੀ ਸਵੀਕਾਰ ਕਰਦੀ ਹੈ। ਇਸ ਦੇ ਨਾਲ ਹੀ ਜੁੜੀ ਹੋਈ ਗੱਲ ਇਹ ਹੈ ਕਿ ਇਤਿਹਾਸ ਵੀ ਇਕ ਯਥਾਰਥ ਹੈ ਭਾਵੇਂ ਸੀਮਿਤ ਅਤੇ ਬਦਲਿਆ ਜਾਣ ਵਾਲਾ।

ਦੋ ਖੜਗਾਂ ਦੀ ਰੱਖਿਅਕ, ਸੰਚਾਲਕ ਅਤੇ ਵਿਆਖਿਆਕਾਰ ਹੋਣ ਦੇ ਨਾਤੇ ਅਕਾਲ ਤਖ਼ਤ ਦੀ ਇਹ ਜਿੰਮੇਵਾਰੀ ਹੈ ਕਿ ਸਮੇਂ-ਸਮੇਂ ਅਨੁਸਾਰ, ਇਹ ਇਤਿਹਾਸ ਵਿਚ ਰੋਸ਼ਨ ਦਖ਼ਲ ਬਣੇ। ਇਹ ਦਖ਼ਲ ਕੇਵਲ ਸਿੱਖੀ ਦੇ ਪ੍ਰਸੰਗ ਵਿਚ ਹੀ ਨਹੀਂ, ਸਗੋਂ ਬਾਕੀ ਕੌਮਾਂ ਅਤੇ ਰਾਸ਼ਟਰਾਂ ਦੇ ਪ੍ਰਸੰਗ ਵਿਚ ਵੀ। ਜਿੱਥੇ-ਜਿੱਥੇ ਜ਼ਿੰਦਗੀ ਦੀ ਜੋਤ ਬੁਝਾਈ ਜਾ ਰਹੀ ਹੈ ਰਾਜਨੀਤਕ, ਆਰਥਿਕ, ਨੈਤਿਕ ਜਾਂ ਧਾਰਮਿਕ ਪੱਧਰ ਉੱਤੇ ਉਥੇ ਦਖ਼ਲ ਦੇਣਾ ਅਕਾਲ ਤਖ਼ਤ ਲਈ ਜਾਇਜ਼ ਹੀ ਨਹੀਂ, ਸਗੋਂ ਥਾਪੀ ਗਈ ਜਿੰਮੇਵਾਰੀ ਦੀ ਪਾਲਨਾ ਕਰਨਾ ਹੈ। ਝੂਠੇ ਪਾਤਸ਼ਾਹ ਕਿਸੇ ਵੀ ਦੇਸ਼ ਅਤੇ ਕੌਮ ਵਿਚ ਹੋ ਸਕਦੇ ਹਨ, ਉਨ੍ਹਾਂ ਨੂੰ ਨਾਕਾਮ ਕਰਨ ਵਿਚ ਲੋਕਾਂ ਦੀ ਸਹਾਇਤਾ ਕਰਨੀ ਅਕਾਲ ਤਖ਼ਤ ਦੇ ਵਚਨ ਵਿਚ ਹੀ ਸ਼ਾਮਲ ਹੈ।

ਝੂਠੀ ਪਾਤਸ਼ਾਹੀ, ਜਾਂ ਵੀਹਵੀਂ ਸਦੀ ਦੇ ਮੁਹਾਵਰੇ ਵਿਚ ਦਮਨ ਕਰਨ ਜਾਂ ਦਬਾਉਣ ਵਾਲਾ ਸ਼ਕਤੀ-ਪ੍ਰਬੰਧ ਅਤੇ ਉਸ ਦੀਆਂ ਸੰਸਥਾਵਾਂ ਮਨੁੱਖੀ ਜੀਵਨ ਦਾ ਘਾਣ ਕਰਦੀਆਂ ਹਨ। ਮਨੁੱਖ ਦੀਆਂ ਅੰਦਰਲੀਆਂ ਸ਼ਕਤੀਆਂ ਅਤੇ ਰਸਾਇਣਾਂ ਨੂੰ ਗ਼ੁਲਾਮ ਬਣਾ ਲੈਂਦੀਆਂ ਹਨ। ਸਾਡੇ ਸਮੇਂ ਵਿਚ ਤਿੰਨ ਪ੍ਰਸਿੱਧ ਚਿੰਤਕਾਂ ਨੇ ਇਸ ਬਾਰੇ ਵਿਸਥਾਰ ਨਾਲ ਲਿਖਿਆ ਹੈ। ਉਹ ਚਿੰਤਕ ਹਨ, ਫੂਕੋ, ਦੇਲਿਊਜ਼ ਅਤੇ ਗਾਟਰੀ। ਫੂਕੋ ਨੇ ਆਪਣੀ ਪੁਸਤਕ "ਅਨੁਸ਼ਾਸਨ ਅਤੇ ਸਜ਼ਾ" ਅਤੇ ਲੇਖ "ਦੇਹ/ਸ਼ਕਤੀ" ਵਿਚ ਇਹ ਸਪਸ਼ਟ ਕੀਤਾ ਹੈ ਕਿ ਦਮਨਕਾਰੀ ਸ਼ਕਤੀ ਸਾਡੀ ਦੇਹ ਦੀਆਂ ਅੰਦਰਲੀਆਂ ਸ਼ਕਤੀਆਂ ਨੂੰ ਆਪਣੇ ਹੱਕ ਵਿਚ ਸੇਧਾਉਂਦੀ ਹੈ, ਸਾਡੀਆਂ ਕਾਮਨਾਵਾਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਆਪਣੀ ਇੱਛਾ ਅਨੁਸਾਰ, ਆਪਣੇ ਹਿੱਤ ਵਿਚ ਜਾਣ ਵਾਲਾ ਗਿਆਨ ਉਪਜਾਉਂਦੀ ਹੈ। ਦਮਨ ਕਰਨ ਵਾਲੀ ਅਤੇ ਲੁੱਟਣ ਵਾਲੀ ਰਾਜ ਸ਼ਕਤੀ ਸਾਡੀਆਂ ਕਾਮਨਾਵਾਂ ਅਤੇ ਗਿਆਨਾਂ ਨੂੰ ਵੀ ਵਿਗਾੜਦੀ ਹੈ। ਉਨ੍ਹਾਂ ਨੂੰ ਵਿਗਾਸ ਅਤੇ ਮੌਲਣ ਲਈ ਸਹਾਇਕ ਬਣਨ ਦੀ ਥਾਂ ਕੇਵਲ ਇਕ ਵਰਗ ਦੀ ਸੱਤਾ ਕਾਇਮ ਰੱਖਣ ਲਈ ਤਿਆਰ ਕਰਦੀ ਹੈ। ਇਹ ਫੂਕੋ ਦੀ ਮਹੱਤਵਪੂਰਨ ਲੱਭਤ ਹੈ। ਫੂਕੋ ਦੀ ਸਾਰੀ ਰਚਨਾ ਇਸ ਵਿਕਾਸ ਦੇ ਵਿਰੁੱਧ ਅਤੇ ਅੰਦਰਲੀ ਗ਼ੁਲਾਮੀ ਤੋਂ ਮੁਕਤ ਹੋਣ ਲਈ ਵਿਰੋਧੀ ਵਿਉਂਤਾਂ ਬਣਾਉਣ ਵਾਸਤੇ ਪ੍ਰੇਰਿਤ ਕਰਦੀ ਹੈ। ਫੂਕੋ ਦੀਆਂ ਕ੍ਰਿਤਾਂ ਮਨੁੱਖੀ ਅਨੁਸ਼ਾਸ਼ਨਾਂ ਦਾ ਪੁਰਾਤਨ ਵਿਗਿਆਨ (ਆਰਕਿਆਲੋਜੀ) ਸਥਾਪਤ ਕਰਨ ਦਾ ਯਤਨ ਹਨ ਤਾਂ ਕਿ ਇਸ ਰਾਹੀਂ ਇਹ ਜਾਣਿਆ ਜਾ ਸਕੇ ਕਿ ਸ਼ਕਤੀ-ਪ੍ਰਬੰਧ ਕਿਵੇਂ ਮਨੁੱਖੀ ਦੇਹ ਅੰਦਰ ਪ੍ਰਵੇਸ ਕਰਦੇ ਹਨ ਅਤੇ ਆਚਾਰ ਨੂੰ ਆਪਣੇ ਹਿੱਤ ਵਿਚ ਸੇਧਾਉਂਦੇ ਹਨ।

ਫੂਕੋ ਤੋਂ ਪਿੱਛੋਂ ਦੇਲਿਊਜ਼ ਅਤੇ ਗਾਟਰੀ ਨੇ ਆਪਣੀ ਪੁਸਤਕ "ਐਂਟਾਈ ਇਡੀਪਸ" ਰਾਹੀਂ ਇਹ ਸਥਾਪਿਤ ਕੀਤਾ ਹੈ ਕਿ ਰਾਜ-ਸ਼ਕਤੀ, ਇਡੀਪਸ ਹੈ। ਯੂਨਾਨੀ ਨਾਟਕਾਂ ਦੇ ਹੀਰੋ ਇਡੀਪਸ ਨੂੰ ਇਨ੍ਹਾਂ ਲੇਖਕਾਂ ਨੇ, ਮਨੁੱਖ ਨੂੰ ਮਾਨਸਿਕ ਤੌਰ 'ਤੇ ਅਸੰਤੁਸ਼ਟ ਕਰਨ

ਅਤੇ ਸਾਮਰਾਜੀ ਇੱਛਾ ਨਾਲ ਪਰਵੱਸ ਕਰਨ ਵਾਲੀ ਸਕਤੀ ਦਾ ਰੂਪਕ ਬਣਾਇਆ ਹੈ। ਇਹ ਇਡੀਪਸ ਹੀ ਵਿਅਕਤੀ ਨੂੰ ਉਸ ਦੀਆਂ ਸਿਹਤਮੰਦ ਸ਼ਕਤੀਆਂ ਨਾਲੋਂ ਤੋੜ ਕੇ ਵਿਕੇਂਦ੍ਰਿਤ ਕਰਦਾ ਹੈ ਅਤੇ ਉਸ ਉੱਤੇ ਉਦਾਸੀ ਲਿਆਉਂਦਾ ਹੈ। ਇਸ ਇਡੀਪਸ ਦਾ ਟਾਕਰਾ ਸਾਮੂਹਿਕ ਪ੍ਰਬੰਧਾਂ ਜਾਂ ਨਵੇਂ ਪੰਥ ਸਾਜ ਕੇ ਹੀ ਹੋ ਸਕਦਾ ਹੈ, ਕੇਵਲ ਵਿਅਕਤੀਗਤ ਪੱਧਰ ਉੱਤੇ ਨਹੀਂ। ਖਾਲਸਈ ਮੁਹਾਵਰੇ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਡੀਪਸ ਸੱਤਾ ਕਾਇਮ ਰੱਖਣ ਅਤੇ ਇਕ ਹਿੱਤ ਮਨੁੱਖ ਨੂੰ ਭਾਵੁਕ, ਰਾਜਨੀਤਕ ਅਤੇ ਆਰਥਿਕ ਪੱਧਰ ਉੱਤੇ ਨਿਗੂਣਾ ਕਰਨ ਵਾਲੀ ਰਾਜ ਸ਼ਕਤੀ ਹੈ। ਇਹ ਇਡੀਪਸ ਸ਼ਕਤੀ ਬੜੇ ਅਦ੍ਰਿਸ਼ਟ ਵਾਰ ਵੀ ਕਰਦੀ ਹੈ। ਸਭ ਤੋਂ ਖਤਰਨਾਕ ਵਾਰ ਮਨੁੱਖ ਅੰਦਰਲੇ ਤੱਤਾਂ ਅਤੇ ਦ੍ਰਵਾਂ ਉੱਤੇ ਆਪਣੀ ਲਿੱਪੀ ਅੰਕਿਤ ਕਰਨਾ ਹੈ ਜਿਸ ਨਾਲ ਅੰਦਰਲਾ ਰਾਜ ਵਰਗ ਜਾਂ ਇਡੀਪਸ ਸ਼ਕਤੀ ਦੇ ਪੂਰੇ ਅਨੁਸ਼ਾਸਨ ਹੇਠ ਆ ਜਾਂਦਾ ਹੈ। ਉਸ ਦਾ ਮਨ ਅਤੇ ਦੇਹ ਆਪਣੀ ਸੁਤੰਤਰਤਾ ਵਿਚ ਜੀਵਨ ਸ਼ਕਤੀ ਨਾਲ ਮੇਲ ਗੁਆ ਬੈਠਦੇ ਹਨ।

ਇਡੀਪਸ ਸ਼ਕਤੀਆਂ ਜਾਂ ਝੂਠੀਆਂ ਪਾਤਸ਼ਾਹੀਆਂ ਵਲੋਂ ਮਨੁੱਖ ਅਤੇ ਸਮਾਜੀ ਸੰਗਠਨਾਂ ਨੂੰ ਬਸਤੀਆਂ ਬਣਾਉਣ ਦੀ ਸਾਜ਼ਿਸ਼ ਤੋਂ ਬਚਾਉਣਾ ਕੋਈ ਸੌਖੀ ਗੱਲ ਨਹੀਂ। ਵੀਹਵੀਂ ਸਦੀ ਦੇ ਅੰਤ ਉੱਤੇ ਇਹ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਗੁਰੂ ਸਾਹਿਬਾਨ ਨੇ ਰਾਜ ਵਰਗਾਂ ਦੀ ਇਸ ਸਾਜ਼ਿਸ਼ ਨੂੰ ਸਮਝ ਕੇ ਅਕਾਲ ਪੁਰਖ ਦੀ ਪ੍ਰਾਥਮਕਿਤਾ ਸਥਾਪਿਤ ਕੀਤਾ ਜਾ ਸਕੇ। ਮਨੁੱਖ ਅੰਦਰ ਆਜ਼ਾਦੀ ਅਤੇ ਜੀਵਨ ਸੰਗੀਤ ਦੀ ਨਵੀਂ ਲਿੱਪੀ ਲਿਖੀ ਜਾਵੇ। ਉਸ ਦੇ ਆਚਾਰ ਉੱਤੇ ਲੱਗੇ ਅਣਮਨੁੱਖੀ ਪਹਿਰੇ ਦਾ ਅੰਤ ਕੀਤਾ ਜਾ ਸਕੇ। ਇਹ ਤਦ ਹੀ ਹੋ ਸਕਦਾ ਹੈ ਜੇ ਮੀਰੀ (ਰਾਜਨੀਤੀ, ਆਰਥਿਕਤਾ ਆਦਿ), ਪੀਰੀ (ਧਰਮ, ਨੈਤਿਕਤਾ ਆਦਿ) ਖੜਗ ਬਣ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ। ਅਕਾਲ ਤਖ਼ਤ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਵਚਨਬੱਧ ਸੰਸਥਾ ਹੈ ਜਿਸ ਦਾ ਮੁੱਖ ਕਰਤਵ ਕੇਵਲ ਉਸ ਸਮੇਂ ਦੇ ਮਨੁੱਖ ਦੀ ਨਹੀਂ, ਸਗੋਂ ਆਉਣ ਵਾਲੀਆਂ ਸਦੀਆਂ ਦੇ ਮਨੁੱਖ ਦੀ ਪ੍ਰਾਥਮਿਕਤਾ ਜਾਂ ਪਹਿਲੀ ਸ਼ਕਤੀ ਨੂੰ ਬਦਲਣਾ ਹੈ। ਝੂਠੀ ਪਾਤਸ਼ਾਹੀ ਅਤੇ ਉਸ ਦੇ ਤਖ਼ਤ ਦੀ ਥਾਂ ਸੱਚੀ ਪਾਤਸ਼ਾਹੀ ਅਤੇ ਉਸ ਦੇ ਅਕਾਲ ਤਖ਼ਤ ਨੂੰ ਸਮਾਜਕ ਸੰਗਠਨ, ਚੇਤਨਤਾ, ਦੇਹ ਅਤੇ ਆਚਾਰ ਦੇ ਨਵੇਂ ਸਾਜਣ ਲਈ ਸੰਸਥਾ ਵਲੋਂ ਨਿਸ਼ਚਿਤ ਕਰਨਾ ਹੈ। ਇਹ ਤਦ ਹੀ ਨਿਭ ਸਕਦੀ ਹੈ ਜੇ ਉਸ ਉੱਤੇ ਬੈਠਣ ਵਾਲਾ ਵਿਅਕਤੀ ਗੁਰੂ ਹਰਿਗੋਬਿੰਦ ਜੀ ਦੇ ਨੇੜੇ ਪਹੁੰਚੇ, ਘੱਟੋ-ਘੱਟ ਉਨ੍ਹਾਂ ਦੇ ਮਾਡਲ ਦਾ ਪੈਰੋਕਾਰ ਬਣੇ। ਇਹ ਗੱਲ ਬਾਕੀ ਤਖ਼ਤਾਂ ਉੱਤੇ ਸਜੇ ਸਿੰਘ ਸਹਿਬਾਨ ਬਾਰੇ ਵੀ ਕਹੀ ਜਾ ਸਕਦੀ ਹੈ।

ਉਪਰੋਕਤ ਵਿਆਖਿਆ ਅਨੁਸਾਰ ਮੀਰੀ ਪੀਰੀ ਦੀਆਂ ਖੜਗਾਂ ਨੂੰ ਧਾਰਨ ਅਤੇ ਵਰਤਣ ਵਾਲੇ ਸ੍ਰੀ ਅਕਾਲ ਤਖ਼ਤ ਸਾਹਿਬ ਹਨ, ਜੀਵਨ ਦੀ ਸਭ ਤੋਂ ਉੱਚੀ ਸ਼ਕਤੀ ਦਾ ਸਥਾਨ ਪ੍ਰਤਿਨਿਧਤਾ ਤੋਂ ਵੀ ਅੱਗੇ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਜਿਵੇਂ "ਸ੍ਰੀ ਗੁਰੂ ਗ੍ਰੰਥ ਸਾਹਿਬ" ਅਤੇ ਦਸਮ ਗ੍ਰੰਥ ਅਨੁਸਾਰ ਜੀਵਨ ਦੀ ਸਭ ਤੋਂ ਉੱਚੀ ਸ਼ਕਤੀ, ਅਕਾਲ ਪੁਰਖ ਦੇ ਗੁਣਾਂ ਦਾ ਪ੍ਰਕਾਸ਼ ਕਰਨਾ ਹੈ, ਉਸ ਨਾਲ ਕਿਸੇ ਵੀ ਸੱਤਾਧਾਰੀ ਦੀ ਵਿਚਾਰਧਾਰਾ ਸੀਮਿਤ ਹੋ ਜਾਂਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਇਆ ਕੋਈ ਵੀ ਹੁਕਮਨਾਮਾ ਜਾਂ ਆਦੇਸ਼ ਇਸ ਸੰਸਥਾ ਨੂੰ ਦਿੱਤੀਆਂ ਗਈਆਂ ਜ਼ਿੰਮੇਵਾਰੀਆਂ ਨਾਲ ਜੁੜਿਆ ਹੋਇਆ ਹੀ ਹੋ ਸਕਦਾ ਹੈ।

ਸਿੱਖ ਸਿਮਰਤੀ ਅਤੇ ਆਚਾਰ, ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਦੋ ਖੜਗਾਂ

ਨੇ ਹੀ ਸਾਜੇ, ਇਸ ਸੰਸਥਾ ਨੂੰ ਪੂਰੇ ਸਿੱਖ ਇਤਿਹਾਸ ਨਾਲ ਸਿੱਖਾਂ ਦੀ ਸਿਮਰਤੀ ਅਤੇ ਆਚਾਰ ਤੋਂ ਤੋੜ ਕੇ ਨਹੀਂ ਦੇਖਿਆ ਜਾ ਸਕਦਾ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਕੌਮੀ ਅਤੇ ਸਭਿਆਚਾਰਕ ਹਸਤੀ ਦਾ ਪ੍ਰਤੀਕ ਹੈ। ਇਸ ਪ੍ਰਤੀਕ ਸੰਸਥਾ ਨੇ ਸਿੱਖਾਂ ਦੀ ਪ੍ਰਾਥਮਿਕਤਾ ਬਦਲੀ ਹੈ। ਉਸ ਨਾਲ ਇਤਿਹਾਸ ਵਿਚ ਉਨ੍ਹਾਂ ਨੂੰ ਮਨ ਅਤੇ ਦੇਹ ਦੀ ਗੁਆਚੀ ਹੋਈ ਸੁਤੰਤਰਤਾ ਵਾਪਸ ਮਿਲੀ ਹੈ ਅਤੇ ਉਨ੍ਹਾਂ ਨੇ ਨਵਾਂ ਇਤਿਹਾਸ ਰਚਿਆ ਹੈ ਜੋ ਕੇਵਲ ਸਿੱਖ ਇਤਿਹਾਸ ਨਹੀਂ, ਪੰਜਾਬ ਅਤੇ ਮਨੁੱਖ ਦਾ ਇਤਿਹਾਸ ਹੈ।

ਸਾਡੇ ਸਮਕਾਲੀ, ਫ਼ਰਾਂਸੀਸੀ ਇਤਿਹਾਸ ਵਿਗਿਆਨੀ ਯਾਕ ਲੇ ਗੌਫ਼ ਨੇ ਆਪਣੀ ਪੁਸਤਕ “ਇਤਿਹਾਸ ਅਤੇ ਸਿਮਰਤੀ” ਵਿਚ ਕਿਹਾ ਹੈ ਕਿ “ਯਾਵੇ” (ਯਹੂਦੀਆਂ ਦੀ ਬਾਈਬਲ ਵਿਚ ਰੱਬ ਦਾ ਨਾਂ) ਦੀ ਪਛਾਣ ਨੇ ਹੀ ਯਹੂਦੀ ਸਿਮ੍ਰਿਤੀ ਦੀ ਨੀਂਹ ਰੱਖੀ। ਇਵੇਂ ਸਿੱਖ ਸਿਮਰਤੀ ਅਤੇ ਆਚਾਰ ਦੀ ਨੀਂਹ ਅਕਾਲ ਪੁਰਖ ਦੇ ਸੰਕਲਪ ਨੇ ਰੱਖੀ ਅਤੇ ਇਸ ਦਾ ਵਿਕਾਸ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੰਚਾਲਿਤ ਦੋ ਖੜਗਾਂ ਨੇ ਕੀਤਾ। ਸਿੱਖ ਹਸਤੀ ਨੂੰ ਇਸ ਸੰਸਥਾ ਤੋਂ ਤੋੜਨ ਦਾ ਅਰਥ ਸਿੱਖ ਹਸਰਤ ਨੂੰ ਮਿਟਾਉਣਾ ਹੈ। ਇਸ ਗੱਲ ਦੀ ਸਮਝ ਅਬਦਾਲੀ ਤੋਂ ਲੈ ਕੇ ਸਾਡੇ ਅੱਜ ਦੇ ਸ਼ਾਸਨ ਵਰਗ ਤੱਕ ਪੂਰੀ ਹੈ। ਜੇ ਉਹ ਭਾਰਤੀ ਉਪ ਮਹਾਂਦੀਪ ਦੀਆਂ ਸਭ ਕੌਮੀ ਹਸਤੀਆਂ ਨੂੰ ਨਿਗੂਣਾ ਕਰਕੇ ਜਾਂ ਮਿਟਾ ਕੇ ਸੱਤਾ ਨੂੰ ਕਾਇਮ ਕਰਨ ਲਈ ਇਕਸਾਰ, ਇਕ ਕੌਮੀ, ਇਕ ਸਭਿਆਚਾਰਕ ਭਾਰਤ ਦਾ ਆਪਣਾ ਸੁਪਨਾ ਸਾਕਾਰ ਕਰਨ ਲਈ ਜ਼ੋਰ ਵਰਤਣਗੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਉਨ੍ਹਾਂ ਲਈ ਮੁਸ਼ਕਿਲ ਖੜੀ ਕਰੇਗੀ। ਭਾਰਤੀ ਉਪਮਹਾਂਦੀਪ ਵਿਚ ਕੌਮੀ ਵਿਲੱਖਣਤਾ, ਮਨੁੱਖਵਾਦ, ਸੱਤਾਧਾਰੀ ਵਰਗਾਂ ਦੀਆਂ ਘਾਣ ਕਰਨ ਵਾਲੀਆਂ ਵਿਉਂਤਾਂ ਬਾਰੇ ਜੋ ਚੇਤਨਤਾ ਅਤੇ ਅਮਲ ਕਾਇਮ ਰੱਖਣੇ ਹਨ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵਿਚਾਰਧਾਰਕ ਅਤੇ ਹੋਰ ਹਮਲਿਆਂ ਤੋਂ ਬਚਾਉਣਾ ਜ਼ਰੂਰੀ ਹੈ। ਜਿਵੇਂ ਕਿ ਫਰਾਂਸੀਸੀ ਦਾਰਸ਼ਨਿਕ ਅਲਥੂਸਰ ਨੇ ਧਿਆਨ ਦਿਵਾਇਆ ਹੈ, ਇਸ ਵਕਤ ਹਰ ਰਾਜ ਕੋਲ ਬਹੁਤ ਵਿਸਤ੍ਰਿਤ ਯੰਤਰ ਹਨ ਜਿਨ੍ਹਾਂ ਨਾਲ ਉਹ ਲੋਕਾਂ ਦੇ ਮਨ ਅਤੇ ਦੇਹ ਨੂੰ ਸੋਧਾਉਣ ਲਈ ਸ਼ਕਤੀ ਵਰਤ ਸਕਦਾ ਹੈ। ਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇਸ ਪ੍ਰਤਿ ਜ਼ਿੰਮੇਵਾਰੀ ਨਾ ਨਿਭਾਈ ਗਈ ਅਤੇ ਸੱਤਾਧਾਰੀ ਵਰਗ ਜਾਂ ਝੂਠੀ ਪਾਤਸ਼ਾਹੀ ਨੂੰ ਆਪਣੇ ਅਪ੍ਰੇਟਸ ਵਰਤਣ ਲਈ ਨਿਰਵਿਰੋਧ ਆਗਿਆ ਮਿਲਦੀ ਗਈ ਤਾਂ ਸਿੱਖ ਸਿਮਰਤੀ, ਆਦਰ ਅਤੇ ਨਿਵੇਕਲੀ ਹਸਤੀ ਨਸ਼ਟ ਹੋ ਜਾਣਗੇ। ਅੱਜ ਵਿਸ਼ਵ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਇਸ ਵਿਚ ਇਕਸਾਰਤਾ ਲਿਆਉਣ ਵਾਲੀਆਂ ਸ਼ਕਤੀਆਂ ਕੋਲ ਨਵੇਂ ਸੰਦ ਆ ਰਹੇ ਹਨ। ਆਪਣੇ ਹਿੱਤਾਂ ਲਈ ਉਹ ਇਕਸਾਰਮੁਖੀ ਸੰਸਥਾਵਾਂ ਬਣਾ ਸਕਦੇ ਹਨ। ਪ੍ਰਚਾਰ ਕਰ ਸਕਦੇ ਹਨ। ਜਿਵੇਂ ਪੂੰਜੀ ਦਾ ਕੰਟਰੋਲ ਵੱਧ ਰਿਹਾ ਹੈ, ਉਸ ਨੂੰ ਕੰਟਰੋਲ ਕਰਨ ਵਾਲੇ ਵਿਲੱਖਣ ਸਭਿਆਚਾਰਾਂ ਲਈ ਵੀ ਖ਼ਤਰਾ ਬਣ ਸਕਦੇ ਹਨ। ਵਾਤਾਵਰਣ ਨੂੰ ਵੀ ਦੈਵੀ ਅਤੇ ਸਿਹਤਮੰਦ ਰੱਖਣ ਦੀ ਥਾਂ, ਉਤਪਾਦਨ ਵਧਾਉਣ ਅਤੇ ਆਰਥਿਕ ਵਿਸਤਾਰ ਲਈ ਅਣਗਹਿਲੀ ਕਰ ਸਕਦੇ ਹਨ। ਦਬਾ ਪਾਉਣ ਵਾਲੇ ਹਥਿਆਰ ਵਰਤ ਸਕਦੇ ਹਨ ਜੋ ਦਮਨਕਾਰੀ ਹੋਣ। ਇਸ ਪ੍ਰਸੰਗ ਵਿਚ ਅਕਾਲ ਤਖ਼ਤ ਦੀ ਸਮੁੱਚੀ ਕਾਇਨਾਤ, ਮਨੁੱਖਤਾ, ਵਿਲੱਖਣਤਾ ਅਤੇ ਦੈਵੀਪਣ ਲਈ ਜ਼ਿੰਮੇਵਾਰੀ ਅਤੇ ਇਸ ਨੂੰ ਨਿਭਾਉਣ ਦੀ ਵਚਨਬੱਧਤਾ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ। ਇਸ ਲਈ ਸ੍ਰੀ ਅਕਾਲ ਤਖ਼ਤ ਨੂੰ ਸੁਤੰਤਰ ਸੰਸਥਾ ਵਜੋਂ ਕਾਇਮ ਰੱਖਣਾ ਹੋਰ ਵੀ ਜ਼ਰੂਰੀ ਹੋ ਗਿਆ ਹੈ।

15

ਅਕਾਲ ਤਖ਼ਤ

ਸੁਖਬੀਰ ਸਿੰਘ

ਗੁਰਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ ਹਾੜ ਸੁਦੀ ਪੰਜਮੀ 1663 ਬਿ. ਮੁਤਾਬਿਕ ਜੂਨ 1606 ਈ. ਨੂੰ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਹੋਈ ਸੀ। ਪੰਚਮ ਪਾਤਸ਼ਾਹ ਨੇ ਆਪਣੀ ਸ਼ਹਾਦਤ ਤੋਂ ਪਹਿਲਾਂ ਇਹ ਸੁਨੇਹਾ ਭੇਜਿਆ ਸੀ, "ਅਸਾਂ ਜੋ ਸ਼ਸਤਰ ਪਕੜਨੇ ਹੈਨਿ ਸੋ ਗੁਰੂ ਹਰਿਗੋਬਿੰਦ ਦਾ ਰੂਪ ਧਾਰ ਕੇ ਪਕੜਨੇ ਹਨ, ਸਮਾਂ ਕਲਯੁੱਗ ਦਾ ਵਰਤਣਾ ਹੈ। ਸ਼ਸਤਰ ਦੀ ਵਿੱਦਿਆ ਕਰਕੇ ਮੀਰ ਦੀ ਮੀਗੀ ਖੋਹ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਸਮਝ ਕਰ ਪੀਰ ਦੀ ਪੀਗੀ ਖਿਚ ਲੈਣੀ ਹੈ।"[1] ਗੁਰੂ ਹਰਿਗੋਬਿੰਦ ਸਾਹਿਬ ਇਕ ਹਾੜ ਨੂੰ ਗੁਰਿਆਈ ਧਾਰਨ ਵੇਲੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਣਦੇ ਹਨ ਤੇ ਪੰਜ ਹਾੜ ਨੂੰ ਅਕਾਲ ਤਖ਼ਤ ਦੀ ਉਸਾਰੀ ਆਰੰਭ ਦਿੰਦੇ ਹਨ। ਅਕਾਲ ਤਖ਼ਤ ਦੀ ਉਸਾਰੀ ਵਿਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਤੇ ਆਪ ਸ਼ਾਮਲ ਹੁੰਦੇ ਹਨ, ਸਾਰੀ ਉਸਾਰੀ ਆਪਣੀ ਹੱਥੀਂ ਕਰਦੇ ਹਨ। ਡਾ. ਗੰਡਾ ਸਿੰਘ, ਤੇਜਾ ਸਿੰਘ ਅਨੁਸਾਰ, "ਜਹਾਂਗੀਰ ਮੁਗ਼ਲ ਬਾਦਸ਼ਾਹ ਨੇ ਅੰਮ੍ਰਿਤਸਰ ਦੀ ਯਾਤਰਾ ਕੀਤੀ ਤੇ ਅਕਾਲ ਤਖ਼ਤ ਦੀ ਇਮਾਰਤ ਨੂੰ ਆਪਣੇ ਖ਼ਰਚੇ 'ਤੇ ਸੰਪੂਰਨ ਕਰਨ ਲਈ ਕਿਹਾ। ਗੁਰੂ ਹਰਿਗੋਬਿੰਦ ਸਾਹਿਬ ਨੇ ਬਾਦਸ਼ਾਹ ਦੀ ਇਸ ਪੇਸ਼ਕਸ਼ ਨੂੰ ਮਨਜ਼ੂਰ ਨਹੀਂ ਕੀਤਾ ਤੇ ਕਿਹਾ ਕਿ ਗੁਰਸਿੱਖਾਂ ਨੂੰ ਇਸ ਅਕਾਲ ਤਖ਼ਤ ਨੂੰ ਆਪਣੀ ਹੀ ਮਿਹਨਤ ਤੇ ਕੁਰਬਾਨੀ ਦੀ ਯਾਦਗਾਰ ਵਜੋਂ ਆਪਣੀ ਹੀ ਕਮਾਈ ਤੇ ਮਿਹਨਤ ਨਾਲ ਉਸਾਰਨ ਦਿਓ। ਅਕਾਲ ਤਖ਼ਤ ਦੀ ਉਸਾਰੀ ਵਿੱਚੋਂ ਕਿਸੇ ਬਾਦਸ਼ਾਹ ਦੀ ਮਿਹਰਬਾਨੀ ਨਜ਼ਰ ਨਹੀਂ ਆਉਣੀ ਚਾਹੀਦੀ।"[2] ਅਕਾਲ ਤਖ਼ਤ ਦੀ ਉਸਾਰੀ ਹੁੰਦਿਆਂ ਹੀ ਪਹਿਲਾ ਹੁਕਮਨਾਮਾ ਜੋ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਸਿੱਖਾਂ ਨੂੰ ਭੇਜਿਆ ਉਹ ਇਸ ਪ੍ਰਕਾਰ ਸੀ, "ਅੱਗੇ ਤੋਂ ਸਭ ਗੁਰਸਿਖ ਹਥਿਆਰਬੰਦ ਹੋ ਕੇ ਤੇ ਚੰਗੇ ਚੰਗੇ ਹਥਿਆਰ ਲੈ ਕੇ ਆਉਣ।"[3] ਅਕਾਲ ਤਖ਼ਤ ਦੀ ਪਰੰਪਰਾ ਦਾ ਇਕ ਹੋਰ ਹਵਾਲਾ ਜੋ ਸਾਨੂੰ ਮਿਲਦਾ ਹੈ, ਉਹ ਇਸ ਪ੍ਰਕਾਰ ਹੈ ਕਿ "ਹਰਿਮੰਦਰ ਸਾਹਿਬ ਵਿਚ ਸ਼ਬਦ ਕੀਰਤਨ ਆਸਾ ਦੀ ਵਾਰ ਤੋਂ ਫਿਰ ਬਾਅਦ ਵਿਚ ਅਕਾਲ ਤਖ਼ਤ ਉਪਰ ਦਰਬਾਰ ਲਾਇਆ ਜਾਂਦਾ ਸੀ, ਜਿਥੇ ਗੁਰ-ਸੰਗਤਿ ਦੇ ਝਗੜੇ ਨਬੇੜੇ ਜਾਂਦੇ ਸਨ। ਇਸ ਤਰ੍ਹਾਂ ਲਾਗਲੇ ਪਿੰਡਾਂ ਦੇ ਲੋਗ ਆਪਣੇ ਆਪਣੇ ਝਗੜੇ ਨਿਪਟਾਉਣ ਲਈ ਛੇਵੀਂ ਪਾਤਸ਼ਾਹੀ ਪਾਸ ਆਉਣ ਲੱਗ ਪਏ।"[4] ਮੁਗ਼ਲ ਕਾਲ ਵੇਲੇ ਬਾਦਸ਼ਾਹ ਦੇ ਤਖ਼ਤ ਤੋਂ ਉੱਚਾ ਥੜ੍ਹਾ ਬਣਾਉਣਾ ਗ਼ੈਰ-ਕਾਨੂੰਨੀ ਸਮਝਿਆ ਜਾਂਦਾ ਸੀ। ਸ਼ਹਿਨਸ਼ਾਹ ਔਰੰਗਜ਼ੇਬ ਨੇ ਇਕ ਵਾਰ ਸ਼ਹਿਜ਼ਾਦਾ ਮੁਅੱਜ਼ਮ ਨੂੰ ਆਪਣੇ ਤਖ਼ਤ ਤੋਂ ਦੋ ਫ਼ੁੱਟ ਉੱਚਾ ਥੜ੍ਹਾ ਉਸਾਰੇ ਜਾਣ 'ਤੇ ਸਖ਼ਤ ਸਜ਼ਾ ਦਿੱਤੀ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਤਾਨਾਸ਼ਾਹਾਂ ਦੇ ਤਖ਼ਤ ਤੋਂ ਉੱਚਾ ਅਕਾਲ ਤਖ਼ਤ, ਜਿਸ ਦੀ ਉਚਾਈ 12 ਫ਼ੁੱਟ ਸੀ,

ਉਸਾਰ ਕੇ ਸਮੇਂ ਦੇ ਤਾਨਾਸ਼ਾਹ ਨੂੰ ਚੁਣੌਤੀ ਹੀ ਦਿੱਤੀ ਸੀ। ਗੁਰੂ ਹਰਿਗੋਬਿੰਦ ਸਾਹਿਬ ਵੇਲੇ ਜਦੋਂ ਪੰਜਾਬ ਭਰ ਦੇ ਸੂਰਬੀਰ ਸ਼ਸਤਰ ਵਿੱਦਿਆ ਦੀ ਪ੍ਰਾਪਤੀ ਲਈ ਅਕਾਲ ਤਖ਼ਤ 'ਤੇ ਸੰਗਠਿਤ ਹੋਣੇ ਆਰੰਭ ਹੋਏ ਤਾਂ ਉਸ ਵੇਲੇ ਮਿਹਰਬਾਨ ਅਤੇ ਚੰਦੂ ਵੱਲੋਂ ਬਾਦਸ਼ਾਹ ਕੋਲ ਛੇਵੀਂ ਪਾਤਸ਼ਾਹੀ ਦੀ ਸ਼ਿਕਾਇਤ ਕੀਤੀ ਗਈ। "ਗੁਰ ਹਰਿਗੋਬਿੰਦ ਸਾਹਿਬ ਨੇ ਆਪਣੇ ਵੱਡੇ ਗੁਰੂਆਂ ਦੀ ਮਰਿਆਦਾ, ਪੀਰਾਂ-ਫ਼ਕੀਰਾਂ ਵਾਲੀ ਛੱਡ ਕੇ, ਧਾੜਵੀਆਂ ਵਾਲਾ ਤਰੀਕਾ ਫੜ ਰੱਖਿਆ ਹੈ ਤੇ ਇਹ ਚੌਂਤੜੇ ਦਾ ਨਾਮ ਅਕਾਲ ਤਖ਼ਤ ਰੱਖ ਕੇ, ਉਥੇ ਸਭਾ ਲਾ ਕੇ ਹਾਕਮਾਂ ਵਾਂਗ ਇਨਸਾਫ਼ ਕਰਦਾ ਹੈ ਅਤੇ ਸਾਰੇ ਦੇਸ਼ ਦੇ ਝਗੜੇ ਆਪ ਹੀ ਨਿਬੇੜਦਾ ਹੈ। ਸ਼ਸਤਰ ਵਿੱਦਿਆ ਸਿਖਣ ਦਾ ਉਪਦੇਸ਼ ਹਰ ਜੰਗੀ ਫ਼ੌਜ ਦੇ ਸਾਮਾਨ ਇਕੱਠੇ ਕਰ ਰਿਹਾ ਹੈ। ਸਾਰਾ ਪੰਜਾਬ ਮੁਲਕ ਇਸ ਦਾ ਮੁਰੀਦ ਹੈ, ਸੈਂਕੜੇ ਚੋਰ ਧਾੜਵੀ ਇਹਨਾਂ ਪਾਸ ਆ ਕੇ ਰਹਿੰਦੇ ਹਨ। ਸੋ ਜੇ ਹੁਣ ਇਨ੍ਹਾਂ ਦਾ ਬੰਦੋਬਸਤ ਨਾ ਕੀਤਾ ਤਾਂ ਜ਼ਰੂਰ ਫ਼ਸਾਦ ਵਧੇਗਾ।"[5]

ਗੁਰੂ ਹਰਿਗੋਬਿੰਦ ਸਾਹਿਬ ਵੇਲੇ ਬਾਬਾ ਬੁੱਢਾ ਜੀ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕ ਨਿਯੁਕਤ ਹੋਏ ਸਨ ਤੇ ਭਾਈ ਗੁਰਦਾਸ ਜੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ। ਗੁਰੂ ਹਰਿਗੋਬਿੰਦ ਸਾਹਿਬ ਕਈ ਵਾਰ ਇਹ ਕਿਹਾ ਕਰਦੇ ਸਨ, "ਸਮਾਂ ਪਾ ਕੇ ਅਕਾਲ ਤਖ਼ਤ ਅਪਾਰ ਸ਼ਕਤੀ ਦਾ ਮਾਲਕ ਹੋਵੇਗਾ।"[6]

ਉਪਰੋਕਤ ਸੰਖੇਪ ਸ਼ਬਦਾਂ ਵਿਚ ਮੈਂ ਅਕਾਲ ਤਖ਼ਤ ਦੀ ਸਿਰਜਣਾ, ਅਕਾਲ ਤਖ਼ਤ 'ਤੇ ਗੁਰਸਿੱਖਾਂ ਦਾ ਹਥਿਆਰਬੰਦ ਹੋ ਕੇ ਇਕੱਠੇ ਹੋਣਾ, ਸ਼ਸਤਰ ਵਿੱਦਿਆ ਦੀ ਸਿਖਲਾਈ, ਲੋਕਾਂ ਦੇ ਝਗੜੇ ਨਿਬੇੜਨਾ ਤੇ ਪੰਚਮ ਪਾਤਸ਼ਾਹ ਦਾ ਸੰਦੇਸ਼ ਕਿ ਸ਼ਬਦ ਨਾਲ ਪ੍ਰੀਤ ਕਰਕੇ ਪੀਰ ਦੀ ਪੀਰੀ ਖਿੱਚ ਲੈਣੀ ਹੈ ਤੇ ਸ਼ਸਤਰ ਵਿੱਦਿਆ ਪ੍ਰਾਪਤ ਕਰਕੇ ਮੀਰ ਦੀ ਮੀਰੀ ਖੋਹ ਲੈਣੀ ਹੈ ਤੇ ਸਮੇਂ ਦੇ ਤਾਨਾਸ਼ਾਹ ਤਖ਼ਤ ਨੂੰ ਸ਼ਿਕਾਇਤਾਂ ਦਾ ਵਰਣਨ ਕੀਤਾ ਹੈ। ਇਹ ਅਕਾਲ ਤਖ਼ਤ ਦੀ ਉਹ ਪਰੰਪਰਾ ਹੈ, ਜੋ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਪ੍ਰਚਲਿਤ ਹੋਈ, ਇਸ 'ਤੇ ਮਿਹਰਬਾਨ ਤੇ ਚੰਦੂ ਵਰਗੇ ਤਾਨਾਸ਼ਾਹਾਂ ਦੇ ਪਿੱਠੂਆਂ ਨੂੰ ਤਾਂ ਕਿੰਤੂ ਹੈ, ਪਰ ਗੁਰਸਿੱਖਾਂ ਨੇ ਇਸ ਪਰੰਪਰਾ ਨੂੰ ਅਪਣਾਇਆ। ਤੇਜ-ਧਾਰਕ ਗੁਰੂ ਖ਼ਾਲਸਾ ਪੰਥ ਨੇ ਇਤਿਹਾਸ ਦੇ ਕਿਹੜੇ ਸਮੇਂ ਇਸ ਪਰੰਪਰਾ ਨੂੰ ਅੱਗੇ ਤੋਰਿਆ, ਕਿਸ ਸਮੇਂ ਸਿਧਾਂਤਕ ਟਪਲਾ ਖਾਧਾ, ਹੁਣ ਅਕਾਲ ਤਖ਼ਤ ਦੀ ਕੀ ਸਥਿਤੀ ਹੈ, ਇਸ ਇਤਿਹਾਸਕ ਵਿਸ਼ਲੇਸ਼ਣ ਤੋਂ ਪਹਿਲਾਂ ਸਾਨੂੰ ਅਕਾਲ ਤਖ਼ਤ ਦੀ ਸਿਧਾਂਤਕ ਪੜਚੋਲ ਕਰ ਲੈਣੀ ਚਾਹੀਦੀ ਹੈ।

ਅਕਾਲ ਤਖ਼ਤ ਸਾਹਿਬ 'ਤੇ ਗੰਭੀਰ ਸਿਧਾਂਤਕ ਵਿਚਾਰ ਸਮੇਂ ਦੀ ਮੁੱਖ ਲੋੜ ਹੈ। ਕੇਂਦ੍ਰਿਤ ਰਾਜ ਦਾ ਤੇਜ ਇਸ ਨੂੰ ਕਈ ਵਾਰ ਢਾਹ ਚੁੱਕਿਆ ਹੈ। ਦੇਗ਼ ਕੇਂਦਰੀਕਰਨ ਤੇ ਤੇਗ਼ ਕੇਂਦਰੀਕਰਨ ਦੀ ਈਜਾਰੇਦਾਰੀ ਵਿਵਸਥਾ ਅਕਾਲ ਤਖ਼ਤ ਨੂੰ ਕਿਉਂ ਢਾਹੁੰਦੀ ਹੈ? ਅਠਾਰਵੀਂ ਸਦੀ ਵਿਚ ਅਹਿਮਦ ਸ਼ਾਹ ਅਬਦਾਲੀ ਅਕਾਲ ਤਖ਼ਤ ਦੇ ਬਾਰੂਦ ਨਾਲ ਢਾਹੁੰਦਾ ਤੇ ਉਡਾਂਦਾ ਰਿਹਾ ਹੈ। ਰਣਜੀਤ ਸਿੰਘ ਦਾ ਇਕ-ਪੁਰਖੀ ਰਾਜ ਅਕਾਲ ਤਖ਼ਤ ਦਾ ਪੁਜਾਰੀ ਸੀ, ਉਹ ਅਕਾਲ ਤਖ਼ਤ ਦੇ ਸੱਚ ਦਾ ਧਾਰਕ ਨਹੀਂ ਸੀ, ਭਾਵੇਂ ਕਿ ਉਸ ਦੇ ਰਾਜ 'ਤੇ ਅਕਾਲ ਤਖ਼ਤ ਦੇ ਸੱਚ ਦਾ ਪਰਛਾਵਾਂ ਸੀ। ਬ੍ਰਿਟਿਸ਼ ਰਾਜ ਵੀ ਅਕਾਲ ਤਖ਼ਤ ਦੀ ਸ਼ਕਤੀ ਤੋਂ ਸੁਚੇਤ ਸੀ, ਉਸ ਰਾਜ ਨੇ ਅਕਾਲ ਤਖ਼ਤ ਨੂੰ ਢਾਹਿਆ ਤਾਂ ਨਹੀਂ, ਪਰ ਅਕਾਲ ਤਖ਼ਤ ਨੂੰ ਪੁਜਾਰੀਆਂ ਤੇ ਮਹੰਤਾਂ ਹੱਥ ਸੌਂਪ ਕੇ ਅਕਾਲ ਤਖ਼ਤ ਦੇ ਇਤਿਹਾਸਕ ਪ੍ਰਗਟਾਅ ਨੂੰ ਰੋਕੀ ਰੱਖਿਆ। ਅਜੋਕੇ ਸਮੇਂ ਅਖੌਤੀ ਸੈਕੂਲਰ ਸਰਕਾਰ ਹਿੰਦੂ ਬਹੁ-ਸੰਮਤੀ ਦੇ ਆਧਾਰ 'ਤੇ

ਬਣੀ ਸਵਰਨਜਾਤੀ ਬੁਰਜੂਆ ਤਾਨਾਸ਼ਾਹੀ ਵਿਵਸਥਾ ਵਾਲੀ ਸਰਕਾਰ ਜੋ ਰਾਜ ਦੇ ਖੇਤਰ ਵਿਚ ਦੇਗ ਕੇਂਦਰੀਕਰਨ ਤੇ ਤੇਗ ਕੇਂਦਰੀਕਰਨ ਵਿਵਸਥਾ ਦੀ ਬਹਾਲੀ ਲਈ ਸਿਰਤੋੜ ਯਤਨ ਕਰ ਰਹੀ ਹੈ। ਧਰਮ ਨਿਰਪੱਖ ਸਰਕਾਰ ਦੀਆਂ ਤੋਪਾਂ, ਟੈਂਕਾਂ ਤੇ ਗੋਲਾ ਬਾਰੂਦ ਦਾ ਨਿਸ਼ਾਨਾ ਵੀ ਮੁੱਖ ਤੌਰ 'ਤੇ ਅਕਾਲ ਤਖ਼ਤ ਹੀ ਰਿਹਾ ਹੈ। ਅਕਾਲ ਤਖ਼ਤ ਕੇਂਦ੍ਰਿਤ ਰਾਜ ਕੋਲੋਂ ਕੀ ਖੋਂਹਦਾ ਹੈ ? ਗੁਰੂ ਹਰਿਗੋਬਿੰਦ ਸਾਹਿਬ ਦੇ ਸ਼ਬਦਾਂ ਦਾ ਸੱਚ ਕਿ ਅਕਾਲ ਤਖ਼ਤ ਸਮਾਂ ਪਾ ਕੇ ਅਪਾਰ ਸ਼ਕਤੀ ਦਾ ਮਾਲਕ ਹੋਵੇਗਾ, ਇਹਨਾਂ ਸ਼ਬਦਾਂ ਦਾ ਕੀ ਰਹੱਸ ਹੈ ? ਉਪਰੋਕਤ ਸਾਰੇ ਵਰਤਾਰੇ ਦੀ ਸਿਧਾਂਤਕ ਪੜਚੋਲ ਅਜੋਕੇ ਸਮੇਂ ਦੀ ਮੁੱਖ ਲੋੜ ਹੈ।

ਅਕਾਲ ਤਖ਼ਤ ਸਾਹਿਬ 'ਤੇ ਗੰਭੀਰ ਸਿਧਾਂਤਕ ਵਿਚਾਰ ਕਰਨ ਲਈ ਮਨ ਦਾ ਆਪਣੇ ਜੋਤ ਸਰੂਪ ਨੂੰ ਪਹਿਚਾਨਣਾ ਬਹੁਤ ਜ਼ਰੂਰੀ ਹੈ, ਮਨ ਦਾ ਇਕਾਗਰ ਰੂਪ, ਗਿਆਨ ਰਾਓ : ਗੁਰੂ ਹੀ ਆਪਣੀ ਸੂਖਮ ਲੋਅ ਰਾਹੀਂ ਇਸ ਧਰਤ 'ਤੇ ਸਥਾਪਤ ਅਕਾਲ ਤਖ਼ਤ ਬਾਰੇ ਕੁਝ ਵਿਚਾਰ ਕਰ ਸਕਦਾ ਹੈ। ਸੁੰਨ-ਸਰੂਪ ਏਕਤਾ ਦਾ ਬ੍ਰਹਿਮੰਡੀ ਪਸਾਰ ਵਿਚ ਪ੍ਰਗਟਾ, ਰਾਤੀ, ਰੁਤੀਂ, ਥਿਤੀਂ, ਵਾਰੀ, ਮਾਹਾਂ ਵਿਚ ਵੰਡਿਆ ਸਮਾਂ, ਨਾਮ ਰੂਪ ਆਕਾਰ ਤੇ ਪਰਸਾਦਿ, ਇਹ ਚਾਰੇ ਅੰਗ ਹੀ ਧਰਤੀ ਦੇ ਧਰਮ ਦੇ ਰੂਪ ਹਨ। ਇਹਨਾਂ ਚਾਰ ਰੂਪਾਂ ਰਾਹੀਂ ਹੀ ਬ੍ਰਹਿਮੰਡ ਦਾ ਧਰਮ ਵਿਗਸਦਾ ਹੈ। ਗੁਰਮੁਖਿ ਧਰਤੀ, ਗੁਰਮੁਖਿ ਪਵਨ, ਗੁਰਮੁਖਿ ਬੈਸੰਤਰ, ਗੁਰਮੁਖਿ ਪਾਣੀ, ਜੀਓ ਤੇ ਪਿੰਡ ਵਾਲੇ ਗੁਰੂ ਰੂਪਾਂ ਨੂੰ ਘੜਨਾ ਆਰੰਭ ਕੇ ਗੁਰਮੁਖਿ ਦੇ ਚਲਤ ਨੂੰ ਤੋਰਦੇ ਹਨ। ਗੁਰਮੁਖਿ ਦੇ ਚਾਰੇ ਰੂਪ ਸੁੰਨ-ਸਰੂਪ ਏਕਤਾ ਦਾ ਅਨੇਕਤਾ ਵਿਚ ਪ੍ਰਗਟਾ ਹਨ। ਗੁਰਮੁਖਿ ਦੇ ਚਾਰ ਰੂਪਾਂ ਰਾਹੀਂ ਜੀਓ ਤੇ ਪਿੰਡ ਵਾਲੇ ਗੁਰ ਰੂਪ, ਨਾਮ ਰੂਪ ਨਿਰਗੁਣ ਏਕਤਾ ਦਾ ਸਰਗੁਣ ਅਨੇਕਤਾ ਵਿਚ ਵਿਅਕਤ ਰੂਪ ਹਨ। ਸੁੰਨ ਸਰੂਪ ਏਕਤਾ ਆਦਿ ਸਚੁ ਹੈ ਤੇ ਆਦਿ ਸਚੁ ਦਾ ਪਸਾਰੇ ਵਿਚ ਵੇਸ ਜੁਗਾਦਿ ਸਚੁ ਹੈ। ਜੁਗਾਦਿ ਸਚੁ ਪਸਰਿਆ ਹੋਇਆ ਬ੍ਰਹਮ ਹੈ। "ਬ੍ਰਹਮੋ ਪਸਾਰਾ ਬ੍ਰਹਮ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ।" ਦਿਸਦਾ ਬ੍ਰਹਿਮੰਡੀ ਪਸਾਰ ਤੇ ਇਸ ਵਿਚ ਗੁਰ ਰੂਪਾਂ ਦਾ; ਨਾਮ ਰੂਪਾਂ ਦਾ ਪਰਗਾਸ, ਇਹ ਸਾਰਾ ਵਰਤਾਰਾ ਜਾਹਰਾ ਪਾਤਸ਼ਾਹ ਹੈ। "ਨਾਨਕ ਕਾ ਪਾਤਸਾਹ ਦਿਸੈ ਜਾਹਰਾ।" ਏਸੇ ਜਾਹਰਾ ਪਾਤਸ਼ਾਹ ਨੂੰ ਮਾਰਕਸ ਦਾ ਵਿਰੋਧ-ਵਿਕਾਸ ਪਦਾਰਥਵਾਦ ਸਿਧਾਂਤ ਸੁਚੇਤ ਪਦਾਰਥ ਆਖਦਾ ਹੈ। ਤੇਜ-ਪੂਜਕ ਬੌਣਵਾਦ ਇਸ ਜਾਹਰਾ ਪਾਤਸ਼ਾਹ ਨੂੰ ਮਾਇਆ, ਮਿਥਿਆ ਤੇ ਮ੍ਰਿਗ-ਤ੍ਰਿਸ਼ਨਾ ਦੇ ਸ਼ਬਦਾਂ ਨਾਲ ਸੰਬੋਧਨ ਕਰਦਾ ਹੈ। ਹਰ ਦਰਸ਼ਨ ਦੀ ਆਪਣੀ ਸ਼ਬਦਾਵਲੀ ਰਾਹੀਂ ਗੱਲ ਕਰਦੇ ਹਾਂ।

ਵਿਰੋਧ-ਵਿਕਾਸ ਪਦਾਰਥਵਾਦ ਅਨੁਸਾਰ ਪਦਾਰਥ ਅਨਾਦੀ ਹੈ। ਪਦਾਰਥ ਗਤੀ ਵਿਚ ਹੈ। ਪਦਾਰਥ ਦੇ ਹਰ ਰੂਪ ਵਿਚ ਉਲਟਾਂ ਦੇ ਘੋਲ ਦਾ ਨੇਮ ਹੈ। ਵਿਰੋਧੀ ਅੰਸ਼ਾਂ ਦਾ ਘੋਲ, ਟਿਕਾਉਹੀਣਤਾ ਪਦਾਰਥ ਦੇ ਵਿਕਾਸ ਦਾ ਆਧਾਰ ਹੈ। ਉਲਟਾਂ ਦਾ ਘੋਲ ਤੇ ਟਿਕਾਓਹੀਣਤਾ ਸੁਚੇਤ ਪਦਾਰਥ ਦੇ ਪਰਗਾਸ ਦਾ ਸੋਮਾ ਹਨ। ਇਹਨਾਂ ਦੇ ਨਿਯਮਾਂ ਦੇ ਆਧਾਰ ਤੇ ਸੁਚੇਤ ਪਦਾਰਥ ਵਿਕਾਸ ਕਰਦਾ ਹੋਇਆ ਮਨੁੱਖ ਤੱਕ ਪੁੱਜਦਾ ਹੈ। ਮਨੁੱਖ ਵੀ ਸੁਚੇਤ ਪਦਾਰਥ ਹੈ। ਮਨੁੱਖ ਸਮਾਜਿਕ ਪ੍ਰਾਣੀ ਹੈ ਤੇ ਮਨੁੱਖ ਦਾ ਸਮਾਜਿਕ ਤੇ ਰਾਜਨੀਤਕ ਵਿਕਾਸ ਦਾ ਆਧਾਰ ਵੀ ਵਿਰੋਧੀ ਅੰਸ਼ਾਂ ਦਾ ਘੋਲ ਤੇ ਟਿਕਾਓਹੀਣਤਾ ਹੈ। ਇਸ ਦਾਰਸ਼ਨਿਕ ਪੈਂਤੜੇ ਰਾਹੀਂ, ਦਾਅ-ਪੇਚ ਰਾਹੀਂ ਮਜ਼ਦੂਰ ਜਮਾਤ ਸੰਗਠਿਤ ਹੋ ਕੇ ਆਪਣੀ ਜਮਾਤ ਦੇ ਹਿੱਤ ਦੇ ਪੈਂਤੜੇ ਰਾਹੀਂ ਆਪਣੇ ਵਿਰੋਧੀ ਪੂੰਜੀਪਤੀਆਂ ਦੀ ਜਮਾਤ ਨਾਲ ਸੰਘਰਸ਼ ਲੜ

ਕੇ, ਆਪਣੀ ਜਮਾਤੀ ਤਾਨਾਸ਼ਾਹੀ ਦੇ ਰਾਜ ਨੂੰ ਸਥਾਪਤ ਕਰਦੀ ਹੈ। ਵਿਰੋਧ-ਵਿਕਾਸ ਪਦਾਰਥਵਾਦ ਤਖ਼ਤ (ਰਾਜ) ਦੀ ਸਥਾਪਤੀ ਵੱਲ ਵਧਦਾ ਹੈ। ਇਹ ਅਗਾਂਹ-ਵਧੂ ਸਥਾਪਤੀ ਹੈ, ਇਹ ਇਕ ਪੁਰਖੀ ਤਾਨਾਸ਼ਾਹ ਦੇ ਰਾਜ ਨੂੰ ਜਮਾਤੀ ਤਾਨਾਸ਼ਾਹੀ ਦੇ ਰਾਜ (ਤਖ਼ਤ) ਵਿਚ ਬਦਲਦਾ ਹੈ। ਪ੍ਰੋਲਤਾਰੀ ਜਮਾਤ ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਰਾਹੀਂ ਦਾਤਾ ਦਾ ਰੂਪ ਧਾਰਦੀ ਹੈ, ਪਿਛਾਂਹ-ਖਿੱਚੂ ਪੂੰਜੀਪਤੀ ਜਮਾਤ ਭੁਗਤਾ ਦੀ ਸਥਿਤੀ ਵਿਚ ਆ ਟਿਕਦੀ ਹੈ। ਵਿਰੋਧ-ਵਿਕਾਸ ਪਦਾਰਥਵਾਦ ਦਾਤਾ ਤੇ ਭੁਗਤਾ ਦੀ ਉੱਥਲ-ਪੁੱਥਲ ਨੂੰ ਇਨਕਲਾਬ ਕਹਿੰਦਾ ਹੈ। ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਪ੍ਰੋਲਤਾਰੀ ਜਮਾਤ ਦੇ ਹੱਥਾਂ ਵਿਚ ਰਹੇ, ਤਾਂ ਕੀ ਇਹ ਸਮੁੱਚੇ ਪਦਾਰਥ ਦਾ ਵਿਕਾਸ ਹੈ? ਕੀ ਇਥੇ ਅੱਗੋਂ ਪਰਗਾਸ ਦੀ ਗੱਲ ਮੁੱਕ ਗਈ? ਕੀ ਪੂੰਜੀਪਤੀ ਤੇ ਪਿਛਾਂਹ-ਖਿੱਚੂ ਜਮਾਤ ਪਦਾਰਥ ਦੇ ਘੇਰੇ ਵਿਚ ਨਹੀਂ ਆਉਂਦੀ? ਵਿਰੋਧ-ਵਿਕਾਸ ਪਦਾਰਥਵਾਦ ਦੀ ਆਪਣੀ ਧਾਰਾ ਹੈ ਕਿ ਪਦਾਰਥ ਨਿਰੰਤਰ ਗਤੀ ਵਿਚ ਰਹਿੰਦਾ ਹੈ, ਵਿਰੋਧੀ ਅੰਸ਼ਾਂ ਦਾ ਘੋਲ ਪਦਾਰਥ ਦੇ ਪਰਗਾਸ ਦਾ ਰਾਹ ਹੈ। ਪਿਛਾਂਹ-ਖਿੱਚੂ ਭੁਗਤਾ ਵੀ ਪਦਾਰਥ ਹੈ, ਇਸ ਪਦਾਰਥ ਵਿਚ ਵੀ ਗਤੀ ਤੇ ਟਿਕਾਓ-ਹੀਣਤਾ ਹੈ। ਜੇ ਪਿਛਾਂਹ ਖਿੱਚੂ ਭੁਗਤਾ ਨੇ ਕੋਈ ਪੈਂਤੜਾ ਲੈ ਲਿਆ ਤਾਂ ਫਿਰ ਇਸ ਦਾ ਘੋਲ ਪ੍ਰੋਲਤਾਰੀ ਦਾਤਾ ਨਾਲ ਹੋਵੇਗਾ। ਜੇ ਇਸ ਪੈਂਤੜੇ ਰਾਹੀਂ, ਘੋਲ ਰਾਹੀਂ ਦਾਤੇ ਭੁਗਤੇ ਦੀ ਉੱਥਲ-ਪੁੱਥਲ ਫਿਰ ਹੋ ਗਈ, ਪ੍ਰੋਲਤਾਰੀ ਤਾਨਾਸ਼ਾਹੀ ਭੁਗਤਾ ਦੀ ਸਥਿਤੀ ਵਿਚ ਆ ਜਾਵੇਗੀ। ਕੀ ਇਸ ਸਥਾਪਤੀ ਨੂੰ ਵੀ ਪਦਾਰਥ ਦਾ ਵਿਕਾਸ ਹੀ ਕਹਾਂਗੇ? ਦਾਤੇ ਤੇ ਭੁਗਤੇ ਦੀ ਉੱਥਲ-ਪੁੱਥਲ ਅਨੰਤ ਹੈ। ਅੱਜ ਦੇ ਦਾਤੇ ਕੱਲ੍ਹ ਦੇ ਭੁਗਤੇ ਸਨ ਤੇ ਅੱਜ ਦੇ ਭੁਗਤੇ ਕੱਲ੍ਹ ਨੂੰ ਦਾਤੇ ਹੋਣਗੇ। ਇਹ ਗੁਰਬਾਣੀ ਦਾ ਸੱਚ ਹੈ। ਕੀ ਦਾਤੇ ਤੇ ਭੁਗਤੇ ਦੀ ਉੱਥਲ-ਪੁੱਥਲ ਨੂੰ ਤੋੜਨ ਦਾ ਰਾਹ ਵਿਰੋਧ-ਵਿਕਾਸ ਪਦਾਰਥਵਾਦ ਕੋਲ ਹੈ? ਜੇ ਰੂਸ ਨੇ ਸਟੇਟਲੈਸ ਸੋਸਾਇਟੀ ਬਣਨਾ ਹੋਇਆ ਤਾਂ ਕੀ ਪ੍ਰੋਲਤਾਰੀ ਜਮਾਤ ਦੇ ਜੱਫ਼ੇ ਵਿੱਚੋਂ ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਖੋਹਣ ਨਾਲ ਪਹਿਲੇ ਇਨਕਲਾਬ ਨਾਲੋਂ ਖ਼ੂਨ-ਖ਼ਰਾਬਾ ਵੱਧ ਨਹੀਂ ਹੋਵੇਗਾ? ਕੀ ਵਿਰੋਧ-ਵਿਕਾਸ ਪਦਾਰਥਵਾਦ ਕੋਲ ਕੋਈ ਸੰਸਥਾ ਹੈ, ਕੋਈ ਰਾਹ ਹੈ, ਜਿਸ ਰਾਹ ਰਾਹੀਂ ਸਮੁੱਚਾ ਸੁਚੇਤ ਪਦਾਰਥ (ਸਰਬੱਤ ਮਨੁੱਖਤਾ) ਪਰਗਾਸ ਕਰ ਸਕੇ, ਜਿਸ ਰਾਹ ਰਾਹੀਂ ਸਮੁੱਚਤਾ ਦਾ ਪ੍ਰਗਟਾ ਹੋਏ, ਨਾ ਕੋਈ ਵਿਅਕਤੀ ਤਾਨਾਸ਼ਾਹੀ ਹੋਵੇ ਤੇ ਨਾ ਕੋਈ ਜਮਾਤ ਤਾਨਾਸ਼ਾਹ ਹੋਵੇ, ਕੋਈ ਦਾਤਾ ਦੀ ਸਥਿਤੀ ਵਿਚ ਨਾ ਹੋਵੇ, ਤੇ ਨਾ ਹੀ ਕੋਈ ਭੁਗਤਾ ਦੀ ਸਥਿਤੀ ਵਿਚ ਹੋਵੇ। ਜੇ ਸਰਬੱਤ ਦੇ ਪਰਗਾਸ ਦੀ ਗੱਲ ਕਰਨੀ ਹੈ ਤਾਂ ਮਾਰਕਸ ਦੇ ਸਿਧਾਂਤ ਵਿੱਚੋਂ ਦੋ ਸ਼ਬਦਾਂ ਨੂੰ ਕੱਢਣਾ ਜ਼ਰੂਰੀ ਹੈ, ਇਹ ਦੋ ਸ਼ਬਦ ਵਿਰੋਧ ਤੇ ਵਾਦ ਹਨ। ਮਾਰਕਸ ਦੇ ਦਾਰਸ਼ਨਿਕ ਪੈਂਤੜ ਦੇ ਤਾਣੇ-ਬਾਣੇ ਵਿੱਚੋਂ ਜੇ ਇਹਨਾਂ ਸ਼ਬਦਾਂ ਦੀ ਅਣਹੋਂਦ ਹੋ ਜਾਵੇ ਤਾਂ ਮਾਰਕਸ ਦੇ ਦਰਸ਼ਨ ਦਾ ਸਮੁੱਚਾ ਢਾਂਚਾ ਜਿਸ 'ਤੇ ਉਸ ਦਾ ਪੈਂਤੜਾ ਖੜਾ ਹੈ, ਢਹਿ-ਢੇਰੀ ਹੋ ਜਾਂਦਾ ਹੈ। ਵਾਦ ਕਿਸੇ ਧਿਰ ਦੇ ਹਿੱਤ ਵਿਚ ਲਿਆ ਦਾਰਸ਼ਨਿਕ ਪੈਂਤੜਾ ਹੁੰਦਾ ਹੈ, ਵਾਦ ਆਪਣੀ ਧਿਰ ਦੀ ਵਕਾਲਤ ਕਰਦਾ ਹੈ, ਵਾਦ ਸਮੁੱਚਤਾ ਨੂੰ ਧਿਰਾਂ ਵਿਚ ਵੰਡਦਾ ਹੈ, ਵਿਰੋਧ ਸੰਘਰਸ਼ ਦਾ ਉਭਾਰ ਕਰਦਾ ਹੈ। ਵਿਰੋਧ ਸੰਘਰਸ਼ ਦਾ ਸਾਧਨ ਹੈ, ਜਿਸ ਰਾਹੀਂ ਵਾਦ ਆਪਣੀ ਧਿਰ ਨੂੰ ਤਾਨਾਸ਼ਾਹੀ ਤਖ਼ਤ 'ਤੇ ਸਥਾਪਤ ਕਰਦਾ ਹੈ। ਵਿਰੋਧ-ਵਿਕਾਸ ਪਦਾਰਥਵਾਦ ਪ੍ਰੋਲਤਾਰੀ ਜਮਾਤ ਦੀ ਤਾਨਾਸ਼ਾਹੀ ਸਥਾਪਤੀ ਦਾ ਹਿਤੂ ਦਰਸ਼ਨ ਹੈ। ਸਮੁੱਚਾ ਸੁਚੇਤ ਪਦਾਰਥ ਕਿਵੇਂ ਪਰਗਾਸ ਕਰਦਾ ਹੈ,

ਪਰਗਾਸ ਦੀ ਦਿਸ਼ਾ ਕੀ ਹੈ ? ਪਰਗਾਸ ਦੇ ਰਾਹ ਕਿਹੜੇ ਹਨ ? ਸਮੂਹ ਦੇ ਪਰਗਾਸ ਦਾ ਅੰਤਮ ਪੜਾਅ ਕੀ ਹੈ ? ਇਹ ਪ੍ਰਸ਼ਨ ਜੋ ਸਰਬੱਤ ਨਾਲ ਸੰਬੰਧਿਤ ਹਨ, ਇਹ ਵਾਦਾਂ ਦਾ ਵਿਸ਼ਾ ਨਹੀਂ, ਵਾਦ ਤਾਂ ਆਪਣੀ ਧਿਰ ਦੀ ਵਲਗਣ ਵਿੱਚੋਂ ਬਾਹਰ ਨਹੀਂ ਆ ਸਕਦੇ, ਉਹ ਆਪਣੀ ਧਿਰ ਦੇ ਸੱਚ 'ਤੇ ਪਹਿਰਾ ਦਿੰਦੇ ਹਨ, ਭਾਵੇਂ ਉਹ ਲੰਗੜਾ ਸੱਚ ਹੀ ਹੋਵੇ ਤੇ ਅਜੇ ਸੰਪੂਰਨਤਾ ਦੀ ਉਡੀਕ ਕਰ ਰਿਹਾ ਹੋਵੇ। ਵਾਦ ਰਾਹੀਂ ਆਪਣੀ ਧਿਰ ਨੂੰ ਵਲਗਣ ਵਿਚ ਡੱਕਣ ਦੀ ਰੁਚੀ, ਇਸ ਫ਼ਿਰਕੇ ਤੋਂ ਜ਼ਰਾ ਉੱਚੀ ਸਥਾਪਤੀ ਹੈ, ਪਰ ਹੈ ਇਹ ਵੀ ਫ਼ਿਰਕੂ ਸਥਾਪਤੀ, ਜਿਸ ਦੀ ਸੋਚ ਆਪਣੀ ਧਿਰ ਤੋਂ ਬਾਹਰ ਨਹੀਂ ਹੈ, ਸਰਬੱਤ ਇਸ ਦੀ ਸੁਰਤਿ ਦਾ ਵਿਸ਼ਾ ਨਹੀਂ ਹੈ।

ਤੇਜ-ਪੂਜਕ ਬੌਣਵਾਦ ਬਿਪਰ-ਧਾਰਾ ਅਨੁਸਾਰ ਪਦਾਰਥ ਮਿਥਿਆ ਹੈ, ਮਾਇਆ ਹੈ, ਛਲ ਹੈ। ਸਮੁੱਚੇ ਸਜੀਵ ਆਕਾਰ ਨਾਮ ਰੂਪ ਪਰਤੰਤਰ ਹਨ। ਇਹਨਾਂ ਸਜੀਵ ਅਕਾਰਾਂ ਦਾ ਕਰਤਾ, ਧਰਤਾ, ਸ਼ਾਸਕ ਇਕ ਹੋਰ ਅੱਡ ਸੁਤੰਤਰ ਸੱਚ ਹੈ। ਤੇਜ ਦੇ ਕੇਂਦ੍ਰਿਤ ਰੂਪ : ਪੁਰਸ਼ ਰੂਪ ਈਸ਼ਵਰ, ਦੇਹਧਾਰੀ ਗੁਰੂ ਤੇ ਅਵਤਾਰ ਸੁਤੰਤਰ ਸੱਚ ਹਨ। ਇਹਨਾਂ ਸੁਤੰਤਰ ਰੂਪਾਂ ਦੀ ਹੋਂਦ ਸੰਸਾਰ ਦੇ ਹਭਾਹੂੰ ਵਿਚ ਵੀ ਹੈ ਤੇ ਸੰਸਾਰ ਤੋਂ ਬਾਹਰਾ ਕਿਸੇ ਕਲਪਤਿ ਪੁਰੀ ਵਿਚ ਵੀ ਹੈ। ਸਜੀਵ ਅਕਾਰ ਨਾਮ ਰੂਪਾਂ ਨੂੰ ਪੈਦਾ ਕਰਨ ਵਾਲਾ ਬ੍ਰਹਮਾ ਹੈ, ਪਾਲਣ ਵਾਲਾ ਵਿਸ਼ਨੂੰ ਹੈ ਤੇ ਅੰਤਿਮ ਫਲ ਤੇ ਸੰਘਾਰ ਕਰਕੇ ਨਵੇਂ ਸਿਰਿਉਂ ਉਤਪਤੀ ਦਾ ਦਾਤਾ ਸ਼ੰਕਰ ਹੈ। ਤੇਜ ਦਾ ਕੇਂਦ੍ਰਿਤ ਰੂਪ ਰਾਮ ਸਮੇਂ ਸਮੇਂ ਮਨੁੱਖਤਾ ਦੇ ਉਧਾਰ ਲਈ ਜਨਮ ਲੈਂਦਾ ਹੈ, ਕਈ ਨਾਮ ਧਾਰ ਕੇ ਅਵਤਾਰ ਧਾਰਦਾ ਹੈ। ਮਨੁੱਖ ਵੀ ਪਰਤੰਤਰ ਸੱਚ ਹੈ। ਪਰਤੰਤਰ ਮਨੁੱਖ ਦੇ ਪਰਗਾਸ ਦਾ ਰਾਹ ਭਾਗਵਤ ਕਿਰਪਾ ਹੈ।

ਈਸ਼ਵਰ ਦੀ ਭਗਤੀ, ਦੇਹਧਾਰੀ ਗੁਰੂ ਦੀ ਵਿਡਾਣੀ ਚਾਕਰੀ, ਤੇਜ ਦੇ ਕਿਸੇ ਵੀ ਕੇਂਦ੍ਰਿਤ ਰੂਪ ਦੇ ਨਾਮ ਦਾ ਜਾਪ, ਕੇਂਦ੍ਰਿਤ ਤੇਜ ਦੇ ਰੂਪ ਵਿਚ ਸੁਰਤਿ ਲਾ ਕੇ ਧਿਆਨ ਲਾਉਣਾ, ਕੇਂਦ੍ਰਿਤ ਤੇਜ ਦੀ ਪੂਜਾ, ਸ਼ਬਦਾਂ ਦੇ ਵਿਸ਼ੇਸ਼ ਸੰਗ੍ਰਹਿ ਦੇ ਮੰਤਰ ਦਾ ਰਟਨ, ਇਹ ਕ੍ਰਿਆਵਾਂ ਹਨ, ਜਿਨ੍ਹਾਂ ਰਾਹੀਂ ਮਨੁੱਖ ਭਾਗਵਤ ਕਿਰਪਾ ਪ੍ਰਾਪਤ ਕਰ ਸਕਦਾ ਹੈ। ਧਰਮ ਦੇ ਖੇਤਰ ਵਿਚ ਤੇਜ ਦਾ ਕੇਂਦ੍ਰਿਤ ਰੂਪ ਦਾਤਾ ਤੇ ਮਨੁੱਖ ਭੁਗਤਾ ਹੈ। ਤੇਜ ਦੇ ਕੇਂਦ੍ਰਿਤ ਰੂਪ ਅਨੇਕਾਂ ਹਨ ਤੇ ਅਨੇਕਾਂ ਸੁਆਮੀ ਮਨੁੱਖਤਾ ਨੂੰ ਅਨੇਕਾਂ ਵਲਗਣਾਂ ਵਿਚ ਵੰਡਦੇ ਹਨ। ਮਨੁੱਖਤਾ ਦਾ ਆਪਣੇ ਪਰਤੰਤਰ ਰੂਪ, ਭੁਗਤਾ ਰੂਪ, ਚਾਕਰ ਰੂਪ ਤੇ ਚੇਲਾ ਰੂਪ ਵਿਚ ਵਿਸ਼ਵਾਸ ਤੇ ਤੇਜ ਦੇ ਕੇਂਦ੍ਰਿਤ ਰੂਪ ਦੇ ਕਿਸੇ ਵੀ ਨਾਮ ਦੀ ਪੂਜਾ, ਇਹ ਦੋ ਮੂਲ ਆਧਾਰ ਹਨ, ਹਿੰਦੂ ਧਰਮ ਵਿਚ ਜੁੜੇ ਲੋਕਾਂ ਦੇ ਵੱਖ-ਵੱਖ ਫ਼ਿਰਕਿਆਂ ਦੇ। ਕੇਂਦ੍ਰਿਤ ਤੇਜ ਦੀ ਪੂਜਾ ਤੇ ਮਨੁੱਖਤਾ ਦਾ ਆਪਣੀ ਨਿਰਤੇਜਤਾ ਵਿਚ ਵਿਸ਼ਵਾਸ, ਇਹ ਬਿਪਰ-ਧਾਰਾ ਦਾ ਬਹੁਤ ਸੂਖ਼ਮ ਪੈਂਤੜਾ ਹੈ, ਇਹ ਕੇਂਦ੍ਰਿਤ ਰਾਜ ਦੇ ਤੇਜ ਦੇ ਹਿੱਤ ਵਿਚ ਦਾਅ-ਪੇਚ ਹੈ। ਉਪਰੋਕਤ ਧਾਰਾ ਰਾਹੀਂ ਵਿਕਸਿਤ ਹੋਇਆ ਮਨੁੱਖਤਾ ਦਾ ਬੌਣ ਸਰੂਪ ਰਾਜ ਦੇ ਖੇਤਰ ਵਿਚ ਤਾਨਾਸ਼ਾਹ ਦੀ ਬੈਨ ਪਰਜਾ ਦਾ ਰੂਪ ਧਾਰਦਾ ਹੈ। ਰਾਜ ਦੇ ਖੇਤਰ ਵਿਚ ਤੇਜ ਦੇ ਕੇਂਦ੍ਰਿਤ ਰੂਪ ਰਾਜਾ ਜਾਂ ਤਾਨਾਸ਼ਾਹ ਤੇ ਜਾਂ ਅਜੋਕੇ ਸਮੇਂ ਪਾਰਲੀਮਾਨੀ ਢਾਂਚੇ ਵਿਚ ਦੇਗ਼ (ਆਰਥਿਕਤਾ) ਕੇਂਦਰੀਕਰਨ ਤੇ ਤੇਗ਼ (ਪ੍ਰਬੰਧ) ਕੇਂਦਰੀਕਰਨ ਤੇ ਸਵਰਨਜਾਤੀ ਬੁਰਜੂਆ ਲੀਡਰਸ਼ਿਪ ਦੀ ਦੇਗ਼ ਤੇ ਤੇਜ 'ਤੇ ਈਜਾਰੇਦਾਰੀ ਹਨ। ਰਾਜ ਦੇ ਖੇਤਰ ਵਿਚ ਤੇਜ ਦੀ ਕੇਂਦ੍ਰਿਤ ਵਿਵਸਥਾ ਭਾਵੇਂ ਇਕ ਪੁਰਖ ਕੋਲ ਹੋਵੇ, ਭਾਵੇਂ ਇਕ ਪਰਿਵਾਰ ਕੋਲ ਹੋਵੇ ਤੇ ਭਾਵੇਂ ਸਵਰਨਜਾਤੀ

ਬੁਰਜੂਆ ਲੀਡਰਸ਼ਿਪ ਜਮਾਤ ਕੋਲ ਹੋਵੇ, ਅਜੇਹੇ ਰਾਜ ਦੀ ਹੋਂਦ ਦਾ ਇਹੋ ਹਿੱਤ ਹੈ ਕਿ ਸਮੂਹ ਮਨੁੱਖਤਾ ਸਰਬੇ ਏਕ ਦੇ ਸਿਧਾਂਤ 'ਤੇ ਇਕ ਨਾ ਹੋ ਜਾਵੇ। ਸਵਰਨਜਾਤੀ ਈਜਾਰੇਦਾਰੀ ਦੀ ਸਥਾਪਤੀ ਦਾ ਰਾਜ ਆਪਣੀ ਹੋਂਦ ਲਈ ਸੁਆਮੀਆਂ ਰਾਹੀਂ ਭਾਰਤੀ ਮਨੁੱਖਤਾ ਦੀ ਵਲਗਣਾ ਵਿਚ ਵੰਡ ਨੂੰ ਮਾਨਤਾ ਦਿੰਦਾ ਹੈ। ਵੱਖ-ਵੱਖ ਫ਼ਿਰਕਿਆਂ ਦੀ ਹੋਂਦ ਦੀ ਰਾਖੀ ਕਰਦਾ ਹੈ ਤੇ ਕਈ ਵਾਰੀ ਆਪਣੇ ਹਿੱਤ ਨੂੰ ਮੁੱਖ ਰੂਪ ਦੇ ਕੇ ਨਵੇਂ ਸੁਆਮੀਆਂ ਨੂੰ ਉਭਾਰਦਾ ਹੈ। ਉਹਨਾਂ ਨੂੰ ਉਤਸਾਹਿਤ ਕਰਦਾ ਹੈ ਤਾਂ ਜੋ ਸਮੂਹ ਮਨੁੱਖਤਾ ਵਿਚ ਹੋਰ ਵੰਡੀਆਂ ਪੈ ਜਾਣ।

ਸਵਰਨਜਾਤੀ ਬੁਰਜੂਆ ਲੀਡਰਸ਼ਿਪ ਦੀ ਈਜਾਰੇਦਾਰੀ ਦਾ ਇਹੋ ਹਿੱਤ ਹੈ ਕਿ ਲੋਕ ਬੌਣ ਸਰੂਪ ਨੂੰ ਧਾਰਨ ਕਰਨ, ਇਸ ਮਨੋਰਥ ਦੀ ਪ੍ਰਾਪਤੀ ਲਈ ਰਾਜ ਪਰਸਾਰ ਮੀਡੀਆ ਰਾਹੀਂ ਪਰਚਾਰ ਕੇ, ਯੂਨੀਵਰਸਿਟੀਆਂ ਰਾਹੀਂ ਖੋਜ ਕਰਵਾ ਕੇ ਗੁਰੂ ਤੇ ਚੇਲੇ ਦੀ ਦਵੈਤ, ਠਾਕੁਰ ਤੇ ਸੇਵਕ ਦੀ ਦਵੈਤ, ਦਾਤਾ ਤੇ ਭੁਗਤਾ ਦੀ ਦਵੈਤ ਤੇ ਪੁਸਤਕਾਂ ਲਿਖਵਾ ਕੇ ਮਨੁੱਖਤਾ ਦੇ ਚੇਲਾ ਰੂਪ, ਭੁਗਤਾ ਰੂਪ ਤੇ ਸੇਵਕ ਰੂਪ ਨੂੰ ਸਥਾਪਤ ਕਰਦਾ ਹੈ। ਇਸ ਵਿਵਸਥਾ ਦੀ ਸਥਾਪਤੀ ਵਿਚ ਹੀ ਮਨੁੱਖਤਾ ਦਾ ਪਰਜਾ-ਰੂਪ ਛੁਪਿਆ ਹੈ, ਬੌਣ ਤੇ ਚਾਕਰ ਸਭਿਆਚਾਰ ਕਦੀ ਰਾਜ ਦੇ ਤੇਜ ਨੂੰ ਆਪ ਧਾਰਨ ਵੱਲ ਸੋਚਦਾ ਹੀ ਨਹੀਂ। ਸਵਰਨਜਾਤੀ ਈਜਾਰੇਦਾਰੀ ਦਾ ਇਹੋ ਸੱਚ ਹੈ। ਮਨੁੱਖਤਾ ਨੂੰ ਦੇਗ਼ ਤੇ ਤੇਗ਼ ਤੋਂ ਵਿਹੀਣ ਰੱਖਣ ਦਾ ਇਹੋ ਰਾਹ ਹੈ। ਤੇਜ-ਧਾਰਕ ਗੁਰੂ ਖ਼ਾਲਸਾ ਦੇ ਸਮੂਹ ਸਿਧਾਂਤ ਜਿਨ੍ਹਾਂ ਰਾਹੀਂ ਖ਼ਾਲਸਾ ਜੀ ਨੇ ਦੇਗ਼-ਤੇਗ਼ ਫ਼ਤਹਿ ਕਰਨੀ ਹੈ। ਮਨੁੱਖਤਾ ਦੇ ਆਪਣੇ ਤੇਜਤਾ ਦੇ ਰਾਹ ਨੂੰ ਰੋਕਣ ਲਈ, ਖ਼ਾਲਸਾ ਜੀ ਦੀ ਸੁਰਤਿ ਨੂੰ ਕੁਰਾਹੇ ਪਾਉਣ ਲਈ, ਕਿਤੇ ਖ਼ਾਲਸਾ ਜੀ ਆਪਣੇ ਰਾਹ ਨੂੰ ਪਛਾਣ ਨਾ ਜਾਣ ਤੇ ਇਸ ਪਛਾਣ ਰਾਹੀਂ ਉਹ ਆਪਣੀ ਤੇਜਤਾ ਦੇ ਇਤਿਹਾਸਕ ਰਾਹ 'ਤੇ ਨਾ ਤੁਰ ਪੈਣ। ਇਸ ਬਿਪਰ ਕੁਚੇਸ਼ਟਾ ਦੀ ਪੂਰਤੀ ਲਈ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 'ਗੁਰੂ ਗ੍ਰੰਥ ਸਾਹਿਬ' ਵਿਚ ਗੁਰੂ ਦੇ ਸੰਕਲਪ 'ਤੇ ਖੋਜ ਕਰਵਾ ਕੇ ਇਹ ਸਿੱਟਾ ਕੱਢਿਆ ਹੈ, "ਗੁਰੂ ਗ੍ਰੰਥ ਸਾਹਿਬ ਵਿਚ ਦੇਹਧਾਰੀ ਗੁਰੂ ਦੀ ਮਾਨਿਅਤਾ ਪ੍ਰਵਾਨ ਹੈ, ਇਹ ਮਾਨਿਅਤਾ ਭਾਰਤੀ ਗੁਰੂ ਪਰੰਪਰਾ ਦੇ ਅਨੁਕੂਲ ਹੈ।" ਸਵਰਨਜਾਤੀ ਈਜਾਰੇਦਾਰੀ ਦੀ ਸਥਾਪਤੀ ਵਾਲੇ ਰਾਜ ਦਾ ਇਹੋ ਹਿੱਤ ਹੈ ਕਿ ਮਨੁੱਖਤਾ ਆਪਣੇ ਚੇਲਾ ਰੂਪ ਤੋਂ ਉਪਰ ਉਠ ਕੇ ਆਪੇ ਗੁਰ-ਚੇਲਾ (ਗੁਰਸਿੱਖ) ਦੇ ਰਹੱਸ ਨੂੰ ਸਮਝ ਕੇ ਆਪਣੇ ਪਦਾਰਥਕ ਜੀਵਨ ਨੂੰ ਸੁਤੰਤਰ ਨਾ ਕਰ ਲੈਣ। ਚੇਲਾ ਤੇ ਚਾਕਰ ਮਨੁੱਖ ਦਾ ਪਦਾਰਥਕ ਅਮਲ ਪ੍ਰਾਧੀਨ ਰਹਿੰਦਾ ਹੈ। ਰਾਜ, ਖੋਜ ਵੀ ਉਹ ਹੋਣ ਦਿੰਦਾ ਹੈ, ਜੋ ਇਸ ਦੇ ਹਿੱਤ ਨੂੰ ਭਾਵੇ, ਜੋ ਰਾਜ ਦੀ ਸਥਾਪਤੀ ਲਈ ਸਹਾਈ ਹੋਵੇ। ਕੇਂਦ੍ਰਿਤ ਰਾਜ ਦੇ ਤੇਜ ਲਈ ਮਨੁੱਖਤਾ ਦੀ ਨਿਰਤੇਜਤਾ ਜ਼ਰੂਰੀ ਹੈ।

ਰਾਜ ਦੇ ਖੇਤਰ ਵਿਚ ਕੇਂਦ੍ਰਿਤ ਤੇਜ ਦੀ ਵਿਵਸਥਾ ਦਾ ਇਹ ਵੀ ਹਿੱਤ ਹੈ ਕਿ ਲੋਕ ਜਾਗਰੂਕ ਨਾ ਹੋ ਜਾਣ, ਲੋਕਾਂ ਦੀ ਦੇਗ਼ ਤੇ ਤੇਗ਼ 'ਤੇ ਹੋ ਰਹੀ ਲੁੱਟ ਤੋਂ ਪੜਦਾ ਨਾ ਲੱਥ ਜਾਵੇ। ਅਜਿਹੇ ਰਾਜ ਵਿਚ ਅਗਿਆਨਤਾ ਦਾ ਪ੍ਰਸਾਰ, ਰਾਜ ਦੇ ਹਿੱਤ ਵਿਚ ਹੁੰਦਾ ਹੈ। ਕੇਂਦ੍ਰਿਤ ਰਾਜ ਦਾ ਤੇਜ ਲੋਕਾਂ ਨੂੰ ਪੂਜਾ-ਪਾਠ ਤੇ ਕਰਮ-ਕਾਂਡੀ ਅਗਿਆਨੀ ਕਿਰਿਆਵਾਂ ਵੱਲ ਪ੍ਰੇਰਦਾ ਹੈ, ਲੋਕਾਂ ਨੂੰ ਇਹਨਾਂ ਕਿਰਿਆਵਾਂ ਵੱਲ ਉਤਸ਼ਾਹਿਤ ਕਰਦਾ ਹੈ। "ਗਿਆਨ ਹੀਣੰ ਅਗਿਆਨ ਪੂਜਾ ॥ ਅੰਧ ਵਰਤਾਰਾ ਭਾਉ ਦੂਜਾ ॥" ਦੂਜੇ ਭਾਓ ਦੀ ਗਿਆਨ ਵਿਹੀਣ ਪੂਜਾ ਵਿਚ ਲੋਕਾਂ ਦੀ ਮਨਮੁੱਖਤਾ ਤੇ ਨਿਰਤੇਜਤਾ ਛੁਪੀ ਹੈ।

ਮਨੁੱਖਤਾ ਦਾ ਫ਼ਿਰਕਿਆਂ ਦੀਆਂ ਵਲਗਣਾਂ ਵਿਚ ਵੰਡਿਆ ਹੋਣਾ ਤੇ ਮਨੁੱਖਤਾ ਦਾ ਆਪਣੀ ਨਿਰਤੇਜਤਾ ਵਿਚ ਵਿਸ਼ਵਾਸ, ਮਨੁੱਖਤਾ ਵੱਲੋਂ ਆਨ ਦੇ ਨਾਮ ਦਾ ਜਾਪ, ਵਿਡਾਣੀ ਚਾਕਰੀ ਰਾਹੀਂ ਬੌਣਤਾ ਨੂੰ ਧਾਰਨ ਕਰਨਾ, ਕਰਮ-ਕਾਂਡੀ ਪੂਜਾ ਰਾਹੀਂ ਅਗਿਆਨਤਾ ਨੂੰ ਧਾਰਨ ਕਰਨਾ, ਇਸ ਵਿਵਸਥਾ ਦੀ ਬਹਾਲੀ ਵਿਚ ਹੀ ਰਾਜ ਦੇ ਖੇਤਰ ਵਿਚ ਕੇਂਦ੍ਰਿਤ ਤੇਜ ਦੀ ਹੋਂਦ ਹੈ। ਤੇਜ-ਪੂਜਕ ਬੌਣਵਾਦ ਬਿਪਰ-ਧਾਰਾ ਦਾ ਸਮੁੱਚਾ ਪੈਂਤੜਾ ਦੇਗ਼ (ਆਰਥਿਕਤਾ) ਤੇ ਤੇਗ਼ (ਪ੍ਰਬੰਧ) ਦੀ ਕੇਂਦ੍ਰਿਤ ਵਿਵਸਥਾ ਦੇ ਹਿੱਤ ਵਿਚ ਹੈ। ਇਹ ਦਰਸ਼ਨ ਰਾਜ ਦੇ ਖੇਤਰ ਵਿਚ ਕੇਂਦ੍ਰਿਤ ਤਖ਼ਤ ਦੀ ਉਸਾਰੀ ਕਰਦਾ ਹੈ। ਕੇਂਦ੍ਰਿਤ ਤਖ਼ਤ ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਵੱਲ ਵੱਧਦਾ ਹੈ। ਤੇਜ-ਪੂਜਕ ਬੌਣਵਾਦ ਬਿਪਰ-ਧਾਰਾ ਵਾਦ ਹੈ ਤੇ ਵਾਦ ਕਿਸੇ ਇਕ ਧਿਰ ਦੇ ਹਿੱਤ ਵਿਚ ਪੈਂਤੜਾ ਜਾਂ ਦਾਅ-ਪੇਚ ਹੁੰਦਾ ਹੈ, ਇਹ ਵਾਦ ਸਵਰਨਜਾਤਾਂ ਦੇ ਹਿੱਤ ਵਿਚ ਹੈ, ਇਹ ਵਾਦ ਵੀ ਤਖ਼ਤ ਦੀ ਸਥਾਪਤੀ ਵੱਲ ਵੱਧਦਾ ਹੈ, ਇਸ ਵਾਦ ਰਾਹੀਂ ਸਥਾਪਤ ਤਖ਼ਤ ਤੇ ਤਾਨਾਸ਼ਾਹੀ ਵਿਵਸਥਾ ਉਭਰਦੀ ਹੈ ਜਾਂ ਅਜੋਕੇ ਸਮੇਂ ਦੇਗ਼ ਕੇਂਦਰੀਕਰਨ ਤੇ ਤੇਗ਼ ਕੇਂਦਰੀਕਰਨ 'ਤੇ ਇਸ ਵਿਵਸਥਾ ਵਿਚ ਸਵਰਨਜਾਤੀ ਬੁਰਜੂਆ ਲੀਡਰਸ਼ਿਪ ਦੀ ਈਜਾਰੇਦਾਰੀ ਹੁੰਦੀ ਹੈ। ਵਾਦ ਦਾ ਇਹ ਹਿੱਤ ਹੈ ਕਿ ਸਵਰਨਜਾਤਾਂ ਤੋਂ ਬਿਨਾਂ ਸਮੂਹ ਮਾਨਵਤਾ ਬੌਣ ਰੂਪ ਨੂੰ ਧਾਰਨ ਕਰੇ, ਵਾਦ ਦਾ ਇਹ ਵੀ ਹਿੱਤ ਹੈ ਕਿ ਸਰਬੱਤ ਮਨੁੱਖਤਾ ਸਰਬੇ ਏਕ ਦੇ ਸਿਧਾਂਤ 'ਤੇ ਸੰਗਠਿਤ ਨਾ ਹੋ ਜਾਵੇ, ਇਹ ਵਾਦ ਆਪਣੇ ਹਿੱਤ ਲਈ ਮਨੁੱਖਤਾ ਵਿਚ ਵਲਗਣਾ ਪਾਉਂਦਾ ਹੈ ਤੇ ਇਹਨਾਂ ਵਲਗਣਾਂ ਦੀ ਖੜੋਤ ਲਈ ਆਪਣੇ ਵਾਦ ਦੇ ਤਖ਼ਤ ਰਾਹੀਂ ਰਾਖੀ ਕਰਦਾ ਹੈ।

ਇਹ ਵਾਦ ਸਵਰਨ ਜਾਤੀ ਧਿਰ ਦੇ ਹਿੱਤ ਦਾ ਪੈਂਤੜਾ ਹੈ, ਮਨੁੱਖਤਾ ਦੀ ਅਗਿਆਨਤਾ ਬਲ-ਹੀਣਤਾ ਤੇ ਬੌਣਤਾ ਇਸ ਵਾਦ ਦਾ ਹਿੱਤ ਹੈ। ਇਹ ਵਾਦ ਆਪਣੀ ਧਿਰ ਦੀ ਹੀ ਸੇਵਾ ਕਰਦਾ ਹੈ, ਧਿਰ ਤੋਂ ਬਾਹਰ ਸਮੂਹ ਮਾਨਵਤਾ ਧਰਮ ਤੇ ਰਾਜ ਦੋਹਾਂ ਖੇਤਰਾਂ ਦੇ ਤੇਜ ਤੋਂ ਵਿਹੂਣ ਰਹਿੰਦੀ ਹੈ। ਤੇਗ਼ ਦੀ ਈਜਾਰੇਦਾਰੀ ਸਵਰਨਜਾਤਾਂ ਕੋਲ ਹੋਵੇ, ਇਹ ਇਸ ਵਾਦ ਦਾ ਹਿੱਤ ਹੈ। ਸਵਰਨਜਾਤਾਂ ਤੋਂ ਬਿਨਾਂ ਸਮੂਹ ਮਾਨਵਤਾ ਦੀ ਨਿਰਤੇਜਤਾ ਦਾ ਇੱਕੋ ਧਰਮ ਹੈ ਕਿ ਉਹ ਅਹਿੰਸਾ ਵਿਚ ਵਿਸ਼ਵਾਸ ਰੱਖਣ, ਅਹਿੰਸਾ ਸਵਰਨਜਾਤੀ ਈਜਾਰੇਦਾਰੀ ਦੀ ਸਥਾਪਤੀ ਦਾ ਇੱਕੋ ਰਾਹ ਹੈ। ਹਿੰਸਾ ਦਾ ਅਧਿਕਾਰ ਕੇਵਲ ਸਵਰਨਜਾਤੀ ਬੁਰਜੂਆ ਲੀਡਰਸ਼ਿਪ ਕੋਲ ਹੈ, ਜੇ ਇਹਨਾਂ ਤੋਂ ਬਿਨਾਂ ਭਾਰਤ ਦੇ ਲੋਕ ਹਿੰਸਾ ਦਾ ਰਾਹ ਚੁਣਦੇ ਹਨ ਤਾਂ ਉਹਨਾਂ ਦਾ ਨਿਰਤੇਜਤਾ ਦੇ ਧਰਮ ਨੂੰ ਛੱਡ ਕੇ ਤੇਜਤਾ ਦਾ ਰਾਹ ਚੁਨਣਾ ਵੱਖਵਾਦੀ ਤੇ ਰਾਸ਼ਟਰ ਵਿਰੋਧੀ ਕਰਮ ਹੈ। ਇਸ ਵਾਦ ਰਾਹੀਂ ਸਥਾਪਤ ਤਖ਼ਤ ਦਾ ਕੇਂਦਰੀ ਬਿੰਦੂ ਇਹ ਹੈ ਕਿ ਤੇਜਤਾ ਦਾ ਅਧਿਕਾਰ ਕੇਵਲ ਸਵਰਨਜਾਤਾਂ ਨੂੰ ਹੈ, ਹੋਰਾਂ ਨੂੰ ਕੇਵਲ ਬੌਣਤਾ ਦਾ ਅਧਿਕਾਰ ਹੈ। ਭਾਰਤ ਦੀ ਬਹੁ-ਸੰਮਤੀ ਹਿੰਦੂ ਵਸੋਂ ਇਸ ਵਾਦ ਦੀ ਗ੍ਰਿਫ਼ਤ ਵਿਚ ਹੈ ਤੇ ਬਹੁ-ਸੰਮਤੀ ਦੇ ਆਧਾਰ 'ਤੇ ਰਾਜ ਦੇ ਤੇਜ ਨੂੰ ਸੰਭਾਲੀ ਬੈਠੀ ਸਵਰਨਜਾਤੀ ਬੁਰਜੂਆ ਲੀਡਰਸ਼ਿਪ ਹੈ, ਸਵਰਨਜਾਤੀ ਈਜਾਰੇਦਾਰੀ ਦੀ ਸਥਾਪਤੀ, ਤੇਜ-ਪੂਜਕ ਬੌਣਵਾਦ ਦੇ ਦਾਰਸ਼ਨਿਕ ਪੈਂਤੜੇ ਰਾਹੀਂ ਹੈ, ਇਸ ਲਈ ਇਹ ਵਾਦ ਮੁੱਖਧਾਰਾ ਹੋਣ ਦਾ ਦਾਅਵਾ ਕਰਦਾ ਹੈ। ਇਹ ਵਾਦ ਜੋ ਮਨੁੱਖਤਾ ਨੂੰ ਵੰਡਦਾ ਹੈ, ਮਨੁੱਖਤਾ ਦੀ ਨਿਰਤੇਜਤਾ ਲਈ ਕੰਮ ਕਰਦਾ ਹੈ, ਕੀ ਇਹ ਰਾਸ਼ਟਰ ਵਿਰੋਧੀ ਧਾਰਾ ਨਹੀਂ ? ਮਨੁੱਖਤਾ ਨੂੰ ਫ਼ਿਰਕਿਆਂ ਦੀਆਂ ਵਲਗਣਾਂ ਵਿਚ ਵੰਡਣ ਵਾਲਾ ਵਾਦ ਫ਼ਿਰਕੂ ਨਹੀਂ ? ਇਹ ਨਿਰੋਲ ਫ਼ਿਰਕੂ ਧਾਰਾ

ਹੈ। ਇਹ ਪਿਛਾਂਹ ਖਿਚੂ ਤੇ ਮਨੁੱਖਤਾ ਦੀ ਬੈਣਤਾ ਦਾ ਮੁਦੱਈ ਏਕੋ ਵਾਦ, ਰਾਸ਼ਟਰ ਦੀ ਨਿਰਬਲਤਾ ਤੇ ਖੰਡਤਾ ਦਾ ਕਾਰਨ ਹੋਵੇਗਾ।

ਹੁਣ ਅਸੀਂ ਬਾਬੇ ਨਾਨਕ ਦੇ 'ਜਾਹਰਾ ਪਾਤਸ਼ਾਹ' ਨੂੰ ਸਮਝਣ ਦਾ ਯਤਨ ਕਰਦੇ ਹਾਂ। 'ਜਾਹਰਾ ਪਾਤਸ਼ਾਹ' ਬ੍ਰਹਿਮੰਡੀ ਪਸਾਰ ਵਿਚ ਸਮੁੱਚੇ ਸਜੀਵ ਆਕਾਰ ਗੁਰ ਰੂਪ ਹਨ, ਨਾਮੁ ਰੂਪ ਹਨ, ਹਰਿ ਰੂਪ ਹਨ। ਗੁਰ ਰੂਪਾਂ ਦਾ ਵਿਕਾਸ ਹੀ ਗੁਰਮੁਖਿ ਦਾ ਚਲਤ (ਨਿਰੰਤਰ ਵਿਕਾਸ) ਹੈ। ਹਰ ਸਜੀਵ ਆਕਾਰ ਗੁਰ ਰੂਪ ਧਾਤੁ (ਬੀਜ, ਮੂਲੁ) ਦੇ ਆਧਾਰ 'ਤੇ ਨਾਮ ਧਾਰਦਾ ਹੈ। "ਜੇਹੀ ਧਾਤੁ ਤੇਹਾ ਤਿਨ ਨਉ" ਸਮੁੱਚੇ ਸਜੀਵ ਗੁਰ ਰੂਪਾਂ ਦਾ ਕਰਤਾ, ਸਿਰਜਣਹਾਰ, ਹਰ ਗੁਰ ਰੂਪ ਵਿਚ ਅੰਤਰ-ਨਿਹਿਤ (ਬੀਜ, ਮੂਲੁ) ਸਚੁ ਹੈ। ਹਰ ਸਜੀਵ ਆਕਾਰ ਗੁਰ ਰੂਪ ਵਿਚ ਸੁਰਤਿ ਤੇ ਧੁਨ ਹੈ। ਸੁਰਤਿ ਤੇ ਧੁਨ ਵਾਲਾ ਹਰ ਗੁਰ ਰੂਪ ਸਬਦੁ ਹੈ। ਗੁਰ ਰੂਪ ਸਬਦੁ ਦੇ ਵਿਕਾਸ ਦੇ ਰਾਹ ਦਾ ਨਿਰਣਾ ਸੁਰਤਿ ਕਰਦੀ ਹੈ। "ਜੇਹੀ ਸੁਰਤਿ ਤੇਹਾ ਤਿਨ ਰਾਹੁ" ਸਚੁ ਸੁਤੰਤਰ ਇਕਾਈ ਹੈ।

ਕਰਤਾ ਤੇ ਸਿਰਜਣ ਦਾ ਤੇਜ ਇਸ ਵਿਚ ਅੰਤਰ-ਨਿਹਿਤ ਹੈ, ਸਚੁ ਵਿਚ ਸੁਰਤਿ ਭਰਪੂਰ ਹੈ, ਇਸ ਲਈ ਸਚੁ ਸਬਦੁ ਹੈ। ਸਚੁ ਸਬਦੁ ਸਮੁੱਚੀ ਰਚਨਾ ਦਾ ਆਧਾਰ ਹੈ। "ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ ਜਿਨਿ ਏਹ ਰਚਨਾ ਰਾਚੀ॥" ਸਚੁ ਸਬਦੁ ਨੂੰ ਹੀ ਮਾਰਕਸ ਸੁਚੇਤ ਪਦਾਰਥ ਆਖਦਾ ਹੈ। ਸੁਚੇਤ ਪਦਾਰਥ ਵਿਚ ਸੁਰਤਿ ਤੇ ਧੁਨ ਭਰਪੂਰ ਹੁੰਦੀ ਹੈ। ਵਿਰੋਧ-ਵਿਕਾਸ ਪਦਾਰਥਵਾਦ ਵਿਰੋਧੀ ਅੰਸ਼ਾਂ ਦਾ ਘੋਲ, ਅੰਤਰ ਵਿਰੋਧ ਤੇ ਟਿਕਾਉਹੀਣਤਾ ਨੂੰ ਪਦਾਰਥ ਦੇ ਵਿਕਾਸ ਦਾ ਆਧਾਰ ਮੰਨਦਾ ਹੈ। ਸੁਚੇਤ ਪਦਾਰਥ (ਸਚੁ ਸਬਦੁ) ਦੇ ਵਿਕਾਸ ਦਾ ਆਧਾਰ : ਟਿਕਾਉਹੀਣਤਾ ਜਾਂ ਅੰਤਰ ਵਿਰੋਧ, ਇਹ ਸਿਧਾਂਤਕ ਟਪਲਾ ਹੈ, ਇਹ ਅਵਿਗਿਆਨਕ ਸਚੁ ਹੈ, ਇਹ ਕਿਸੇ ਵਿਸ਼ੇਸ਼ ਜਮਾਤ ਜਾਂ ਵਿਸ਼ੇਸ਼ ਵਾਦ ਦੇ ਹਿੱਤ ਵਿਚ ਲਿਆ ਦਾਰਸ਼ਨਿਕ ਪੈਂਤੜਾ ਹੈ। ਇਹ ਕੇਵਲ ਦਾਤਾ ਤੇ ਭੁਗਤਾ ਦੀ ਉੱਥਲ-ਪੁੱਥਲ ਲਈ ਵਰਤਿਆ ਦਾਅ-ਪੇਚ ਹੈ। ਇਹ ਵਿਗਿਆਨਕ ਸੱਚ ਤੋਂ ਕੋਹਾਂ ਦੂਰ ਹੈ। ਸੁਚੇਤ ਪਦਾਰਥ ਦੇ ਵਿਕਾਸ ਦਾ ਇਹ ਰਾਹ ਨਹੀਂ ਹੈ।

ਤੇਜ-ਧਾਰਕ ਪਰਗਾਸਵਾਨ ਖ਼ਾਲਸਾ ਜੀ ਦਾ ਦਰਸ਼ਨ ਸੁਚੇਤ ਪਦਾਰਥ (ਸਚੁ ਸਬਦੁ) ਦੇ ਵਿਕਾਸ ਦੇ ਰਾਹਾਂ ਨੂੰ ਜਾਣਦਾ ਹੈ। ਪਰਗਾਸ ਦੇ ਇਹ ਰਾਹ ਵਿਗਿਆਨਕ ਸਚ 'ਤੇ ਆਧਾਰਿਤ ਹਨ, ਇਹਨਾਂ ਰਾਹਾਂ ਤੋਂ ਬਿਨਾਂ ਸੁਚੇਤ ਪਦਾਰਥ ਦੇ ਪਰਗਾਸ ਦਾ ਕੋਈ ਹੋਰ ਰਾਹ ਹੈ ਹੀ ਨਹੀਂ। ਸਚੁ ਸਬਦ ਦੇ ਪਰਗਾਸ ਦਾ ਜੇ ਕੋਈ ਹੋਰ ਰਾਹ ਦਿਸਦਾ ਹੈ ਤਾਂ ਇਹ ਹੋਰ ਰਾਹ ਸਚ 'ਤੇ ਆਧਾਰਿਤ ਨਹੀਂ ਹੁੰਦਾ, ਇਹ ਸਿਧਾਂਤਕ ਟਪਲਾ ਜਾਂ ਕਿਸੇ ਵਿਸ਼ੇਸ਼ ਜਮਾਤ ਜਾਂ ਵਿਸ਼ੇਸ਼ ਵਿਅਕਤੀ ਦੇ ਹਿੱਤ ਨੂੰ ਮੁੱਖ ਰੱਖ ਕੇ ਲਿਆ ਦਾਰਸ਼ਨਿਕ ਦਾਅ-ਪੇਚ ਹੀ ਹੁੰਦਾ ਹੈ। ਇਸ ਦਾਅ-ਪੇਚ ਵਿਚ ਸਮੁੱਚਤਾ ਦਾ ਹਿੱਤ ਨਹੀਂ ਹੁੰਦਾ। ਤੇਜ-ਧਾਰਕ ਪਰਗਾਸਵਾਨ ਖ਼ਾਲਸਾ ਜੀ ਦੇ ਦਰਸ਼ਨ ਅਨੁਸਾਰ ਸਚੁ ਸਬਦੁ (ਸੁਚੇਤ ਪਦਾਰਥ) ਦੇ ਪਰਗਾਸ ਦਾ ਆਧਾਰ ਸੁਰਤਿ ਹੈ। ਸਚੁ ਸਬਦੁ ਦੀ ਸੁਰਤਿ ਕੇਵਲ ਦੋ ਰਾਹਾਂ ਵੱਲ ਵਿਕਾਸ ਕਰਦੀ ਹੈ। ਸਚੁ ਸਬਦੁ ਦੀ ਸੁਰਤਿ ਦੇ ਵਿਕਾਸ ਦਾ ਇਕ ਰਾਹ ਧਾਤੁ ਦਾ ਹੈ, ਦੂਜਾ ਰਾਹ ਲਿਵ ਦਾ ਹੈ। "ਲਿਵ ਧਾਤੁ ਦੁਇ ਰਾਹ ਹੈ" ਸਚੁ ਸਬਦੁ ਦੀ ਸੁਰਤਿ ਜਦੋਂ ਧਾਤੁ ਦੇ ਰਾਹ 'ਤੇ ਵਿਕਾਸ ਕਰਦੀ ਹੈ ਤਾਂ ਇਹ ਅਨੇਕਤਾ ਸਿਰਜਦੀ ਹੈ, ਇਹ ਮੈਂ ਦਾ ਪਸਾਰਾ ਕਰਦੀ ਹੈ। ਇਹ ਰਾਹ ਹਉਂ ਵੱਲ ਹੈ, ਇਹ ਰਾਹ ਵੈਰ ਵੱਲ ਹੈ, ਇਹ ਰਾਹ ਭੈਅ ਵੱਲ ਹੈ। ਸਚੁ ਸਬਦ

ਦਾ ਅਨੇਕਤਾ ਦੇ ਰਾਹ ਪਰਗਾਸ ਸ਼ਿਵ (ਨਰ) ਤੇ ਸ਼ਕਤੀ (ਮਾਦਾ) ਦੇ ਮੇਲ ਰਾਹੀਂ ਹੈ, ਪਿਆਰ ਰਾਹੀਂ ਹੈ। ਸਚੁ ਸਬਦੁ ਦੀ ਸੁਰਤਿ ਦਾ ਅਨੇਕਤਾ ਦੇ ਰਾਹ ਵਿਕਾਸ ਦੋ ਸ਼ਕਤੀਆਂ ਦਾ ਮੇਲ ਹੈ। "ਦੁਹੁ ਮਿਲ ਕਾਰਜ ਉਪਜੈ' ਸਚੁ ਸਬਦੁ ਦੀ ਸੁਰਤਿ ਦੇ ਪਰਗਾਸ ਦਾ ਦੂਜਾ ਰਾਹ ਲਿਵ ਵੱਲ ਹੈ। ਇਹ ਰਾਹ ਅਨੇਕਤਾ ਤੋਂ ਏਕਤਾ ਵੱਲ ਹੈ, ਇਹ ਰਾਹ ਸੂਖ਼ਮਤਾ ਵੱਲ ਹੈ, ਖ਼ੁਸ਼ਬੂ ਵੱਲ ਹੈ, ਗਿਆਨ ਵੱਲ ਹੈ, ਇਹ ਰਾਹ ਨਿਰਵੈਰ ਵੱਲ ਹੈ, ਇਹ ਨਿਰਭਉ ਵੱਲ ਹੈ, ਇਹ ਅਕਾਲ ਵੱਲ ਹੈ। ਇਸ ਰਾਹ 'ਤੇ ਵਿਕਾਸ ਦਾ ਆਧਾਰ ਸਹਿਜ (ਟਿਕਾਓ) ਹੈ, ਸੰਜਮ ਹੈ, ਸੰਤੋਖ ਹੈ। ਅੰਤਰ ਵਿਰੋਧ, ਵਿਰੋਧੀ ਅੰਸ਼ਾਂ ਦਾ ਘੋਲ, ਟਿਕਾਉਹੀਣਤਾ, ਇਹ ਤਾਂ ਪਦਾਰਥ ਦੇ ਵਿਕਾਸ ਦੇ ਆਧਾਰ ਹੀ ਨਹੀਂ ਹਨ। ਵਿਰੋਧੀ ਅੰਸ਼ਾਂ ਦੇ ਘੋਲ ਰਾਹੀਂ ਨਾ ਹੀ ਅਨੇਕਤਾ ਸਿਰਜੀ ਜਾ ਸਕਦੀ ਹੈ, ਤੇ ਨਾ ਹੀ ਟਿਕਾਉਹੀਣਤਾ ਰਾਹੀਂ ਏਕਤਾ ਵੱਲ ਵਿਕਾਸ ਹੋ ਸਕਦਾ ਹੈ। ਲਿਵ ਦੇ ਰਾਹ ਪਰਗਾਸ ਟਿਕਾਓ (ਸਹਿਜ) ਤੋਂ ਬਿਨਾਂ ਹੋ ਹੀ ਨਹੀਂ ਸਕਦਾ। ਇਸ ਬ੍ਰਹਿਮੰਡ ਵਿਚ ਸਮੁੱਚੇ ਗੁਰ ਰੂਪ ਸੁਰਤਿ ਦੇ ਆਧਾਰ 'ਤੇ ਉਪਰੋਕਤ ਦੋ ਰਾਹਾਂ ਵੱਲ ਪਰਗਾਸ ਕਰਦੇ ਹਨ। ਅੰਡਜ ਜੇਰਜ ਸੇਤਜ ਤੇ ਉਤਭੁਜ ਦੀਆਂ ਚਾਰ ਖਾਣੀਆਂ ਰਾਹੀਂ ਸਚੁ ਸਬਦੁ ਅਨੇਕਤਾ ਸਿਰਜ ਰਿਹਾ ਹੈ। ਉਪਰੋਕਤ ਚਾਰ ਖਾਣੀਆਂ ਰਾਹੀਂ ਕਈ ਗੁਰ ਰੂਪ ਘੜੇ ਭੰਨੇ ਤੇ ਫਿਰ ਨਵੇਂ ਸਿਰਿਉਂ ਘੜੇ। ਪਰਗਾਸ ਦੀ ਇਸ ਕ੍ਰਿਆ ਰਾਹੀਂ ਗੁਰਮੁਖਿ ਦੇ ਚਲਤ ਤੇ ਚਿਰੰਕਾਲ ਪਿੱਛੋਂ ਮਨੁੱਖਾ ਦੇਹੀ ਘੜੀ।

ਤੇਜ-ਧਾਰਕ ਪਰਗਾਸਵਾਨ ਖ਼ਾਲਸਾ ਜੀ ਦੇ ਦਰਸ਼ਨ ਅਨੁਸਾਰ ਮਨੁੱਖਾ ਦੇਹੀ ਬ੍ਰਹਿਮੰਡ ਦੇ ਗੁਰ ਰੂਪਾਂ ਦੀ ਸਮੁੱਚ ਆਪ ਗੁਰ ਹੈ, ਇਹ ਸਤਿਗੁਰ ਜਾਗਤਾ ਦੇਓ (ਸੁਚੇਤ ਪਦਾਰਥ) ਦੇ ਵਿਕਾਸ ਦੀ ਅੰਤਮ ਕੜੀ ਆਪ ਸਤਿਗੁਰ ਹੈ। ਬ੍ਰਹਿਮੰਡ ਦੇ ਸਮੁੱਚੇ ਗੁਰ ਰੂਪਾਂ, ਨਾਮ ਰੂਪਾਂ ਨੇ ਆਪਣੇ ਆਪ ਨੂੰ ਮਨੁੱਖੀ ਕਾਇਆ ਵਿਚ ਸੰਜੋਗਾਤਮਕ ਰੂਪ ਨਾਲ ਸਮੋ ਲਿਆ ਹੈ। ਗੁਰ ਕਾਇਆਂ ਛੋਟੇ ਬ੍ਰਹਿਮੰਡ ਦੇ ਰੂਪ ਵਿਚ ਸੁਤੰਤਰ ਸਚੁ ਹੈ। ਗੁਰ ਕਾਇਆ ਵਿਚ ਸੁਰਤਿ ਤੇ ਧੁਨੀ ਭਰਪੂਰ ਹੈ। ਇਸ ਲਈ ਮਨੁੱਖ ਆਪ ਸਬਦੁ ਹੈ। ਗੁਰ ਕਾਇਆ ਤੇ ਪਰਗਾਸ ਦਾ ਰਾਹ ਵੀ ਸੁਰਤਿ ਦੇ ਆਧਾਰ ਤੇ ਦੋ ਰਾਹਾਂ ਵੱਲ ਹੈ। ਪਰਗਾਸ ਦਾ ਇਕ ਰਾਹ ਅਨੇਕਤਾ ਵੱਲ ਹੈ ਤੇ ਦੂਜਾ ਰਾਹ ਏਕਤਾ ਵੱਲ ਹੈ।

ਧਾਤੁ ਦਾ ਗ੍ਰਹ : "ਭੰਡਹੁ ਚਲੈ ਰਾਹੁ" ਇਹ ਗ੍ਰਹਿਸਤ ਦਾ ਰਾਹ ਹੈ, ਇਹ ਮੋਹ ਤੇ ਪਸਾਰੇ ਦਾ ਰਾਹ ਹੈ। ਇਕ ਏਕਤਾ ਤੋਂ ਅਨੇਕਤਾ ਦਾ ਰਾਹ ਹੈ। ਇਸ ਰਾਹ 'ਤੇ ਪਰਗਾਸ ਦਾ ਆਧਾਰ ਸ਼ਿਵ (ਨਰ) ਤੇ ਸ਼ਕਤੀ (ਅਦਾ) ਦਾ ਮੇਲ ਹੈ। ਇਹ ਨਾਮ ਦੇ ਦਾਨ ਦਾ ਰਾਹ ਹੈ।

ਲਿਵ ਦਾ ਰਾਹ : ਗੁਰ ਕਾਇਆ ਦੇ ਪਰਗਾਸ ਦਾ ਇਹ ਰਾਹ ਸੂਖਮਤਾ ਵੱਲ ਹੈ। ਇਹ ਅਨੇਕਤਾ ਤੋਂ ਏਕਤਾ ਵੱਲ ਹੈ। ਸਮੁੱਚੀ ਅਨੇਕਤਾ ਨੇ ਆਪਣੇ ਆਪ ਨੂੰ ਮਨੁੱਖੀ ਮੂਲ (ਸਚੁ) ਵਿਚ ਬੈਠਾ ਲਿਆ ਹੈ। ਸੁਚੇਤ ਪਦਾਰਥ ਮਨੁੱਖ ਦੇ ਪਰਗਾਸ ਦੀ ਗੱਲ ਤੁਰਦੀ ਹੈ। ਗੁਰਮੁਖਿ ਦਾ ਚਲਤ ਸੰਪੂਰਨ ਹੋਣ ਵੱਲ ਤੁਰਦਾ ਹੈ। ਇਥੇ ਮਨ ਗੁਰ ਦਾ ਰੂਪ ਹੈ। ਗੁਰ ਰੂਪ ਮਨ ਨੇ ਸੁਰਤਿ ਰਾਹੀਂ ਜਦੋਂ ਅਨੇਕਤਾ ਦੀ ਪਕੜ ਛੱਡ ਦੇਣੀ ਹੈ। ਹਉਂ ਤੇ ਮੋਹ ਦੇ ਪਸਾਰ ਵਿੱਚੋਂ ਜਦੋਂ ਸੁਰਤਿ ਖਿੱਚ ਲੈਣੀ ਹੈ ਤਾਂ ਮਨ ਨੇ ਬੁੱਧ ਨਾਲ ਜੁੜ ਜਾਣਾ ਹੈ। ਇਥੇ ਮਨ ਗੁਰ ਤੋਂ ਗੁਰੂ ਹੋ ਜਾਂਦਾ ਹੈ। ਮਨ ਸਤਿਗੁਰ ਤੋਂ ਸਤਿਗੁਰੂ ਹੋ ਜਾਂਦਾ ਹੈ। ਇਹ ਗੁਰੂ ਗਿਆਨ ਦੀ ਜੋਤ ਹੈ, ਇਸ ਗੁਰੂ ਦੇ ਪਰਗਾਸ ਦਾ ਰਾਹ ਸੁਰਤਿ ਦੀ ਇਕਾਗਰਤਾ ਹੈ।

ਇਥੇ ਮਨ ਆਪਣੇ ਜੋਤ ਸਰੂਪ ਨੂੰ ਪਹਿਚਾਣ ਜਾਂਦਾ ਹੈ। ਇਸ ਰਾਹ 'ਤੇ ਪਰਗਾਸ ਦਾ ਆਧਾਰ ਸਚੁ ਸੰਜਮ ਹੈ, ਸਹਿਜ (ਟਿਕਾਓ) ਹੈ, ਸੰਤੋਖ ਹੈ। ਮਨ ਦੇ ਇਕਾਗਰ ਰੂਪ ਦਾ ਨਾਉਂ ਗੁਰੂ ਹੈ। ਇਹ ਗੁਰੂ ਨਿਰਭਉ ਹੈ, ਨਿਰਵੈਰ ਹੈ, ਅਕਾਲ ਹੈ, 'ਹੈ ਭੀ ਸਚੁ' ਹੈ। ਲਿਵ ਦੇ ਰਾਹ ਇਸ ਪਰਗਾਸ ਅਸਵਥਾ 'ਤੇ ਪੁੱਜ ਕੇ ਮਨੁੱਖ ਸਤਿਗੁਰੂ ਦੇ ਤੇਜ ਦਾ ਧਾਰਕ ਹੈ। ਸਤਿਗੁਰੂ ਦੇ ਤੇਜ ਦਾ ਧਾਰਕ ਮਨੁੱਖ ਜਾਗਤ ਜੋਤ ਖ਼ਾਲਸਾ ਹੈ। ਸਤਿਗੁਰੂ ਦਾ ਤੇਜ ਹਰ ਮਨੁੱਖ ਦੀ ਕਾਇਆ ਵਿਚ ਸਮਾਇਆ ਹੋਇਆ ਹੈ, ਲੋੜ ਕੇਵਲ ਲਿਵ ਦੇ ਰਾਹ ਰਾਹੀਂ ਸਹਿਜ (ਟਿਕਾਉ) ਨੂੰ ਧਾਰਨ ਦੀ ਹੈ। "ਸਤਿਗੁਰੁ ਤਾ ਪਾਇਆ ਸਹਿਜ ਸੇਤੀ...।" ਵਿਰੋਧ-ਵਿਕਾਸ ਪਦਾਰਥਵਾਦ ਅਨੁਸਾਰ ਪਦਾਰਥ ਦੇ ਪਰਗਾਸ ਦਾ ਆਧਾਰ ਟਿਕਾਉਹੀਣਤਾ (ਅਸਹਿਜ) ਹੈ। ਟਿਕਾਉਹੀਣਤਾ ਰਾਹੀਂ ਮਨੁੱਖ ਸਤਿਗੁਰੂ ਗਿਆਨ ਦੀ ਜੋਤ ਦੀ ਪ੍ਰਾਪਤੀ ਕਰ ਹੀ ਨਹੀਂ ਸਕਦਾ। ਵਿਰੋਧ-ਵਿਕਾਸ ਪਦਾਰਥਵਾਦ ਪਦਾਰਥ ਦੇ ਪਰਗਾਸ ਦੀ ਸੂਖਮਤਾ ਤੋਂ ਅਣਜਾਣ ਹੈ, ਇਹ ਕੇਵਲ ਮੈਂ ਦੇ ਰਾਹ ਦਾ ਹੀ ਪਾਂਧੀ ਹੈ, ਟਿਕਾਉਹੀਣਤਾ ਰਾਹੀਂ ਪਰਸਾਦਿ ਦੀ ਮਾਲਕੀ ਤੱਕ ਪੁੱਜਦਾ ਹੈ ਤੇ ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਰਾਹੀਂ ਦਾਤਾ ਦਾ ਰੂਪ ਧਾਰਦਾ ਹੈ। ਪਰ ਸੁਚੇਤ ਪਦਾਰਥ (ਮਨੁੱਖ) ਜਿਸ ਦੇ ਪਰਗਾਸ ਦਾ ਇਹ ਦਾਅਵਾ ਕਰਦਾ ਹੈ, ਉਸ ਸੁਚੇਤ ਪਦਾਰਥ ਨੂੰ ਇਹ ਨਿਰਤੇਜ ਰੱਖਦਾ ਹੈ। ਇਹ ਸਿਧਾਂਤ ਵਿਰੋਧੀ ਅੰਸ਼ਾਂ ਦੇ ਘੋਲ ਦੇ ਪੈਂਤੜੇ ਰਾਹੀਂ 'ਤਖ਼ਤ' ਰਾਜ ਦੀ ਸਥਾਪਤੀ ਵੱਲ ਵੱਧਦਾ ਹੈ, ਪ੍ਰੋਲਤਾਰੀ ਜਮਾਤ ਦੀ ਤਾਨਾਸ਼ਾਹੀ ਨੂੰ 'ਤਖ਼ਤ' 'ਤੇ ਸਥਾਪਤ ਕਰਦਾ ਹੈ ਤੇ ਇਸ ਸਥਾਪਤੀ ਵਿਚ ਹੀ ਸੁਚੇਤ ਪਦਾਰਥ ਮਨੁੱਖ ਦਾ ਪਰਗਾਸ ਸਮਝਦਾ ਹੈ। 'ਤਖ਼ਤ' ਦੀ ਹੋਂਦ ਵਿਚ ਪਰਜਾ ਦੀ ਹੋਂਦ ਅੰਤਰਨਿਹਤ ਹੈ। ਜੇ 'ਤਖ਼ਤ' 'ਤੇ ਕਿਸੇ ਜਮਾਤ ਦੀ ਤਾਨਾਸ਼ਾਹੀ ਨੂੰ ਕਾਇਮ ਰੱਖਣਾ ਹੈ ਤਾਂ ਮਨੁੱਖਤਾ ਦਾ ਬਹੁਤ ਹਿੱਸਾ ਪ੍ਰੋਲਤਾਰੀ ਨੂੰ ਛੱਡ ਕੇ ਰਾਜ ਦੇ ਤੇਜ ਤੋਂ ਵਿਹੂਣ ਰਹਿਣਾ ਜ਼ਰੂਰੀ ਹੈ। ਰਾਜ ਦੇ ਤੇਜ ਤੋਂ ਵਿਹੂਣ ਸਥਿਤੀ ਦੀ ਸਥਾਪਤੀ ਲਈ, ਪਰਜਾ ਦਾ ਜਾਗਰੂਕ ਨਾ ਹੋਣਾ ਤਖ਼ਤ ਦੇ ਹਿੱਤ ਵਿਚ ਹੁੰਦਾ ਹੈ। ਤਾਂ ਹੀ ਤੇ ਪ੍ਰੋਲਤਾਰੀ ਤਾਨਾਸ਼ਾਹੀ 'ਤਖ਼ਤ' ਮਨੁੱਖਤਾ ਦੇ ਧਰਮ ਦੇ ਖੇਤਰ ਵਿਚ ਕਰਮ-ਕਾਂਡੀ ਅਗਿਆਨੀ ਕ੍ਰਿਆਵਾਂ ਨੂੰ ਨਿੱਜੀ ਮਾਮਲਾ ਸਮਝਦਾ ਹੈ। 'ਤਖ਼ਤ' ਦਾ ਏਹੋ ਹਿੱਤ ਹੈ ਕਿ ਲੋਕ ਅਗਿਆਨਤਾ ਤੇ ਭੁਗਤਾ ਦੀ ਸਥਿਤੀ ਵਿਚ ਘਿਰੇ ਰਹਿਣ, ਇਸ ਅਗਿਆਨਤਾ ਦੀ ਸਥਾਪਤੀ ਵਿਚ ਹੀ 'ਤਖ਼ਤ' ਤੇ ਤਾਨਾਸ਼ਾਹੀ ਦੀ ਹੋਂਦ ਹੈ।

ਤੇਜ-ਪੂਜਕ ਬੌਣਵਾਦ ਦਾ ਸਮੁੱਚਾ ਵਰਤਾਰਾ ਤਾਨਾਸ਼ਾਹ ਜਾਂ ਸਵਰਨਜਾਤੀ ਬੁਰਜੂਆ ਲੀਡਰਸ਼ਿਪ ਦੇ ਹਿੱਤ ਵਿਚ ਹੈ। ਅਜੋਕੇ ਲੋਕ ਰਾਜ ਦੇ ਸਮੇਂ ਭਾਵੇਂ ਤਾਨਾਸ਼ਾਹੀ ਦਾ ਵਿਗਠਨ ਕਠਿਨ ਹੈ, ਪਰ ਰਾਜ ਸੁਚੇਤ ਤੌਰ 'ਤੇ ਰਾਜ ਦੇ ਤੇਜ ਦੀ ਕੇਂਦ੍ਰਿਤ ਵਿਵਸਥਾ ਵੱਲ ਵੱਧ ਰਿਹਾ ਹੈ। ਸਵਰਨਜਾਤੀ ਬੁਰਜੂਆ ਲੀਡਰਸ਼ਿਪ ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਨੂੰ ਪੂਰਨ ਰੂਪ ਵਿਚ ਬਹਾਲ ਕਰੀ ਬੈਠੀ ਹੈ। ਰਾਜ ਦਾ ਸਮੁੱਚਾ ਤੇਜ ਕੇਂਦ੍ਰਿਤ ਹੋ ਰਿਹਾ ਹੈ, ਲੋਕ ਇਸ ਵਿਵਸਥਾ ਨੂੰ ਦੇਸ਼ ਦੀ ਮਜ਼ਬੂਤੀ ਦੀ ਵਿਵਸਥਾ ਸਮਝਦੇ ਹਨ। ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧ ਬੌਣ ਸਰੂਪ ਨੂੰ ਧਾਰ ਰਹੇ ਹਨ। ਰਾਜ ਦੇ ਖੇਤਰ ਵਿਚ ਕੇਂਦ੍ਰਿਤ ਵਿਵਸਥਾ ਦੀ ਹੋਂਦ ਦਾ ਇਹ ਹਿੱਤ ਹੈ ਕਿ ਭਾਰਤੀ ਜਨ ਸਮੂਹ ਵੱਲਗਣਾਂ ਵਿਚ ਵੰਡਿਆ ਰਹੇ, ਧਰਮ ਦੇ ਖੇਤਰ ਵਿਚ ਕੇਂਦ੍ਰਿਤ ਤੇਜ ਦੇ ਰੂਪਾਂ ਦੀ ਪੂਜਾ ਰਾਹੀਂ ਅਗਿਆਨਤਾ ਨੂੰ ਧਾਰਨ ਕਰੇ। ਤਾਂ ਜੋ ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਰਾਹੀਂ ਹੋ ਰਹੀ ਲੁੱਟ ਤੋਂ ਪਰਜਾ ਨਾ ਲੱਖ ਜਾਵੇ।

ਤੇਜ-ਧਾਰਕ ਪਰਗਾਸਵਾਨ ਖ਼ਾਲਸਾ ਜੀ ਦੇ ਦਰਸ਼ਨ ਅਨੁਸਾਰ ਜਾਗਤ ਜੋਤ ਖ਼ਾਲਸਾ ਮਨੁੱਖ ਸਤਿਗੁਰੂ ਦੇ ਤੇਜ ਦਾ ਧਾਰਕ ਹੈ। ਜਾਗਤ ਜੋਤ ਖ਼ਾਲਸਾ ਜੀ ਧਰਮ ਦੇ ਖੇਤਰ ਵਿਚ ਤੇਜ ਦੇ ਕਿਸੇ ਵੀ ਕੇਂਦ੍ਰਿਤ ਰੂਪ ਦਾ ਪੁਜਾਰੀ ਨਹੀਂ ਹੈ, ਕਿਸੇ ਵੀ ਅੱਡ ਦਾਤੇ ਦਾ ਬੌਣਾ ਭਗਤ ਨਹੀਂ ਹੈ। ਖ਼ਾਲਸਾ ਜੀ ਦਾ ਸਤਿਗੁਰੂ ਸਮੁੱਚਤਾ ਵਿਚ ਭਰਪੂਰ ਹੈ। ਇਸ ਲਈ ਖ਼ਾਲਸਾ ਜੀ ਨੂੰ ਕਿਸੇ ਵਲਗਣ ਵਿਚ ਵਲਣਾ ਅੰਧ ਵਰਤਾਰਾ ਹੈ ਤੇ ਬਿਪਰ ਕੁਚੇਸ਼ਟਾ ਹੈ। ਵਿਸ਼ਵ ਦਾ ਹਰ ਮਨੁੱਖ ਜੋ ਲਿਵ ਦੇ ਰਾਹ ਸਹਿਜ ਨਹੀਂ, ਮਨ ਦੇ ਇਕਾਗਰ ਰੂਪ, ਜੋਤ ਸਰੂਪ ਸਤਿਗੁਰੂ ਨੂੰ ਪ੍ਰਾਪਤ ਕਰਦਾ ਹੈ, ਉਹ ਖ਼ਾਲਸਾ ਹੈ।

ਸਤਿਗੁਰੂ : ਗਿਆਨ ਦੀ ਜੋਤ ਦਾ ਨਾਂ ਹੈ, ਸਤਿਗੁਰੂ ਅਕਾਲ ਹੈ, ਨਿਰਵੈਰ ਹੈ, ਨਿਰਭਉ ਹੈ, 'ਹੈ ਭੀ ਸਚੁ' ਹੈ। ਸਤਿਗੁਰੂ ਦੇ ਤੇਜ ਦਾ ਧਾਰਕ ਜਾਗਤ ਜੋਤ ਖ਼ਾਲਸਾ ਮਨੁੱਖ ਅਕਾਲ ਦਾ ਵਿਅਕਤ ਰੂਪ ਹੈ, ਅਕਾਲ ਦਾ ਪ੍ਰਗਟ ਰੂਪ ਹੈ। "ਪ੍ਰਗਟ ਅਕਾਲ ਖਾਲਸਾ ਦੇਹਾ" ਤੇਜ-ਧਾਰਕ ਗੁਰੂ ਖ਼ਾਲਸਾ ਪੰਥ ਮਨੁੱਖਤਾ ਦਾ ਵਿਸ਼ਾਲ ਸਮੂਹ ਜੋ ਸੁਰਤਿ ਦੀ ਇਕਾਗਰਤਾ ਰਾਹੀਂ ਗੁਰੂ ਦੇ ਤੇਜ ਨੂੰ ਪ੍ਰਾਪਤ ਕਰ ਚੁੱਕਾ ਹੈ, ਜਾਗਰੂਕ ਸਮੂਹ ਹੈ, ਗੁਰੂ ਖ਼ਾਲਸਾ ਪੰਥ ਧਰਮ ਦੇ ਖੇਤਰ ਵਿਚ ਪ੍ਰਭੁਤਾ ਦਾ ਧਾਰਕ ਹੈ, ਪੀਰ ਦੀ ਪੀਰੀ ਨੂੰ ਧਾਰਨ ਦੇ ਕਰਮ ਵਿਚ ਉਸ ਦਾ ਕੋਈ ਵਿਚੋਲਾ ਨਹੀਂ ਹੈ। ਉਹ ਸਬਦੁ ਨੂੰ ਜਾਣਦਾ ਹੈ, ਸਬਦੁ ਵਿਚ ਕੰਮ ਕਰ ਰਹੀ ਸੁਰਤਿ ਦਾ ਉਸ ਨੂੰ ਪਤਾ ਹੈ। ਉਸ ਸਬਦੁ ਦੀ ਪ੍ਰੀਤ ਨੂੰ ਜਾਣਦਾ ਹੈ, ਜਿਸ ਰਾਹੀਂ ਉਸ ਨੇ ਪੀਰ ਦੀ ਪੀਰੀ ਨੂੰ ਖਿਚ ਲੈਣਾ ਹੈ। ਉਹ ਸਤਿਗੁਰੂ ਦੇ ਤੇਜ ਦਾ ਧਾਰਕ ਆਪ ਪੂਰਾ ਸਤਿਗੁਰ ਹੈ। ਇਹ ਸਤਿਗੁਰੂ ਬਿਬੇਕ ਵਿਚਾਰ ਦੀ ਜੋਤ ਦਾਤਾ ਹੈ ਤੇ ਮਸਤਕਿ ਤੋਂ ਹੇਠਲਾ ਸਰੀਰ ਚੇਲਾ ਹੈ, ਭੁਗਤਾ ਹੈ। ਇਹ ਹਰਿਮੰਦਰ ਸਾਹਿਬ ਦੀ ਪੀਰੀ ਹੈ, ਇਸ ਪੀਰੀ ਰਾਹੀਂ ਆਪੇ ਸਤਿਗੁਰੂ ਆਪੇ ਚੇਲਾ ਦੀ ਵਿਵਸਥਾ ਹੈ, ਆਪੇ ਠਾਕਰ ਆਪੇ ਸੇਵਕ ਦੀ ਵਿਵਸਥਾ ਹੈ, ਆਪੇ ਦਾਤਾ ਆਪੇ ਭੁਗਤਾ ਦੀ ਵਿਵਸਥਾ ਹੈ। ਹਰਿਮੰਦਰ ਸਾਹਿਬ ਦੀ ਪੀਰੀ ਅਨੁਸਾਰ ਮਨੁੱਖ ਪੀਰੀ ਦੇ ਖੇਤਰ ਵਿਚ ਪ੍ਰਭੁਤਾ ਦਾ ਧਾਰਕ ਹੈ। ਉਹ ਪੀਰਾਂ ਦਾ ਪੂਜਕ ਨਹੀਂ, ਉਹ ਪੀਰਾਂ ਦੀ ਪੀਰੀ ਦਾ ਆਪ ਧਾਰਕ ਹੈ। ਉਹ ਤਾਂ ਪੀਰਾਂ ਦਾ ਹਾਣੀ ਹੈ।

ਹਰਿਮੰਦਰ ਸਾਹਿਬ ਦੀ ਪੀਰੀ : ਆਪੇ ਦਾਤੇ ਆਪੇ ਭੁਗਤਾ, ਆਪ ਸਤਿਗੁਰ ਆਪੇ ਚੇਲਾ ਦਾ ਰਾਜਨੀਤਕ ਖੇਤਰ ਵਿਚ ਪ੍ਰਗਟਾ ਆਪੇ ਰਾਜਾ ਆਪੇ ਪਰਜਾ ਦੀ ਵਿਵਸਥਾ ਵਿਚ ਹੈ। ਸਮੂਹ ਮਨੁੱਖਤਾ ਜੇ ਆਪੇ ਰਾਜਾ ਆਪੇ ਪਰਜਾ ਦੀ ਵਿਵਸਥਾ ਦੀ ਧਾਰਨੀ ਹੈ ਤਾਂ ਹਰ ਮਨੁੱਖ ਮੀਰੀ ਦੀ ਪ੍ਰਭੁਤਾ ਦਾ ਧਾਰਕ ਹੈ। ਵਿਸ਼ਵ ਦਾ ਹਰ ਮਨੁੱਖ ਦੋਹਰੀ ਪ੍ਰਭੁਤਾ ਦਾ ਧਾਰਕ ਹੈ। ਤੇਜ-ਧਾਰਕ ਗੁਰੂ ਖ਼ਾਲਸਾ ਪੰਥ ਦੋਹਾਂ ਖੇਤਰਾਂ ਮੀਰੀ ਤੇ ਪੀਰੀ ਦੇ ਤੇਜ ਦਾ ਆਪ ਧਾਰਕ ਹੈ, ਜਦੋਂ ਦੋਹਰੀ ਪ੍ਰਭੁਤਾ (Doctrine of Double Sovereignty) ਦਾ ਸਿਧਾਂਤ ਵਿਸ਼ਵ ਵਿਚ ਚਲਣਾ ਹੈ ਤਾਂ ਸਮੁੱਚੇ ਤਖ਼ਤ ਤੇ ਵਾਦ ਸਮਾਪਤ ਹੋ ਜਾਣਗੇ। ਕਿਉਂ ਜੋ ਤਖ਼ਤ ਦੀ ਹੋਂਦ ਵਿਚ ਪਰਜਾ ਦੀ ਹੋਂਦ ਅੰਤਰਨਿਹਿਤ ਹੈ, ਤੇ ਵਾਦ ਤਾਂ ਆਪਣੀ ਧਿਰ ਨੂੰ ਹੀ ਪਾਲਦਾ ਹੈ। ਦੋਹਰੀ ਪ੍ਰਭੁਤਾ ਨੂੰ ਸੰਸਥਾਗਤ ਕਰਨ ਲਈ ਇੱਕੋ ਰਾਹ ਹੈ, ਉਹ ਹੈ ਅਕਾਲ ਤਖ਼ਤ ਤੇ ਸਰਬੱਤ ਖ਼ਾਲਸਾ ਤੇ ਗੁਰਮਤਾ ਪ੍ਰਣਾਲੀ। ਤੇਜ-ਧਾਰਕ ਗੁਰੂ ਖ਼ਾਲਸਾ ਪੰਥ ਅਕਾਲ ਤਖ਼ਤ ਜੀ ਕੀ ਪ੍ਰਗਟ ਦੇਹ ਹੈ। ਖ਼ਾਲਸਾ ਜੀ ਅਕਾਲ ਪੁਰਖ ਜੀ ਕੀ ਫ਼ੌਜ ਹੈ। ਅਕਾਲ ਪੁਰਖ ਨੇ ਇਤਿਹਾਸ ਵਿਚ ਖ਼ਾਲਸਾ ਜੀ ਰਾਹੀਂ ਹੀ ਵਿਚਰਨਾ ਹੈ, ਅਕਾਲ ਪੁਰਖ ਜੀ ਕਾ ਵਿਅਕਤ ਰੂਪ ਖ਼ਾਲਸਾ ਜੀ ਦਾ ਰਾਜਨੀਤੀ ਵਿਚ ਪ੍ਰਗਟਾ ਅਕਾਲ ਤਖ਼ਤ ਰਾਹੀਂ ਹੀ ਹੋ ਸਕਦਾ ਹੈ।

ਤਖ਼ਤ ਦੀ ਸਥਾਪਤੀ ਵਾਦ ਰਾਹੀਂ ਹੁੰਦੀ ਹੈ, ਤਖ਼ਤ ਵਿਸ਼ੇਸ਼ ਤਾਨਾਸ਼ਾਹ ਜਾਂ ਵਿਸ਼ੇਸ਼ ਜਮਾਤੀ ਤਾਨਾਸ਼ਾਹੀ ਦੀ ਪਾਤਸ਼ਾਹੀ ਲਈ ਸਥਾਪਤ ਹੁੰਦੇ ਹਨ। ਸਮੁੱਚੇ ਤਖ਼ਤ ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਰਾਹੀਂ ਦਾਤਾ ਦਾ ਰੂਪ ਧਾਰਦੇ ਹਨ। ਮਨੁੱਖਤਾ ਦਾ ਬਹੁਤ ਹਿੱਸਾ ਤਖ਼ਤ ਦੇ ਤੇਜ ਤੋਂ ਵਿਹੀਣ ਭੁਗਤਾ ਤੇ ਪਰਜਾ ਦੇ ਰੂਪ ਵਿਚ ਸੰਗ੍ਰਿਤ ਹੁੰਦਾ ਹੈ। ਤਖ਼ਤ ਆਪਣੀ ਹੋਂਦ ਲਈ, ਆਪਣੀ ਧਿਰ ਦੇ ਵਾਦ ਲਈ ਮਨੁੱਖਤਾ ਵਿਚ ਅਗਿਆਨਤਾ ਦਾ ਪ੍ਰਸਾਰ ਕਰਦੇ ਹਨ। ਸਮੂਹ ਮਨੁੱਖਤਾ ਨੂੰ ਸਰਬੱ-ਏਕ ਦੇ ਸਿਧਾਂਤ 'ਤੇ ਸੰਗਠਿਤ ਨਹੀਂ ਹੋਣ ਦਿੰਦੇ, ਸੁਆਮੀਆਂ ਰਾਹੀਂ ਮਨੁੱਖਤਾ ਨੂੰ ਵਲਗਣਾ ਵਿਚ ਡੱਕਦੇ ਹਨ। ਤਖ਼ਤ (ਰਾਜ) ਦੀ ਹੋਂਦ ਵਿਚ ਮਨੁੱਖਤਾ ਦੀ ਨਿਰਤੇਜਤਾ ਅੰਤਰਨਿਹਤ ਹੈ। ਅਕਾਲ ਤਖ਼ਤ ਸਮੂਹ ਮਨੁੱਖਤਾ ਦੀ ਤੇਜਤਾ ਦਾ ਕੇਂਦਰੀ ਬਿੰਦੂ ਹੈ। ਅਕਾਲ ਤਖ਼ਤ ਸਮੁੱਚਤਾ ਨੂੰ ਜੋੜਦਾ ਹੈ, ਅਕਾਲ ਤਖ਼ਤ ਸਮੁੱਚਤਾ ਦੀ ਜਾਗਰੂਕਤਾ ਦਾ ਚਿੰਨ੍ਹ ਹੈ। ਸਮੂਹ ਮਨੁੱਖਤਾ ਨੇ ਆਪਣੀ ਦੋਹਰੀ ਪ੍ਰਭੁਤਾ ਦੀ ਪ੍ਰਾਪਤੀ ਲਈ ਅਕਾਲ ਤਖ਼ਤ ਤੋਂ ਜੁਝਾਰੂ ਘੋਲ ਲੜਨਾ ਹੈ। ਅਕਾਲ ਤਖ਼ਤ ਤੇਜ-ਧਾਰਕ ਗੁਰੂ ਖ਼ਾਲਸਾ ਪੰਥ ਦੇ ਸਮੁੱਚੇ ਇਤਿਹਾਸ ਦੀ ਧਰੋਹਰ ਹੈ। ਅਕਾਲ ਤਖ਼ਤ ਰਾਹੀਂ ਖ਼ਾਲਸਾ ਜੀ ਨੇ ਮੀਰੀ ਦੇ ਤੇਜ ਦੀ ਕੇਂਦ੍ਰਿਤ ਵਿਵਸਥਾ ਨੂੰ ਢਾਹ ਕੇ ਹੰਨੇ-ਹੰਨੇ ਪਾਤਸ਼ਾਹੀ ਦੀ ਵਿਵਸਥਾ ਨੂੰ ਸਥਾਪਤ ਕਰਨਾ ਹੈ, ਇਸ ਰਾਹੀਂ ਲਾਮਬੰਦ ਹੋ ਕੇ "ਦੁਆਰ ਦੁਆਰ ਘਰ ਨੌਬਤ ਬਾਜੇ" ਦੀ ਵਿਵਸਥਾ ਨੂੰ ਬਹਾਲ ਕਰਨਾ ਹੈ। ਅਕਾਲ ਤਖ਼ਤ ਇਕੀਵੀਂ ਸਦੀ ਤੋਂ ਆਰੰਭ ਹੋਣ ਵਾਲੀ ਪੁਲਾੜ ਯੁਗ ਦੀ ਸਭਿਅਤਾ, ਜਿਸ ਦਾ ਕੇਂਦਰੀ ਰਾਜਨੀਤਕ ਧੁਰਾ ਆਪੇ ਰਾਜਾ ਆਪੇ ਪਰਜਾ ਦੀ ਵਿਵਸਥਾ ਦੁਆਲੇ ਘੁੰਮਦਾ ਹੈ, ਦਾ ਕੇਂਦਰੀ ਬਿੰਦੂ ਹੋਵੇਗਾ। ਤੇਜ-ਧਾਰਕ ਗੁਰੂ ਖ਼ਾਲਸਾ ਪੰਥ ਇਸ ਸਭਿਅਤਾ ਦੇ ਅਸਲੀ ਤੇ ਹੱਕੀ ਵਾਰਸ ਹਨ। ਇਸ ਸਭਿਅਤਾ ਦੇ ਸੱਚ ਲਈ ਖ਼ਾਲਸਾ ਜੀ ਨੇ ਬੰਦ ਬੰਦ ਕਟਵਾਏ, ਤੱਤੀਆਂ ਤਵੀਆਂ 'ਤੇ ਬੈਠੇ, ਖੱਲਾਂ ਉਧੜਵਾਈਆਂ, ਖੋਪਰੀਆਂ ਉਤਰਵਾਈਆਂ, ਲੱਖਾਂ ਸੀਸਾਂ ਦੀ ਬਲੀ ਰਾਹੀਂ ਸੀਸ ਗੰਜ ਖੜ੍ਹੇ ਕੀਤੇ। ਖ਼ਾਲਸਾ ਜੀ ਦੀ ਸਮੁੱਚੀ ਇਤਿਹਾਸਕ ਕਰਨੀ ਦਾ ਏਹੋ ਸੱਚ ਹੈ ਕਿ ਉਹਨਾਂ ਜੋ ਮਨੁੱਖਤਾ ਲਈ ਸੋਚਿਆ, ਜੋ ਮਨੁੱਖਤਾ ਦੇ ਪਰਗਾਸ ਦੇ ਰਾਹਾਂ ਦੀ ਪਛਾਣ ਕੀਤੀ। ਉਹਨਾਂ ਰਾਹੀਂ ਲੱਭਿਆ ਮਨੁੱਖ ਲਈ ਦੋਹਰੀ ਪ੍ਰਭੁਤਾ ਦਾ ਸੱਚ ਮਨੁੱਖਤਾ ਤਕ ਪੁੱਜ ਸਕੇ, ਉਹ ਇਸ ਲਈ ਜੀਵੇ ਇਸ ਸੱਚ ਲਈ ਮਰੇ ਤੇ ਉਹਨਾਂ ਦਾ ਆਪਣੇ ਸਚ ਲਈ ਨਿਭਣਾ ਹੀ ਉਹਨਾਂ ਦਾ ਇਤਿਹਾਸ ਹੈ। ਸਚੁ ਤੇ ਸਚੁ ਦਾ ਬ੍ਰਹਿਮੰਡੀ ਪ੍ਰਗਟਾ ਤੇ ਫਿਰ ਸਚੁ ਦਾ ਇਕ ਚੋਲੇ ਵਿਚ ਸੰਚਰਨ ਹੋ ਕੇ ਛੋਟੇ ਬ੍ਰਹਿਮੰਡ ਰਾਹੀਂ ਸਮੁੱਚੇ, ਸਚੁ ਨੂੰ ਜਾਣ ਕੇ, ਇਕ ਸੁਰ ਹੋ ਕੇ ਗੁਰੂ ਨੂੰ ਆਪਣੇ ਅੰਦਰੋਂ ਲਭਣਾ ਤੇ ਫਿਰ ਇਸ ਜਾਗਰੂਕਤਾ ਰਾਹੀਂ ਆਪਣੀ ਲੋੜ ਰਾਹੀਂ ਤੁਰਨਾ, ਇਹ ਸਚੁ ਦੀ ਗੋੜ ਹੈ। ਸਚੁ ਦੇ ਇਸ ਵੇਗ ਨੂੰ ਕੌਣ ਰੋਕ ਸਕਦਾ ਹੈ ? ਗੁਰੂ ਦੇ ਦੀਪਕੁ ਨੂੰ ਬੁਝਾਉਣ ਦਾ ਯਤਨ microcosm ਤੋਂ ਵੀ ਛੋਟੀ ਸੰਸਥਾ ਸਟੇਟ ਕਰਦੀ ਹੈ। ਸਟੇਟ ਪ੍ਰਭੁਤਾ ਹਰਨਾਖਸ਼ ਦਾ ਰੂਪ ਧਾਰ ਕੇ, ਅਜਿਹੇ ਮਨੁੱਖਾਂ ਨੂੰ ਜੋ ਆਪਣੇ ਮਨ ਦੇ ਜੋਤ ਸਰੂਪ ਨੂੰ ਪਹਿਚਾਣ ਚੁੱਕੇ ਹਨ, ਜਿਨਾ ਅਕਾਲ, ਅਜੂਨੀ, ਨਿਰਭਉ, ਨਿਰਵੈਰ, "ਹੈ ਭੀ ਸਚੁ" ਦੇ ਰੂਪ ਗੁਰੂ ਨੂੰ ਪਹਿਚਾਣ ਲਿਆ ਹੈ, ਅਕਾਲ ਸਚੁ ਹੀ ਤਾਂ ਅਜਿਹੇ ਮਨੁੱਖਾਂ ਰਾਹੀਂ ਵਿਅਕਤ ਹੋਣਾ ਚਾਹੁੰਦਾ ਹੈ, ਅਜਿਹੇ ਮਨੁੱਖਾਂ ਦੇ ਮਨ ਵਿਚ ਉਗਮੀ ਬ੍ਰਹਿਮੰਡੀ ਚੇਤਨਾ ਨੂੰ ਖ਼ਤਮ ਕਰਨਾ ਹਰਨਾਖਸ਼ੀ ਵਿਅਰਥ ਚੇਸ਼ਟਾ ਹੈ। ਸਚੁ ਨਹੀਂ ਮਰਦਾ, ਇਹ ਪੁਰਾਣਾ ਨਹੀਂ ਹੁੰਦਾ, ਸਚੁ ਤਾਂ ਚੋਲੇ ਹੀ ਬਦਲਦਾ ਹੈ। ਸਟੇਟ ਜਾਂ ਬੰਦ ਬੰਦ ਕੱਟ ਕੇ ਸੰਤੁਸ਼ਟ ਹੋ ਜਾਂਦੀ

ਹੈ ਤੇ ਸਮਝਦੀ ਹੈ ਮੈਂ ਸਚੁ ਨੂੰ ਮਾਰ ਮੁਕਾਇਆ ਹੈ। ਸੱਚ ਤਾਂ ਸਟੇਟ ਦੇ ਸਿਰ ਆਪਣੇ ਚੋਲੇ ਦਾ ਠੀਕਰ ਤੋੜ ਕੇ ਨਵੇਂ ਚੋਲੇ ਦਾ ਰੂਪ ਧਾਰ ਕੇ ਆਕੀ ਸਟੇਟ ਨੂੰ ਫਿਰ ਵੰਗਾਰਦਾ ਹੈ। ਇਕ ਚੋਲੇ ਵਿਚ ਬੈਠਾ ਸੱਚ ਬੰਦ ਬੰਦ ਕਟਵਾਉਂਦਾ ਹੈ ਤੇ ਫਿਰ ਬੋਤਾ ਸਿੰਘ ਤੇ ਗਰਜਾ ਸਿੰਘ ਦਾ ਰੂਪ ਧਾਰ ਕੇ ਸਟੇਟ ਪ੍ਰਭੁਤਾ ਨੂੰ ਵੰਗਾਰਦਾ ਹੈ। ਆਕੀ ਸਟੇਟ ਫਿਰ ਸਚੁ ਨੂੰ ਮੁਕਾਉਣ ਦਾ ਵਿਅਰਥ ਯਤਨ ਕਰਦੀ ਹੈ। ਸਚੁ ਨੇ ਤਾਂ ਬਣੀ ਜਾਣਾ ਹੈ, ਸਟੇਟ ਦੇ ਕੁਝ ਕਰਨ ਨਾਲ ਤਾਂ ਆਕੀ ਸਟੇਟ ਹੀ ਟੁੱਟਦੀ ਹੈ।

ਇਤਿਹਾਸਕ ਪਰੰਪਰਾ ਦਾ ਵਿਸ਼ਲੇਸ਼ਣ : 1699 ਤੋਂ ਲੈ ਕੇ 1799 ਤਕ ਅਕਾਲ ਤਖ਼ਤ ਸਰਬੱਤ ਖ਼ਾਲਸੇ ਦੀਆਂ ਰਾਜਸੀ ਸਰਗਰਮੀਆਂ ਦਾ ਕੇਂਦਰ ਰਿਹਾ ਹੈ। ਇਸ ਸਮੇਂ ਵਿਚ ਸਰਬੱਤ ਖ਼ਾਲਸੇ ਵੱਲੋਂ ਕੀਤੇ ਗੁਰਮਤਿਆਂ ਦਾ ਜੇ ਅਧਿਐਨ ਕਰੀਏ ਤਾਂ ਸਾਰੇ ਗੁਰਮਤਿਆਂ ਦਾ ਉਦੇਸ਼ ਤੇਜ-ਧਾਰਕ ਗੁਰੂ ਖ਼ਾਲਸਾ ਪੰਥ ਵੱਲੋਂ ਮੀਰ ਦੀ ਮੀਰੀ ਨੂੰ ਆਪ ਧਾਰਨ ਵੱਲ ਹੈ। ਸਰਬੱਤ ਖ਼ਾਲਸੇ ਵੱਲੋਂ ਗੁਰਮਤੇ ਰਾਹੀਂ ਖ਼ਾਲਸੇ ਦੀ ਜੰਗੀ ਸ਼ਕਤੀ ਨੂੰ 25 ਜਥਿਆਂ ਵਿਚ ਵੰਡਣਾ, ਗੁਰਮਤੇ ਰਾਹੀਂ ਕਿਲ੍ਹੇ ਦੀ ਉਸਾਰੀ ਕਰਨਾ, ਦਲ ਖ਼ਾਲਸਾ ਦੀ ਸਥਾਪਤੀ ਦਾ ਗੁਰਮਤਾ, ਅਬਦਾਲੀ ਦੇ ਪੁੱਤਰ ਤੈਮੂਰ ਦੀ ਫ਼ੌਜ ਨੂੰ ਲੁੱਟਣ ਦਾ ਗੁਰਮਤਾ, ਲਾਹੌਰ 'ਤੇ ਕਬਜ਼ਾ ਕਰਨ ਦਾ ਗੁਰਮਤਾ, ਅਹਿਮਦ ਸ਼ਾਹ ਅਬਦਾਲੀ ਨਾਲ ਡੱਟ ਕੇ ਮੁਕਾਬਲਾ ਕਰਨ ਦਾ ਗੁਰਮਤਾ, ਹਿੰਦੂ ਲੜਕੀਆਂ ਨੂੰ ਅਬਦਾਲੀ ਤੋਂ ਛੁਡਵਾ ਕੇ ਘਰੋਂ-ਘਰੀਂ ਪਹੁੰਚਾਉਣ ਦਾ ਗੁਰਮਤਾ, ਸ਼ਾਹੀ ਖ਼ਜ਼ਾਨੇ ਨੂੰ ਲੁੱਟਣ ਦੇ ਗੁਰਮਤੇ, ਖ਼ਾਲਸੇ ਦੀਆਂ ਲੋੜਾਂ ਦੀ ਪੂਰਤੀ ਲਈ ਸ਼ਾਹੀ ਹਥਿਆਰ ਤੇ ਘੋੜਿਆਂ ਨੂੰ ਲੁੱਟਣ ਦੇ ਗੁਰਮਤੇ, ਹਕੂਮਤ ਦੇ ਸੂਹੀਆਂ ਤੋਂ ਖ਼ੁਸ਼ਾਮਦੀਆਂ ਨੂੰ ਸੋਧਨ ਦੇ ਗੁਰਮਤੇ, ਦੱਬੇ-ਕੁੱਚਲੇ ਲੋਕਾਂ ਦੀ ਸਹਾਇਤਾ ਦੇ ਗੁਰਮਤੇ। ਅਕਾਲ ਤਖ਼ਤ ਦੀ ਰਚਨਾ ਤੋਂ ਲੈ ਕੇ 1805 ਈ. ਤਕ, ਅਕਾਲ ਤਖ਼ਤ ਤੇਜ-ਧਾਰਕ ਗੁਰੂ ਖ਼ਾਲਸਾ ਪੰਥ ਦੀਆਂ ਰਾਜਸੀ ਸਰਗਰਮੀਆਂ ਦਾ ਕੇਂਦਰ ਰਿਹਾ ਹੈ। ਖ਼ਾਲਸੇ ਦਾ ਸਮੁੱਚਾ ਇਤਿਹਾਸ ਅਕਾਲ ਤਖ਼ਤ ਦੁਆਲੇ ਹੀ ਘੁੰਮਦਾ ਰਿਹਾ ਹੈ, ਸਾਰੇ ਗੁਰਮਤਿਆਂ ਰਾਹੀਂ ਤੇਜ-ਧਾਰਕ ਗੁਰੂ ਖ਼ਾਲਸਾ ਪੰਥ ਮੀਰੀ ਦੇ ਤੇਜ ਨੂੰ ਆਪ ਧਾਰਨ ਵੱਲ ਵੱਧ ਰਿਹਾ ਸੀ। ਸਮੂਹ ਖ਼ਾਲਸਾ ਹਥਿਆਰਬੰਦ ਸੰਘਰਸ਼ ਤੇ ਰਾਜਸੀ ਸੰਘਰਸ਼ ਵਿਚ ਰੁੱਝਾ ਹੋਇਆ ਸੀ, ਉਸ ਸਮੇਂ ਖ਼ਾਲਸੇ ਦੀ ਸ਼ਕਤੀ ਦੇ ਸੋਮੇ ਗੁਰਦੁਆਰੇ ਸਨਾਤਨੀ ਮਹੰਤਾਂ, ਉਦਾਸੀ ਸਾਧੂਆਂ ਤੇ ਨਿਰਮਲੇ ਵਿਦਵਾਨਾਂ ਤੇ ਮਹੰਤਾਂ ਨੇ ਬਿਪਰ-ਗੰਧਲਾਂ ਰਾਹੀਂ ਖ਼ਾਲਸਾ ਜੀ ਨੂੰ ਤੇਜ-ਧਾਰਕ ਪਰੰਪਰਾ ਤੋਂ ਟਪਲਾ ਦੇ ਕੇ ਤੇਜ-ਪੂਜਕ ਬਿਪਰ-ਧਾਰਾ ਵੱਲ ਉਲਾਰ ਕਰ ਦਿੱਤਾ, ਇਸ ਸਿਧਾਂਤਕ ਟਪਲੇ ਰਾਹੀਂ ਜਿਥੇ ਖ਼ਾਲਸਾ ਜੀ ਨੇ ਆਪਣੇ ਸੰਘਰਸ਼ ਰਾਹੀਂ ਪ੍ਰਾਪਤ ਕੀਤੇ ਮੀਰੀ ਦੇ ਤੇਜ ਨੂੰ ਹੰਨੇ ਹੰਨੇ ਵੰਡਣਾ ਸੀ, ਤੇਜ-ਧਾਰਕ ਲਹਿਰ ਸਿਧਾਂਤ ਵਿਹੂਣ ਹੋ ਕੇ ਸਾਮੰਤੀ ਕਰਨ ਵੱਲ ਉਲਾਰ ਹੋ ਗਈ ਤੇ ਰਣਜੀਤ ਸਿੰਘ ਦੇ ਇਕ-ਪੁਰਖੀ ਰਾਜ ਦੀ ਸਥਾਪਤੀ ਵੱਲ ਤੁਰ ਪਈ। ਰਣਜੀਤ ਸਿੰਘ ਨੇ 1805 ਵਿਚ ਸਰਬੱਤ ਖ਼ਾਲਸੇ ਦੀ ਅਕਾਲ ਤਖ਼ਤ 'ਤੇ ਗੁਰਮਤੇ ਦੀ ਸ਼ਕਤੀ ਨੂੰ ਖ਼ਤਮ ਕਰ ਦਿੱਤਾ ਤੇ ਗੁਰਮਤੇ ਨੂੰ ਆਪਣੇ ਵਿਚ ਕੇਂਦ੍ਰਿਤ ਕਰ ਲਿਆ। 1805 ਤੋਂ ਪਿੱਛੋਂ ਰਣਜੀਤ ਸਿੰਘ ਦੇ ਰਾਜ ਦੀਆਂ ਰਾਜਸੀ ਸਰਗਰਮੀਆਂ ਦਾ ਕੇਂਦਰ ਲਾਹੌਰ ਬਣ ਗਿਆ ਤੇ ਅਕਾਲ ਤਖ਼ਤ ਪੂਜਾ ਸਥਾਨ ਦਾ ਰੂਪ ਧਾਰ ਗਿਆ। ਰਣਜੀਤ ਸਿੰਘ ਦਾ ਇਕ-ਪੁਰਖੀ ਰਾਜ ਭਾਵੇਂ ਅਕਾਲ ਤਖ਼ਤ ਰਾਹੀਂ ਸਿਰਜੇ ਇਤਿਹਾਸ ਦਾ ਪ੍ਰਗਟਾ ਤਾਂ ਨਹੀਂ ਸੀ, ਇਹ ਸਿਧਾਂਤਕ ਟਪਲੇ ਰਾਹੀਂ ਸਾਮੰਤੀ ਕਰਨ ਵੱਲ ਉਲਾਰ

ਦਾ ਸਿੱਟਾ ਸੀ। ਰਣਜੀਤ ਸਿੰਘ ਅਕਾਲ ਤਖ਼ਤ ਸਾਹਿਬ ਦਾ ਪੂਰਾ ਸਤਿਕਾਰ ਕਰਦਾ ਸੀ। ਉਹ ਅਕਾਲ ਤਖ਼ਤ ਦਾ ਪੁਜਾਰੀ ਤਾਂ ਸੀ, ਪਰ ਅਕਾਲ ਤਖ਼ਤ ਦੇ ਸੱਚ ਦਾ ਧਾਰਕ ਨਹੀਂ ਸੀ। ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਦਿੱਤੀ ਸਜ਼ਾ ਨੂੰ ਉਹ ਖਿੜੇ ਮੱਥੇ ਝੱਲਦਾ ਸੀ। ਅਕਾਲ ਤਖ਼ਤ ਦੇ ਸੱਚ ਦਾ ਉਸ ਦੇ ਰਾਜ 'ਤੇ ਪਰਛਾਵਾਂ ਵੀ ਜ਼ਰੂਰ ਸੀ। ਉਹ ਇਕ-ਪੁਰਖੀ ਰਾਜਾ ਹੁੰਦਾ ਹੋਇਆ ਵੀ ਆਪਣੇ ਦਰਬਾਰ ਵਿਚ ਤਖ਼ਤ ਦੀ ਬਜਾਏ ਕੁਰਸੀ 'ਤੇ ਬੈਠਦਾ ਸੀ। ਉਹ ਆਪਣੀ ਸਰਕਾਰ ਨੂੰ ਸਰਕਾਰੇ ਖ਼ਾਲਸਾ ਕਹਿ ਕੇ ਸੰਬੋਧਨ ਕਰਦਾ ਸੀ ਤੇ ਆਪਣੇ ਆਪ ਨੂੰ ਖ਼ਾਲਸਾ ਜੀ ਦਾ ਸੇਵਕ, ਸਰਕਾਰੀ ਮੋਹਰ 'ਤੇ ਉਸ ਦਾ ਨਾਂ ਨਹੀਂ ਸੀ। ਇਹ ਮੈਂ ਪਹਿਲਾਂ ਕਹਿ ਚੁੱਕਾ ਹਾਂ ਕਿ ਰਣਜੀਤ ਸਿੰਘ ਦਾ ਰਾਜ, ਇਕ-ਪੁਰਖੀ ਰਾਜ ਤੇ ਸਰਕਾਰੇ ਖ਼ਾਲਸਾ ਦੇ ਵਿਚਾਲੇ ਖੜ੍ਹਾ ਸੀ। ਇਹ ਖ਼ਾਲਸਾ ਰਾਜ ਦਾ ਪੂਰਨ ਰੂਪ ਵਿਚ ਪ੍ਰਗਟਾ ਨਹੀਂ ਸੀ ਤੇ ਨਾ ਹੀ ਰਾਜ ਖ਼ਾਲਸਾ ਦਾ ਪ੍ਰਤੀਨਿੱਧਤਵ ਕਰਦਾ ਸੀ।

ਬ੍ਰਿਟਿਸ਼ ਕਾਲ ਵੇਲੇ ਤਕ ਖ਼ਾਲਸਾ ਜੀ ਆਪਣੀ ਤੇਜ-ਧਾਰਕ ਧਾਰਾ ਤੋਂ ਸਿਧਾਂਤਕ ਟਪਲਾ ਖਾ ਕੇ ਤੇਜ-ਪੂਜਕ ਬਿਪਰ-ਧਾਰਾ ਵੱਲ ਉਲਾਰ ਹੋ ਕੇ ਪੀਰੀ ਤੇ ਮੀਰੀ ਦੋਹਾਂ ਖੇਤਰਾਂ ਦੇ ਤੇਜ ਨੂੰ ਗੁਆ ਬੈਠੇ। ਬ੍ਰਿਟਿਸ਼ ਰਾਜ ਵੀ ਅਕਾਲ ਤਖ਼ਤ ਦੀ ਸ਼ਕਤੀ ਤੋਂ ਸੁਚੇਤ ਸੀ, ਉਸ ਨੇ ਅਕਾਲ ਤਖ਼ਤ ਨੂੰ ਢਾਹਿਆ ਤਾਂ ਨਹੀਂ, ਅਕਾਲ ਤਖ਼ਤ ਦੇ ਪ੍ਰਬੰਧ ਨੂੰ ਪੁਜਾਰੀਆਂ, ਮਹੰਤਾਂ ਤੇ ਸਰਬਰਾਹਾਂ ਹੱਥ ਸੌਂਪ ਕੇ ਅਕਾਲ ਤਖ਼ਤ ਦੇ ਇਤਿਹਾਸਕ ਪ੍ਰਗਟਾ ਨੂੰ ਰੋਕੀ ਰੱਖਿਆ। ਮਹੰਤਾਂ ਤੇ ਪੁਜਾਰੀਆਂ ਦੀ ਨਿਯੁਕਤੀ ਵਿੱਤ ਅਫ਼ਸਰਾਂ ਦੇ ਅਧਿਕਾਰ ਖੇਤਰ ਵਿਚ ਸੀ, ਉਹ ਅਜਿਹੇ ਸਰਬਰਾਹਾਂ ਤੇ ਪੁਜਾਰੀਆਂ ਨੂੰ ਨਿਯੁਕਤ ਕਰਦੇ ਸਨ, ਜੋ ਅਕਾਲ ਤਖ਼ਤ ਦੇ ਸੱਚ ਤੋਂ ਕੋਰੇ ਹੁੰਦੇ ਸਨ ਤੇ ਸਰਕਾਰ ਦੇ ਸੱਚ ਦੇ ਮੁਦੱਈ ਹੁੰਦੇ ਸਨ, ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਪੂਜਾ ਦੇ ਕੇਂਦਰ ਬਣ ਗਏ। 1881 ਈ. ਵਿਚ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਲਾਰਡ ਇਜਰਟਨ ਵੱਲੋਂ ਲਾਰਡ ਰਿਪਨ ਨੂੰ ਲਿਖੀ ਚਿੱਠੀ ਵਿੱਚੋਂ ਦਿਲਚਸਪ ਸੰਕੇਤ ਮਿਲਦੇ ਹਨ। "ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਅਜਿਹੀ ਕਮੇਟੀ ਦੇ ਹੱਥਾਂ ਵਿਚ ਜਾਣ ਦੇਣ ਦੀ ਆਗਿਆ ਦੇਣਾ ਜਿਹੜੀ ਗੌਵਰਨਮੈਂਟ ਕੰਟਰੋਲ ਤੋਂ ਆਜ਼ਾਦ ਹੋਵੇ, ਰਾਜਸੀ ਤੌਰ 'ਤੇ ਖ਼ਤਰਨਾਕ ਹੋਵੇਗਾ। ਮੈਂ ਭਰੋਸਾ ਕਰਦਾ ਹਾਂ ਕਿ ਸ੍ਰੀ ਹਜ਼ੂਰ ਇਸ ਮਸਲੇ ਵਿਚ ਅਜਿਹੇ ਹੁਕਮ ਜਾਰੀ ਕਰਨ ਵਿਚ ਸਹਾਈ ਹੋਣਗੇ, ਜਿਹੜੇ ਕਿ ਉਸ ਸਿਸਟਮ ਨੂੰ ਜਾਰੀ ਰੱਖਣ ਦੇ ਯੋਗ ਬਨਾਣ ਜਿਹੜੇ ਪਿਛਲੇ 30 ਸਾਲਾਂ ਤੋਂ ਵੱਧ ਅਰਸੇ ਤੋਂ ਸਫਲਤਾ-ਪੂਰਵਕ ਅਮਲ ਵਿਚ ਆ ਰਿਹਾ ਹੈ।[7] ਸਰਕਾਰ ਵੱਲੋਂ ਨਿਯੁਕਤ ਕੀਤੇ ਸਰਬਰਾਹਾਂ ਤੇ ਪੁਜਾਰੀਆਂ ਨੇ ਇਹਨਾਂ ਅਦਾਰਿਆਂ ਨੂੰ ਪੂਜਾ ਦੇ ਕੇਂਦਰ ਬਣਾ ਦਿੱਤਾ, ਪੁਜਾਰੀਆਂ ਆਪਣੀਆਂ ਪੁਜ਼ੀਸ਼ਨ ਨੂੰ ਮਜ਼ਬੂਤ ਕਰਨ ਲਈ, ਤੇਜ-ਪੂਜਕ ਬਿਪਰ-ਧਾਰਾ ਦੇ ਵਰਤਾਰੇ ਨੂੰ ਅਪਨਾ ਕੇ ਹਿੰਦੂ ਵਸੋਂ ਨੂੰ ਆਪਣੇ ਨਾਲ ਕਰ ਲਿਆ। ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਸਥਾਪਤ ਹੋ ਗਈਆਂ, ਇਹ ਵਿਵਸਥਾ 1905 ਤਕ ਰਹੀ ਸੀ। ਪੁਜਾਰੀਆਂ ਦੀ ਸਰਪ੍ਰਸਤੀ ਹੇਠ ਅਕਾਲ ਤਖ਼ਤ ਬਿਪਰ-ਧਾਰਾ ਦਾ ਕੇਂਦਰ ਰਿਹਾ ਸੀ। ਇਸ ਸਮੇਂ ਵਿਚ ਅਕਾਲ ਤਖ਼ਤ ਵੱਲੋਂ ਜਾਰੀ ਹੋਏ ਹੁਕਮਨਾਮਿਆਂ ਦੀ ਸ਼ਬਦਾਵਲੀ ਹੀ ਵੱਖਰੀ ਸੀ : "ਹਮ ਜਮਲੇ ਸਿਆਨ ਪੁਜਾਰੀਆਂ...।"

ਇਹਨਾਂ ਹੁਕਮਨਾਮਿਆਂ ਵਿਚ ਤੇਜ-ਪੂਜਕ ਬਿਪਰ-ਧਾਰਾ ਦਾ ਪੂਰਨ ਰੂਪ ਵਿਚ

ਪ੍ਰਗਟਾ ਦਿਸਦਾ ਹੈ, ਇਹ ਹੁਕਮ ਬ੍ਰਿਟਿਸ਼ ਤਖ਼ਤ ਦੇ ਹਿੱਤ ਵਿਚ ਸਨ, ਇਹਨਾਂ ਵਿਚ ਅਕਾਲ ਤਖ਼ਤ ਦੇ ਸੱਚ ਦੀ ਅਣਹੋਂਦ ਸੀ। ਜਿਵੇਂ :

1. 1900 ਈ. ਨੂੰ ਜਦ ਭਾਰਤ ਦਾ ਵਾਇਸਰਾਇ ਅੰਮ੍ਰਿਤਸਰ ਆਇਆ ਤਾਂ ਉਸ ਨੂੰ ਪੁਜਾਰੀਆਂ ਨੇ ਅਕਾਲ ਤਖ਼ਤ ਰਾਹੀਂ ਸਨਮਾਨਿਤ ਕੀਤਾ।
2. ਅਕਾਲ ਤਖ਼ਤ ਤੋਂ ਕਾਮਾਗਾਟਾ ਮਾਰੂ ਦੇ ਸਿੱਖਾਂ ਦੀ ਨਿਖੇਧੀ ਕਰਵਾਈ ਗਈ।
3. ਗ਼ਦਰੀ ਬਾਬਿਆਂ ਨੂੰ ਅਸਿੱਖ ਹੋਣ ਦੇ ਫ਼ਤਵੇ ਅਕਾਲ ਤਖ਼ਤ ਤੋਂ ਜਾਰੀ ਕਰਵਾਏ ਗਏ।
4. ਅਪਰੈਲ 1919, ਜਨਰਲ ਡਾਇਰ ਨੂੰ ਅਕਾਲ ਤਖ਼ਤ ਤੋਂ ਸਨਮਾਨਿਤ ਕੀਤਾ ਗਿਆ।

ਅਕਾਲ ਤਖ਼ਤ ਸਮੂਹ ਮਾਨਵਤਾ ਦੀ ਤੇਜਤਾ ਦਾ ਕੇਂਦਰ, ਪੁਜਾਰੀਆਂ ਰਾਹੀਂ ਸਮੇਂ ਦੇ ਤਖ਼ਤ ਦੇ ਹਿੱਤ ਵਿਚ ਕੰਮ ਕਰ ਰਿਹਾ ਸੀ, ਸਮੁੱਚਤਾ ਦੇ ਹਿੱਤ ਦੀ ਅਣਹੋਂਦ ਸੀ। ਕੇਵਲ ਬ੍ਰਿਟਿਸ਼ ਰਾਜ ਪੁਜਾਰੀਆਂ ਰਾਹੀਂ ਅਕਾਲ ਤਖ਼ਤ ਨੂੰ ਆਪਣੇ ਹਿੱਤ ਵਿਚ ਵਰਤ ਰਿਹਾ ਸੀ। ਖ਼ਾਲਸਾ ਜੀ ਸਿਧਾਂਤਕ ਟਪਲਾ ਖਾ ਕੇ, ਤੇਜ-ਪੂਜਕ ਬਿਪਰ-ਧਾਰਾ ਵਿਚ ਫਸ ਕੇ, ਬੌਣੇ ਭਗਤਾਂ ਦੇ ਰੂਪ ਵਿਚ ਬ੍ਰਿਟਿਸ਼ ਰਾਜ ਦੀ ਪਰਜਾ ਦੇ ਸੱਚ ਨੂੰ ਕਬੂਲ ਕਰੀ ਬੈਠੇ ਸਨ। ਉਹ ਤਾਂ ਅਕਾਲ ਤਖ਼ਤ ਦੇ ਸੱਚ ਤੋਂ ਕੋਹਾਂ ਦੂਰ ਸਨ। ਜਿਥੇ ਅਕਾਲ ਤਖ਼ਤ ਨੇ ਸਮੁੱਚਤਾ ਨੂੰ ਜੋੜਨਾ ਸੀ, ਹੁਣ ਪੁਜਾਰੀਆਂ ਦੀ ਸਥਾਪਤੀ ਰਾਹੀਂ ਅਕਾਲ ਤਖ਼ਤ ਖ਼ਾਲਸਾ ਜੀ ਨੂੰ ਚਾਰ ਜਾਤਾਂ ਵਿਚ ਵੰਡ ਰਿਹਾ ਸੀ। ਅਛੂਤਾਂ ਦਾ ਪਰਸਾਦਿ ਅਕਾਲ ਤਖ਼ਤ 'ਤੇ ਪ੍ਰਵਾਨ ਨਹੀਂ ਹੁੰਦਾ ਸੀ। ਅਕਾਲੀ ਲਹਿਰ ਜਾਂ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਸ੍ਰੀ ਅਕਾਲ ਤਖ਼ਤ 'ਤੇ ਜਬਰੀ ਕਬਜ਼ਾ ਕਰਕੇ ਇਸ ਨੂੰ ਆਪਣੀ ਐਜੀਟੇਸ਼ਨ ਦਾ ਕੇਂਦਰ ਮੰਨ ਕੇ ਕੀਤਾ ਗਿਆ। ਇਥੇ ਖ਼ਾਲਸਾ ਜੀ ਨੇ ਭੀਤ ਜਿੰਨੀ ਅੱਖ ਖੋਲ੍ਹੀ ਸੀ। ਅਕਾਲੀ ਲਹਿਰ ਦਾ ਆਰੰਭ ਹੋਇਆ। 12 ਅਕਤੂਬਰ, 1920 ਨੂੰ ਕੁਝ ਅਛੂਤਾਂ ਨੂੰ ਅੰਮ੍ਰਿਤ ਛਕਾ ਕੇ ਜਦੋਂ ਦਰਬਾਰ ਸਾਹਿਬ ਲਿਆਂਦਾ ਗਿਆ ਤਾਂ ਅਕਾਲ ਤਖ਼ਤ ਦੇ ਪੁਜਾਰੀਆਂ ਅਛੂਤਾਂ ਦਾ ਕੜਾਹ ਪਰਸਾਦਿ ਲੈਣ ਤੋਂ ਨਾਂਹ ਕੀਤੀ, ਅਕਾਲ ਤਖ਼ਤ 'ਤੇ ਜਬਰੀ ਕਬਜ਼ਾ ਹੋਇਆ। ਪੁਜਾਰੀ ਅਕਾਲ ਤਖ਼ਤ ਛੱਡ ਕੇ ਦੌੜ ਗਏ ਤਾਂ 25 ਸਿੱਖਾਂ ਦਾ ਜਥਾ ਅਕਾਲ ਤਖ਼ਤ ਸਾਹਿਬ ਦੀ ਸੇਵਾ ਲਈ ਨਿਯੁਕਤ ਕੀਤਾ ਗਿਆ। ਇਥੋਂ ਅਕਾਲੀ ਦਲ ਹੋਂਦ ਵਿਚ ਆਉਂਦਾ ਹੈ ਤੇ ਗੁਰਦੁਆਰਿਆਂ ਦੀ ਆਜ਼ਾਦੀ ਦੀ ਲਹਿਰ ਆਰੰਭ ਹੁੰਦੀ ਹੈ। ਅਕਾਲੀ ਦਲ ਨੇ ਮੋਰਚਿਆਂ ਰਾਹੀਂ ਬੇਅੰਤ ਕੁਰਬਾਨੀਆਂ ਕਰਕੇ ਲੰਮੇ ਸੰਘਰਸ਼ ਰਾਹੀਂ ਬ੍ਰਿਟਿਸ਼ ਰਾਜ ਕੋਲੋਂ ਗੁਰਦੁਆਰਾ ਐਕਟ ਪਾਸ ਕਰਵਾ ਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੰਭਾਲ ਲਿਆ ਸੀ। ਬਿਪਰ ਰਹੁ-ਰੀਤਾਂ ਦੀ ਕੁਝ ਕਮੀ ਆਈ ਸੀ, ਖ਼ਾਲਸਾ ਜੀ ਆਪਣੀ ਸ਼ਕਤੀ ਦੇ ਸੋਮਿਆਂ ਦੇ ਨੇੜੇ ਆਏ ਸਨ, ਪਰ ਆਪਣੀ ਤੇਜਤਾ ਦੇ ਸਿਧਾਂਤਾਂ ਤੋਂ ਜਾਗਰੂਕ ਨਹੀਂ ਹੋਏ ਸਨ। ਦੇਸ ਦੀ ਆਜ਼ਾਦੀ ਵੇਲੇ ਆਪਣੀ ਤੇਜਤਾ ਦੇ ਸਿਧਾਂਤਾਂ ਤੋਂ ਅਣਜਾਣ, ਸਵਰਨਜਾਤੀ ਲੀਡਰਸ਼ਿਪ ਦੇ ਮਾਇਆ ਜਾਲ ਵਿਚ ਫਸ ਕੇ, ਤੇਜ-ਪੂਜਕ ਹਿੰਦੂ ਬਹੁਸੰਮਤੀ ਦੀ ਪਰਜਾ ਬਣਨਾ ਸਵੀਕਾਰ ਕਰ ਲਿਆ।

ਤੇਜ-ਪੂਜਕ ਹਿੰਦੂ ਬਹੁਸੰਮਤੀ ਦੀ ਲੀਡਰਸ਼ਿਪ ਸਵਰਨਜਾਤਾਂ ਕੋਲ ਹੈ।

ਸਵਰਨਜਾਤੀ ਬੁਰਜੂਆ ਲੀਡਰਸ਼ਿਪ ਨੇ ਪ੍ਰਬੰਧਕੀ ਕੇਂਦਰੀਕਰਨ ਦੀ ਵਿਵਸਥਾ ਵਾਲੇ ਸੰਵਿਧਾਨ ਦੀ ਸਿਰਜਣਾ ਕਰਕੇ ਬੜੀ ਸੂਖਮਤਾ ਨਾਲ ਸਾਰੇ ਦੇਸ਼ ਵਿਚ ਬਿਪਰ ਜਾਲ ਵਿਛਾ ਦਿੱਤਾ ਹੈ। ਸਮੁੱਚੇ ਰਾਜ ਦਾ ਤੇਜ ਦੇਗ਼ ਕੇਂਦਰੀਕਰਨ ਤੇ ਤੇਗ਼ ਕੇਂਦਰੀਕਰਨ ਵੱਲ ਵੱਧ ਰਿਹਾ ਹੈ। ਇਸ ਵਿਵਸਥਾ ਵਿਚ ਹੀ ਸਵਰਨਜਾਤਾਂ ਦੀ ਈਜਾਰੇਦਾਰੀ ਬਹਾਲ ਹੋ ਸਕਦੀ ਹੈ। ਰਾਜ ਦਾ ਤੇਜ ਸਿਰ ਤੋੜ ਯਤਨਾਂ ਰਾਹੀਂ ਕੇਂਦ੍ਰਿਤ ਹੋ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪਹਿਲੀ ਰਾਜਸੀ ਪਾਰਟੀ ਹੈ ਤੇ ਦੂਸਰੀ ਗੁਰਦੁਆਰਿਆਂ ਦੇ ਪ੍ਰਬੰਧ ਲਈ ਗੁਰਦੁਆਰਾ ਐਕਟ ਅਨੁਸਾਰ ਚੁਣੀਆਂ ਹੋਈਆਂ, ਜਥੇਬੰਦੀਆਂ ਹਨ। ਇਹ ਦੋਵੇਂ ਸੰਵਿਧਾਨ ਦੇ ਘੇਰੇ ਵਿਚ ਰਹਿ ਕੇ ਕੰਮ ਕਰਨ ਵਾਲੀਆਂ ਜਥੇਬੰਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਸੰਵਿਧਾਨ ਦੇ ਘੇਰੇ ਵਿਚ ਰਹਿ ਕੇ ਸਮਕਾਲੀ ਮੋਰਚਿਆਂ ਰਾਹੀਂ ਤੇਜਤਾ ਦੀ ਪ੍ਰਾਪਤੀ ਲਈ, ਦੇਸ਼ ਦੀ ਆਜ਼ਾਦੀ ਵੇਲੇ ਤੋਂ ਜੂਝਦਾ ਆ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਪਿਛਲੇ 35 ਵਰ੍ਹਿਆਂ ਤੋਂ ਸ਼ਾਂਤਮਈ ਧਰਮ ਯੁੱਧ ਮੋਰਚੇ ਲੜਦਾ ਆ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੀਆਂ ਕੁਰਬਾਨੀਆਂ ਦੀ ਜੇ ਗਿਣਤੀ ਕੀਤੀ ਜਾਵੇ ਤੇ ਪ੍ਰਾਪਤੀਆਂ ਦੀ ਵੀ ਸੂਚੀ ਤਿਆਰ ਕੀਤੀ ਜਾਵੇ ਤਾਂ ਕੁਰਬਾਨੀਆਂ ਵਾਲਾ ਪਲੜਾ ਬਹੁਤ ਭਾਰਾ ਹੈ ਤੇ ਪ੍ਰਾਪਤੀਆਂ ਵਾਲਾ ਪਲੜਾ ਖ਼ਾਲੀ ਹੈ। ਉਹ ਪ੍ਰਾਪਤੀ ਜਿਸ ਦਾ ਮੂਲ ਆਧਾਰ ਖ਼ਾਲਸੇ ਦੀ ਤੇਜਤਾ ਨਹੀਂ, ਉਹ ਤੁੱਛ ਬਿਪਰ ਦਾਤ ਹੀ ਹੈ। ਖ਼ਾਲਸੇ ਦੀ ਤੇਜਤਾ ਦੇ ਪੱਖੋਂ, ਸ਼੍ਰੋਮਣੀ ਅਕਾਲੀ ਦਲ ਆਪਣੇ ਲੰਮੇ ਧਰਮ ਯੁੱਧ ਮੋਰਚਿਆਂ ਰਾਹੀਂ ਕੁਝ ਵੀ ਪ੍ਰਾਪਤ ਨਹੀਂ ਕਰ ਸਕਿਆ। ਭਾਰਤੀ ਸੰਵਿਧਾਨ ਦਾ ਇਕ ਅੱਖਰ ਵੀ ਅਕਾਲੀ ਦਲ ਆਪਣੇ ਮੋਰਚਿਆਂ ਰਾਹੀਂ ਨਹੀਂ ਬਦਲਵਾ ਸਕਿਆ। ਆਪਣੇ ਮਿੱਥੇ ਹੋਏ ਸ਼ਾਂਤਮਈ ਘੇਰੇ ਅੰਦਰ ਰਹਿ ਕੇ, ਸਵਰਨਜਾਤੀ ਬੁਰਜੂਆ ਲੀਡਰਸ਼ਿਪ, ਜੋ ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਸਥਾਪਤ ਕਰ ਚੁੱਕੀ ਹੈ, ਤੋਂ ਭੁਗਤਾ ਰੂਪ ਵਿਚ ਕੁਝ ਪ੍ਰਾਪਤ ਕਰ ਸਕਣਾ ਅਸੰਭਵ ਹੈ। ਬਹੁਤ ਦੂਰ ਜਾਣ ਦੀ ਲੋੜ ਨਹੀਂ, "ਅਨੰਦਪੁਰ ਸਾਹਿਬ ਦਾ ਮਤਾ", ਜੋ ਭਾਰਤੀ ਮਾਨਵ ਦੀ ਤੇਜਤਾ ਦਾ ਚਾਰਟਰ ਹੈ, ਮਾਨਵਤਾ ਦੇ ਪਰਗਾਸ ਦਾ ਇੱਕੋ ਰਾਹ ਹੈ, ਰਾਸ਼ਟਰ ਦੀ ਬਲਵਾਨਤਾ ਦਾ ਅਗਾਂਹ ਵਧੂ ਪੜਾ ਹੈ, ਜਿਸ ਬਾਰੇ ਭਾਰਤੀ ਮਾਨਵ ਸੁਚੇਤ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਨੇ ਇਸ ਅਗਾਂਹਵਧੂ ਰਾਜਸੀ ਪੜਾ ਲਈ, ਕਿੰਨਾ ਲੰਮਾ ਸੰਘਰਸ਼ ਲੜਿਆ ਹੈ, ਇਸ ਸੰਘਰਸ਼ ਨੂੰ ਧਰਮ ਯੁੱਧ ਮੋਰਚੇ ਦਾ ਨਾਂ ਦਿੱਤਾ ਗਿਆ ਸੀ। ਅਜਿਹੇ ਅਗਾਂਹ ਵਧੂ ਰਾਜਸੀ ਪੜਾ ਦੀ ਪ੍ਰਾਪਤੀ ਲਈ, ਸੰਵਿਧਾਨ ਦੇ ਘੇਰੇ ਵਿਚ ਰਹਿ ਕੇ ਸੰਘਰਸ਼ ਦਾ ਕੋਈ ਹੋਰ ਸੰਵਿਧਾਨਕ ਰਾਹ ਬਾਕੀ ਹੈ, ਜੋ ਅਕਾਲੀ ਦਲ ਤੋਂ ਖੁੰਝ ਗਿਆ ਹੋਵੇ? ਇਕ ਲੱਖ ਤੋਂ ਵੱਧ ਲੋਕਾਂ ਨੇ ਅਕਾਲ ਤਖ਼ਤ ਰਾਹੀਂ ਲਾਮਬੱਧ ਹੋ ਕੇ ਸ਼ਾਂਤਮਈ ਗ੍ਰਿਫ਼ਤਾਰੀ ਦਿੱਤੀ ਸੀ, ਰੇਲ ਰੋਕੋ ਸੰਘਰਸ਼, ਰਸਤਾ ਰੋਕੋ ਸੰਘਰਸ਼, ਜ਼ਿਲ੍ਹਾ ਕਚਹਿਰੀਆਂ ਦੇ ਘਿਰਾਉ ਦਾ ਸੰਘਰਸ਼ ਤੇ ਕਈ ਹੋਰ ਸ਼ਾਂਤਮਈ ਪੈਂਤੜੇ। ਇਸ ਲੰਮੇ ਧਰਮ ਯੁੱਧ ਮੋਰਚੇ ਦੀਆਂ ਸ਼ਹੀਦੀਆਂ, ਕੁਰਬਾਨੀਆਂ ਵਾਲਾ ਪਲੜਾ ਬਹੁਤ ਭਾਰਾ ਹੈ, ਪ੍ਰਾਪਤੀਆਂ ਜਿਸ ਦਾ ਮੂਲ ਆਧਾਰ ਮਨੁੱਖਤਾ ਦੀ ਤੇਜਤਾ ਹੋਵੇ, ਇਹ ਪਲੜਾ ਖ਼ਾਲੀ ਹੈ। ਮਨੁੱਖਤਾ ਦੀ ਤੇਜਤਾ ਦਾ ਚਾਰਟਰ "ਅਨੰਦਪੁਰ ਸਾਹਿਬ ਦਾ ਮਤਾ" ਸਰਕਾਰੀਆ ਕਮਿਸ਼ਨ ਦੀਆਂ ਫ਼ਾਈਲਾਂ ਵਿਚ ਆਰਾਮ ਕਰ ਰਿਹਾ ਹੈ।

ਹਰਿਮੰਦਰ ਸਾਹਿਬ, ਮਨੁੱਖਤਾ ਨੂੰ ਪੀਰੀ ਦਾ ਤੇਜ ਆਪ ਧਾਰਨ ਦਾ ਰਾਹ ਦੱਸਦਾ ਹੈ, ਇਥੋਂ ਲੋਕ ਸ਼ਬਦ ਦੀ ਖੋਜ ਰਾਹੀਂ, ਸੁਰਤਿ ਤੇ ਚੇਤਨਾ ਵਾਲੇ ਮਨੁੱਖ ਸਬਦੁ ਦਾ ਬਹੁ

ਪਾਉਂਦੇ ਹਨ। ਸਬਦੁ ਦੀ ਪ੍ਰੀਤ ਤੇ ਸਬਦੁ ਦੇ ਵਿਕਾਸ ਦੇ ਰਾਹ ਦਾ ਪਤਾ ਗੁਰੂ ਗ੍ਰੰਥ ਸਾਹਿਬ ਦੀ ਖੋਜ ਰਾਹੀਂ ਪ੍ਰਾਪਤ ਹੁੰਦਾ ਹੈ। ਸਬਦੁ ਦੀ ਪ੍ਰੀਤ, ਸਬਦੁ ਨਾਲ ਇਕ-ਸੁਰਤਾ ਹੈ। ਲਿਵ ਦੇ ਰਾਹ ਸਬਦੁ ਦਾ ਵਿਕਾਸ ਤੁਰਦਾ ਹੈ, ਸੁਰਤਿ ਰਾਹੀਂ ਮਨ ਬੁੱਧ ਨਾਲ ਜੁੜ ਜਾਂਦਾ ਹੈ, ਮਨ ਗੁਰ ਤੋਂ ਗੁਰੂ ਹੋ ਜਾਂਦਾ ਹੈ, ਇਹ ਗਿਆਨ ਰਾਓ ਦੀ ਅਵਸਥਾ ਹੈ, ਗੁਰ ਦੀਪਕ ਦੀ ਅਵਸਥਾ ਹੈ। ਇਥੇ ਪੁੱਜ ਕੇ ਮਨੁੱਖ ਸਤਿਗੁਰੁ ਦੇ ਤੇਜ ਦਾ ਆਪ ਧਾਰਕ ਹੋ ਜਾਂਦਾ ਹੈ। ਸਤਿਗੁਰੁ ਦੇ ਤੇਜ ਦਾ ਧਾਰਕ ਮਨੁੱਖ ਖ਼ਾਲਸਾ ਹੈ। ਖ਼ਾਲਸਾ ਮਨੁੱਖ ਪੀਰੀ ਦੇ ਸਮੁੱਚੇ ਤੇਜ ਨੂੰ ਆਪ ਧਾਰ ਕੇ, ਪੀਰਾਂ ਦੇ ਹਾਣੀ ਹੋ ਜਾਂਦਾ ਹੈ। ਵਿਸ਼ਵ ਦਾ ਹਰ ਮਨੁੱਖ ਸਬਦੁ ਦੀ ਪ੍ਰੀਤ ਦੇ ਰਾਹ ਨੂੰ ਜਾਣ ਕੇ, ਆਪਣੇ ਨਾਲ ਇਕ ਸੁਰ ਹੋ ਕੇ, ਸਤਿਗੁਰੁ ਦੇ ਤੇਜ ਨੂੰ ਪ੍ਰਾਪਤ ਕਰ ਕੇ, ਪੂਰਾ ਸਤਿਗੁਰ ਆਪ ਹੋ ਨਿਬੜਦਾ ਹੈ, ਇਹ ਜਾਗਤ ਜੋਤ ਰੂਪ ਹੀ ਤਾਂ ਖ਼ਾਲਸਾ ਹੈ। ਸਤਿਗੁਰ ਜੰਮਦਾ ਤੇ ਮਰਦਾ ਨਹੀਂ ਹੈ, ਇਹ ਤਾਂ ਅਬਿਨਾਸੀ ਜੋਤ ਹੈ, ਜੋ ਹਰ ਮਨੁੱਖ ਵਿਚ ਸਮਾਈ ਹੋਈ ਹੈ, ਇਸ ਦੀ ਪ੍ਰਾਪਤੀ ਦਾ ਰਾਹ ਸਬਦੁ ਦੀ ਪ੍ਰੀਤ ਹੈ। ਹਰਿਮੰਦਰ ਸਾਹਿਬ, ਪੀਰੀ ਦੀ ਪਾਤਸ਼ਾਹੀ ਨੂੰ ਹੰਨੇ-ਹੰਨੇ ਵੰਡਦਾ ਹੈ, ਮਨੁੱਖਤਾ ਪੀਰਾਂ ਦੀ ਪਾਤਸ਼ਾਹੀ ਨੂੰ ਆਪ ਧਾਰਨ ਕਰਦੀ ਹੈ। ਇਥੋਂ ਮਨੁੱਖਤਾ ਪੀਰਾਂ ਦੇ ਹਾਣੀ ਹੋ ਤੁਰਦੀ ਹੈ। ਸਰਬੱਤ ਪੀਰੀ ਦੇ ਤੇਜ ਨੂੰ ਆਪ ਧਾਰਦਾ ਹੈ। ਜੰਮਣ-ਮਰਣ ਵਾਲੇ ਸਤਿਗੁਰ ਮਨੁੱਖਤਾ ਨੂੰ ਵਲਗਣਾ ਵਿਚ ਡੱਕਦੇ ਹਨ ਤੇ ਮਨੁੱਖਤਾ ਨੂੰ ਆਪਣੇ ਚੇਲੇ ਬਣਾ ਕੇ ਅੰਧ ਵਰਤਾਰੇ ਦਾ ਪਰਸਾਰ ਕਰਦੇ ਹਨ। ਹਰਿਮੰਦਰ ਸਾਹਿਬ ਮਨੁੱਖਤਾ ਨੂੰ, ਖ਼ਾਲਸਾ ਰੂਪ ਵਿਚ ਸਤਿਗੁਰ ਦਾ ਹਾਣੀ ਬਣਾ ਕੇ, ਆਪੇ ਗੁਰੁ ਆਪੇ ਚੇਲਾ, ਆਪੇ ਠਾਕਰ ਆਪੇ ਸੇਵਕ ਦਾ ਰਹੱਸ ਸਮਝਾ ਕੇ, ਜਾਗਰੂਕਤਾ ਬਖ਼ਸ਼ਦਾ ਹੈ।

ਇਥੇ ਮਨੁੱਖਤਾ ਸਮੁੱਚ ਵਿਚ ਜੁੜਦੀ ਹੈ, ਪੀਰਾਂ ਦੀ ਪੀਰੀ ਨੂੰ ਆਪ ਧਾਰ ਕੇ, ਸਰਬੇ ਏਕ ਦੇ ਸਿਧਾਂਤ ਤੇ ਸੰਗਠਿਤ ਹੁੰਦੀ ਹੈ। ਪੀਰੀ ਕਿਸੇ ਪੁਰਸ਼ ਵਿਸ਼ੇਸ਼ ਜਾਂ ਜਮਾਤ ਵਿਸ਼ੇਸ਼ ਦੀ ਈਜਾਰੇਦਾਰੀ ਨਹੀਂ। ਪੀਰੀ ਦਾ ਤੇਜ ਤਾਂ "ਸਭ ਮਹਿ ਰਹਿਆ ਸਮਾਏ" ਹੈ। ਚਾਰ ਵਰਨਾਂ ਵਿੱਚੋਂ ਕੋਈ ਵੀ ਨਾਮ ਦੇ ਜਾਪ ਦਾ ਰਾਹ ਜਾਣ ਕੇ ਆਪਣੇ ਨਾਮ ਦਾ ਪਰਗਾਸ ਕਰ ਸਕਦਾ ਹੈ। ਆਨ ਦੇ ਨਾਮ ਦਾ ਜਾਪ "ਮੂੰਹ ਦਾ ਕਿਹਾ ਵਾਓ" ਹੈ ਤੇ ਨਾਮ ਪਰਗਾਸ ਦਾ ਰਾਹ ਜਾਗਰੂਕਤਾ ਹੈ। ਪੀਰ ਦੀ ਪੂਜਾ ਅਗਿਆਨਤਾ ਹੈ। ਪੀਰ ਦੀ ਵਿਡਾਣੀ ਚਾਕਰੀ ਮਨਮੁੱਖਤਾ ਹੈ, ਬੌਣਤਾ ਹੈ, ਚਾਕਰਤਾ ਹੈ ਤੇ ਸਬਦੁ ਦੀ ਪ੍ਰੀਤ ਰਾਹੀਂ, ਸਬਦੁ ਨਾਲ ਇਕ ਸੁਰ ਹੋ ਕੇ, ਲਿਵ ਦੇ ਰਾਹ ਪਰਗਾਸ ਕਰਕੇ ਬਿਬੇਕ ਵਿਚਾਰ ਨੂੰ ਧਾਰਨ ਕਰਨਾ, ਪੀਰ ਦੇ ਤੇਜ ਨੂੰ ਆਪ ਧਾਰਨ ਕਰਨਾ, ਪੀਰ ਦੇ ਹਾਣੀ ਹੋਣਾ, ਇਹ ਗੁਰਮੁੱਖਤਾ ਹੈ। ਮਨੁੱਖਤਾ ਦੀ ਤੇਜਤਾ ਦਾ ਰੂਪ ਖ਼ਾਲਸਾ ਜੀ, ਪੀਰਾਂ ਦਾ ਹਾਣੀ, "ਖਾਲਸਾ ਮੇਰੋ ਸਤਿਗੁਰ ਪੂਰਾ" ਜੋ ਪੀਰਾਂ ਰਾਹੀਂ ਮਨੁੱਖਤਾ ਵਿਚ ਪਈਆਂ ਵਲਗਣਾਂ ਵਿੱਚੋਂ ਬਾਹਰ ਆ ਕੇ, ਸਰਬੇ ਏਕ ਦੇ ਸਿਧਾਂਤ 'ਤੇ ਜੁੜ ਕੇ, ਸੁਆਮੀਆਂ ਦੇ ਸੁਆਮੀਤਵ ਨੂੰ ਆਪ ਧਾਰ ਕੇ ਸਰਬੱਤ ਵਿਚ ਜੁੜਦਾ ਹੈ, ਮਨੁੱਖਤਾ ਦਾ ਇਹ ਵਿਸ਼ਾਲ ਸਮੂਹ 'ਤੇਜ-ਧਾਰਕ ਗੁਰੂ ਖ਼ਾਲਸਾ ਪੰਥ' ਹੈ ਤੇ ਇਹੋ ਅਕਾਲ ਪੁਰਖ ਜੀ ਕਾ ਵਿਅਕਤ ਰੂਪ ਹੈ, 'ਤੇਜ-ਧਾਰਕ ਗੁਰੂ ਖ਼ਾਲਸਾ ਪੰਥ' ਰਾਹੀਂ ਅਕਾਲ ਪੁਰਖ ਇਤਿਹਾਸ ਵਿਚ ਪ੍ਰਵੇਸ਼ ਹੁੰਦਾ ਹੈ। ਹਰਿਮੰਦਰ ਸਾਹਿਬ ਦੇ ਸਿਧਾਂਤ ਰਾਹੀਂ ਜਾਗਰੂਕ ਹੋ ਕੇ, ਮਨੁੱਖ ਪੀਰੀ ਦੇ ਖੇਤਰ ਵਿਚ ਪ੍ਰਭੁਤਾ ਦਾ ਧਾਰਕ ਹੈ, ਖ਼ਾਲਸਾ ਜੀ ਸਤਿਗੁਰੁ ਦੇ ਤੇਜ ਦੇ ਆਪ ਧਾਰਕ ਹਨ, ਸਤਿਗੁਰੁ : ਗਿਆਨ ਰਾਓ ਦੀ ਸੂਖਮ ਲੋਅ ਦਾ ਧਾਰਕ ਹੋਣਾ ਹੀ ਮਨੁੱਖਤਾ ਦੀ ਪ੍ਰਭੁਤਾ

ਦੀ ਨਿਸ਼ਾਨੀ ਹੈ। ਸਤਿਗੁਰੁ ਦਾ ਤੇਜ, ਕਿਸੇ ਪੁਰਸ਼ ਵਿਸ਼ੇਸ਼ ਜਾਂ ਜਮਾਤ ਵਿਸ਼ੇਸ਼ ਦੀ ਈਜਾਰੇਦਾਰੀ ਨਹੀਂ, ਇਹ ਸਤਿਗੁਰੁ ਤਾਂ "ਸਭ ਮਹਿ ਰਹਿਆ ਸਮਾਏ" ਹੈ। ਪੀਰੀ ਦੇ ਖੇਤਰ ਵਿਚ ਪਾਤਸ਼ਾਹੀ ਕੇਂਦ੍ਰਿਤ ਨਹੀਂ, ਇਹ ਤਾਂ ਹੰਨੇ-ਹੰਨੇ ਪਾਤਸ਼ਾਹੀ ਦੀ ਵਿਵਸਥਾ ਹੈ। ਲਿਵ ਦੇ ਰਾਹ ਇਕ ਸੁਰ ਹੋ ਕੇ ਹਰ ਮਨੁੱਖ ਪੀਰੀ ਦੀ ਪ੍ਰਭੁਤਾ ਦਾ ਧਾਰਕ ਹੈ।

ਹਰਿਮੰਦਰ ਸਾਹਿਬ ਦੇ ਉਪਰੋਕਤ ਸਿਧਾਂਤ ਦਾ ਰਾਜਨੀਤੀ ਵਿਚ ਪ੍ਰਗਟਾ ਅਕਾਲ ਤਖ਼ਤ ਹੈ। ਆਪੇ ਗੁਰ ਆਪੇ ਚੇਲਾ ਦੇ ਸਿਧਾਂਤ ਦਾ ਰਾਜਨੀਤੀ ਵਿਚ ਪ੍ਰਗਟਾਅ ਆਪੇ ਰਾਜਾ ਆਪੇ ਪਰਜਾ ਦੀ ਰਾਜਨੀਤਕ ਵਿਵਸਥਾ ਵਿਚ ਹੈ। ਇਸ ਰਾਜਨੀਤਕ ਵਿਵਸਥਾ ਵਿਚ ਰਾਜ ਦੀ ਸੰਪੂਰਨਤਾ ਹੈ ਤੇ ਇਹ ਹੀ ਪੁਲਾੜ ਯੁਗ ਦੀ ਸਭਿਅਤਾ ਦਾ ਕੇਂਦਰੀ ਰਾਜਨੀਤਕ ਧੁਰਾ ਹੈ। ਇਹ ਹੰਨੇ-ਹੰਨੇ ਪਾਤਸ਼ਾਹੀ ਤੇ ਦੁਆਰ-ਦੁਆਰ ਪਰ ਨੌਬਤ ਬਾਜੇ ਦੀ ਵਿਵਸਥਾ ਹੈ। ਮਨੁੱਖ ਅਜੇ ਵਾਦਾਂ ਵਿਚ ਫਸਿਆ ਹੋਇਆ ਹੈ, ਵਾਦਾਂ ਰਾਹੀਂ ਸਥਾਪਤ ਤਖ਼ਤ (ਰਾਜ) ਮਨੁੱਖਤਾ ਨੂੰ ਰਾਜਾ ਤੇ ਪਰਜਾ ਵਿਚ ਵੰਡਦੇ ਹਨ, ਤਖ਼ਤ ਮਨੁੱਖਤਾ (ਸਰਬੱਤ) ਨੂੰ ਇਕ ਨਹੀਂ ਹੋਣ ਦਿੰਦੇ। ਤਖ਼ਤ ਆਪਣੀ ਹੋਂਦ ਦੇ ਹਿੱਤ ਨੂੰ ਮੁੱਖ ਰੱਖ ਕੇ ਮਨੁੱਖਤਾ ਨੂੰ ਵਲਗਣਾ ਵਿਚ ਵੰਡਦੇ ਹਨ, ਤੇਗ ਦੀ ਈਜਾਰੇਦਾਰੀ ਰਾਹੀਂ ਮਨੁੱਖਤਾ ਦੀਆਂ ਵਲਗਣਾਂ 'ਤੇ ਪਹਿਰਾ ਦਿੰਦੇ ਹਨ। ਮਨੁੱਖਤਾ ਦੀਆਂ ਵਲਗਣਾਂ (ਫ਼ਿਰਕਿਆਂ ਰਾਹੀਂ ਮਨੁੱਖਤਾ ਦੀ ਡੱਬਾਬੰਦੀ) ਦੀ ਖੜੋਤ, ਤਖ਼ਤ ਦੀ ਹੋਂਦ ਦਾ ਇਹੋ ਹਿੱਤ ਹੈ। ਤਖ਼ਤ ਆਪਣੀ ਹੋਂਦ ਦੇ ਹਿੱਤ ਨੂੰ ਮੁੱਖ ਰੱਖ ਕੇ, ਮਨੁੱਖਤਾ ਦੀ ਜਾਗਰੂਕਤਾ ਤੋਂ ਡਰਦੇ ਹਨ, ਮਨੁੱਖਤਾ ਦੀ ਅਗਿਆਨਤਾ ਲਈ ਕੰਮ ਕਰਦੇ ਹਨ। ਸਤਿਗੁਰੁ : ਗਿਆਨ ਰਾਓ ਦਾ ਤੇਜ ਸਮੁੱਚਤਾ ਵਿਚ ਭਰਪੂਰ, ਇਹ ਵਿਚਾਰ ਤਖ਼ਤ ਦੇ ਹਿੱਤ ਵਿਚ ਨਹੀਂ ਹੈ। ਤਖ਼ਤ ਆਪਣੀ ਹੋਂਦ ਲਈ ਦੇਹਧਾਰੀ ਸਤਿਗੁਰਾਂ ਨੂੰ ਘੜਦਾ ਹੈ, ਉਭਾਰਦਾ ਹੈ। ਦੇਹਧਾਰੀ ਸਤਿਗੁਰ ਮਨੁੱਖਤਾ ਦੀ ਸੁਰਤਿ ਨੂੰ ਆਪਣੇ ਵੱਲ ਖਿੱਚ ਕੇ, ਸੁਰਤਿ ਨੂੰ ਕੁਰਾਹੇ ਪਾ ਕੇ, ਸੁਰਤਿ ਦੀ ਇਕ ਸੁਰਤਾ ਭੰਗ ਕਰ ਕੇ, ਅਗਿਆਨਤਾ ਦਾ ਪਰਸਾਰ ਕਰਦੇ ਹਨ। ਦੇਹਧਾਰੀ ਸਤਿਗੁਰ ਦਾਤਾ ਤੇ ਭੁਗਤਾ ਦੀ ਦਵੈਤ, ਗੁਰੂ ਤੇ ਚੇਲੇ ਦੀ ਦਵੈਤ ਦੇ ਵਿਚਾਰ ਰਾਹੀਂ ਮਨੁੱਖਤਾ ਦੇ ਭੁਗਤਾ, ਚਾਕਰ ਤੇ ਬੌਣ ਸਰੂਪ ਨੂੰ ਵਿਕਸਿਤ ਕਰਦੇ ਹਨ। ਦੇਹਧਾਰੀ ਸਤਿਗੁਰਾਂ ਦੇ ਬੌਣੇ ਭਗਤ, ਤਖ਼ਤ ਦੀ ਹੋਂਦ ਤੇ ਆਪਣੀ ਪਰਜਾ ਦੀ ਸਥਿਤੀ ਨੂੰ ਕਬੂਲਦੇ ਹਨ। ਵਾਦਾਂ ਰਾਹੀਂ ਸਥਾਪਤ ਤਖ਼ਤ ਜਿਵੇਂ ਪ੍ਰੋਲਤਾਰੀ ਤਾਨਾਸ਼ਾਹੀ ਤੰਤਰ, ਜਗੀਰੂ ਤੰਤਰ, ਪੂੰਜੀਪਤੀ ਤੰਤਰ, ਸਵਰਨਜਾਤੀ ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਵਾਲਾ ਤੰਤਰ, ਇਕ ਪੁਰਖੀ ਤੰਤਰ, ਸਮੁੱਚੇ ਤੰਤਰ ਦਾਤਾ ਦਾ ਰੂਪ ਧਾਰ ਕੇ, ਮਨੁੱਖਤਾ ਦੀ ਭੁਗਤਾ ਵਿਵਸਥਾ ਦੀ ਬਹਾਲੀ ਲਈ ਰੁੱਝੇ ਹੋਏ ਹਨ। ਰਾਜ ਦਾ ਸਮੁੱਚਾ ਤੇਜ ਇਹਨਾਂ ਤਖ਼ਤਾਂ ਰਾਹੀਂ ਕੇਂਦ੍ਰਿਤ ਹੈ। ਰਾਜ ਦੇ ਤੇਜ ਦੀ ਕੇਂਦ੍ਰਿਤ ਵਿਵਸਥਾ ਵਿਚ ਮਨੁੱਖਤਾ ਦੀ ਨਿਰਤੇਜਤਾ ਅੰਤਰਨਿਹਤ ਹੈ। ਇਹਨਾਂ ਤਖ਼ਤਾਂ ਨੇ ਵਿਸ਼ਵ ਵਿਚ ਬਹੁਤ ਲਕੀਰਾਂ (ਰਾਜ ਦੀਆਂ ਹੱਦਾਂ) ਪਾਈਆਂ ਹਨ। ਵਿਸ਼ਵ ਦੇ ਨਕਸ਼ੇ ਨੂੰ ਜ਼ਰਾ ਗ਼ੌਰ ਨਾਲ ਤੱਕੋ, ਅਣਗਿਣਤ ਲਕੀਰਾਂ ਮਨੁੱਖਤਾ ਦੀ ਵੰਡ, ਮਨੁੱਖਤਾ ਦੀ ਅਗਿਆਨਤਾ ਤੇ ਮਨੁੱਖਤਾ ਦੇ ਪਰਜਾ ਰੂਪ ਦੀਆਂ ਸੂਚਕ ਹਨ। ਇਹ ਤਖ਼ਤ ਧਰਤੀ ਨੂੰ ਛੱਡ ਹੁਣ ਪੁਲਾੜ ਨੂੰ ਵੰਡਣਾ ਲੋਚਦੇ ਹਨ, ਪੁਲਾੜਾਂ 'ਤੇ ਕਬਜ਼ਾ ਇਹਨਾਂ ਤਖ਼ਤਾਂ ਦੀ ਵਿਅਰਥ ਕੁਚੇਸ਼ਟਾ ਹੈ। ਮਨੁੱਖ ਆਪਣੀ ਅਗਿਆਨਤਾ ਦੇ ਕਾਰਨ ਹੀ ਆਪਣੀ ਵੰਡ ਦੀਆਂ ਲਕੀਰਾਂ 'ਤੇ ਪਹਿਰਾ ਦੇ ਰਿਹਾ ਹੈ, ਇਸ ਪਹਿਰੇ ਦੀ ਵਫ਼ਾਦਾਰੀ ਨੂੰ ਉਹ ਦੇਸ਼ ਭਗਤੀ ਕਹਿੰਦਾ

ਹੈ। ਤਖ਼ਤਾਂ ਰਾਹੀਂ ਮਨੁੱਖਤਾ ਖੁਆਰ ਹੋ ਰਹੀ ਹੈ, ਆਪਣੇ ਹੀ ਹਿੱਤ ਵਿਰੁੱਧ ਜੂਝ ਰਹੀ ਹੈ। ਤਖ਼ਤਾਂ ਰਾਹੀਂ ਮਨੁੱਖਤਾ ਦੀ ਵੰਡ ਤੇ ਖੁਆਰੀ ਨੂੰ ਵੇਖ ਕੇ, ਵਿਚਾਰ ਉਠਿਆ "ਖੁਆਰ ਹੋਇ ਸਭ ਮਿਲੈਂਗੇ"। ਇਕ ਦੂਜੇ ਦੇ ਹਾਣੀ ਹੋ ਕੇ "ਸਭ ਮਿਲੈਂਗੇ", ਸਤਿਗੁਰੁ ਦੇ ਤੇਜ ਨੂੰ ਆਪ ਧਾਰ ਕੇ "ਸਭ ਮਿਲੈਂਗੇ", ਜਾਗਰੂਕਤਾ ਵਿਚ "ਸਭ ਮਿਲੈਂਗੇ", ਗੁਰੁ ਦੀਪਕੁ ਦੀ ਲੋਅ ਰਾਹੀਂ "ਸਭ ਮਿਲੈਂਗੇ", ਦਾਤਾ ਤੇ ਭੁਗਤਾ ਦੇ ਦਵੈਤ ਵਿਚ ਨਹੀਂ, ਆਪੇ ਦਾਤਾ ਤੇ ਆਪੇ ਭੁਗਤਾ ਦੀ ਜਾਗਰੂਕਤਾ ਵਿਚ "ਸਭ ਮਿਲੈਂਗੇ", ਗੁਰੂ ਤੇ ਚੇਲੇ ਰਾਹੀਂ ਘੜੀਆਂ ਵਲਗਣਾਂ ਵਿਚ ਨਹੀਂ, ਆਪੇ ਗੁਰੁ ਆਪੇ ਚੇਲਾ ਦੇ ਰਹੱਸ ਨੂੰ ਸਮਝ ਕੇ "ਸਭ ਮਿਲੈਂਗੇ", ਵਾਦਾਂ 'ਤੇ ਤਖ਼ਤਾਂ ਤੇ ਸੁਰਤਿ ਲਾ ਕੇ ਨਹੀਂ ਅਕਾਲ ਤਖ਼ਤ ਰਾਹੀਂ, ਰਾਜ ਦੇ ਤੇਜ ਨੂੰ ਹੰਨੇ-ਹੰਨੇ ਵੰਡ ਕੇ, ਆਪੇ ਰਾਜਾ ਤੇ ਆਪੇ ਪਰਜਾ ਦੀ ਵਿਵਸਥਾ ਦੀ ਪੁਲਾੜੀ ਚੇਤਨਾ ਰਾਹੀਂ "ਸਭ ਮਿਲੈਂਗੇ"। "ਸਭ ਮਿਲੈਂਗੇ" ਦਾ ਵਿਚਾਰ ਤਖ਼ਤਾਂ ਦੀ ਹੋਂਦ ਦੇ ਹਿੱਤ ਵਿਚ ਨਹੀਂ, ਤਖ਼ਤ ਸਰਬੱਤ ਨੂੰ ਜੁੜਨ ਨਹੀਂ ਦੇਂਦੇ, ਤੇ ਸਰਬੱਤ ਨੂੰ ਜਾਗਰੂਕ ਨਹੀਂ ਹੋਣ ਦਿੰਦੇ, ਇਸੇ ਲਈ ਤਖ਼ਤ, ਅਕਾਲ ਤਖ਼ਤ ਨੂੰ ਢਾਹੁੰਦੇ ਆਏ ਹਨ। ਤਖ਼ਤ ਰਾਜ ਦੇ ਤੇਜ ਦਾ ਕੇਂਦ੍ਰਿਤ ਰੂਪ ਹੈ ਤੇ ਅਕਾਲ ਤਖ਼ਤ ਰਾਜ ਦੇ ਤੇਜ ਦਾ ਅਕੇਂਦ੍ਰਿਤ ਰੂਪ ਹੈ। ਤਖ਼ਤ ਰਾਜ ਦੇ ਤੇਜ ਨੂੰ ਇਕ ਪੁਰਖ ਵਿਚ ਜਾਂ ਇਕ ਜਮਾਤ ਵਿਚ ਕੇਂਦ੍ਰਿਤ ਕਰਦਾ ਹੈ ਤੇ ਅਕਾਲ ਤਖ਼ਤ ਰਾਜ ਦੇ ਤੇਜ ਨੂੰ ਲੋਕਾਂ ਵਿਚ ਵੰਡਦਾ ਹੈ। ਤਖ਼ਤ ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਰਾਹੀਂ ਦਾਤਾ ਦਾ ਰੂਪ ਧਾਰ ਕੇ ਲੋਕਾਂ ਵਿਚ ਥੋੜ ਵਰਤਾਉਂਦਾ ਹੈ ਤੇ ਅਕਾਲ ਤਖ਼ਤ ਮਨੁੱਖਤਾ ਦੀ ਤੇਜਤਾ ਤੇ ਧਰੋਹਰ ਦੇ ਰੂਪ ਵਿਚ ਉਭਰ ਕੇ ਦੇਗ਼ ਤੇ ਤੇਗ਼ ਮਨੁੱਖਤਾ ਲਈ ਫ਼ਤਹਿ ਕਰਦਾ ਹੈ, ਈਜਾਰੇਦਾਰੀ ਵਿਹੀਣ ਸੰਗਤ ਨੂੰ ਏਕੋ ਨਾਮੁ ਦੇ ਆਧਾਰ 'ਤੇ ਸੰਗਠਿਤ ਕਰਦਾ ਹੈ।

ਤਖ਼ਤ ਰਾਜ ਦੀ ਪ੍ਰਭੁਤਾ ਨੂੰ ਸੀਮਿਤ ਕਰਦਾ ਹੈ, ਪੂੰਜੀਪਤੀ ਤਖ਼ਤ ਪ੍ਰਭੁਤਾ ਨੂੰ ਸੀਮਿਤ ਕਰਕੇ ਇਕ ਪੁਰਖ ਵਿਚ ਕੇਂਦ੍ਰਿਤ ਕਰਦਾ ਹੈ। ਇਸ ਤਖ਼ਤ ਦੀ ਸਥਾਪਤੀ ਵਿਚ ਸਮੂਹ ਮਨੁੱਖਤਾ ਪ੍ਰਭੁਤਾ ਦੀ ਧਾਰਕ ਨਹੀਂ ਹੁੰਦੀ, ਉਹ ਤਾਂ ਤਾਨਾਸ਼ਾਹ ਦੀ ਪ੍ਰਭੁਤਾ ਨੂੰ ਮੰਨ ਕੇ ਆਪ ਭੁਗਤਾ ਰੂਪ ਵਿਚ, ਪਰਜਾ ਦਾ ਰੂਪ ਧਾਰਦੀ ਹੈ। ਇਕ ਪੁਰਖੀ ਤਖ਼ਤ, ਪ੍ਰਭੁਤਾ ਨੂੰ ਧਾਰ ਕੇ, ਦੇਗ਼ ਤੇ ਤੇਗ਼ ਸਥਾਪਤ ਪ੍ਰਭੁਤਾ ਦੀ ਈਜਾਰੇਦਾਰੀ ਅਧੀਨ ਕਰਦਾ ਹੈ। ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਰਾਹੀਂ ਉਹ ਦਾਤਾ ਦਾ ਰੂਪ ਧਾਰਦਾ ਹੈ, ਤੇ ਮਨੁੱਖਤਾ ਦੇਗ਼ ਤੇ ਤੇਗ਼ ਤੋਂ ਵਿਹੀਣ ਹੋ ਕੇ ਭੁਗਤਾ ਰੂਪ ਵਿਚ, ਆਪਣੇ ਆਪ ਨੂੰ ਪਰਜਾ ਰੂਪ ਵਿਚ ਤਖ਼ਤ ਦੇ ਅਧੀਨ ਸਮਝਦੀ ਹੈ। ਹੁਣ ਅਸੀਂ ਜਮਾਤੀ ਤਾਨਾਸ਼ਾਹੀ ਦੇ ਤਖ਼ਤ ਜਿਵੇਂ ਪ੍ਰੋਲਤਾਰੀ ਤੰਤਰ ਬਾਰੇ ਵਿਚਾਰ ਕਰਦੇ ਹਾਂ। ਪ੍ਰੋਲਤਾਰੀ ਤਖ਼ਤ (ਰਾਜ) ਪਹਿਲੀ ਤਾਨਾਸ਼ਾਹ ਸਥਾਪਤੀ ਤੋਂ ਅਗਾਂਹਵਧੂ ਸਥਾਪਤੀ ਹੈ, ਇਥੇ ਪ੍ਰਭੂਤਾ ਦਾ ਵਿਸਥਾਰ ਹੁੰਦਾ ਹੈ। ਪਹਿਲੀ ਸਥਾਪਤੀ ਵਿਚ ਪ੍ਰਭੁਤਾ ਇਕ ਪੁਰਖ ਕੋਲ ਸੀਮਿਤ ਹੈ ਤੇ ਦੂਸਰੀ ਸਥਾਪਤੀ ਵਿਚ ਪ੍ਰਭੁਤਾ ਪ੍ਰੋਲਤਾਰੀ ਜਮਾਤ ਕੋਲ ਆਉਂਦੀ ਹੈ। ਇਸ ਦੂਸਰੀ ਅਗਾਂਹ ਵਧੂ ਸਥਾਪਤੀ ਵਿਚ ਵੀ ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਬਹਾਲ ਰਹਿੰਦੀ ਹੈ। ਤਖ਼ਤ ਦੀ ਹੋਂਦ ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਵਿਚ ਹੈ, ਇਸ ਈਜਾਰੇਦਾਰੀ ਵਿਵਸਥਾ ਰਾਹੀਂ ਤਖ਼ਤ ਦਾਤਾ ਦਾ ਰੂਪ ਧਾਰਦਾ ਹੈ। ਤਖ਼ਤ ਦੀ ਪ੍ਰਭੁਤਾ ਦਾ ਵਿਸਥਾਰ ਭੂ-ਖੇਤਰ ਰਾਹੀਂ ਹੁੰਦਾ ਹੈ। ਇਕ ਤਖ਼ਤ ਹੀ ਪ੍ਰਭੁਤਾ ਨੂੰ ਦੂਸਰੇ ਤਖ਼ਤ ਦੀ ਪ੍ਰਭੁਤਾ ਤੋਂ ਨਖੇੜਨ ਲਈ ਰਾਜ ਹੱਦਾਂ ਹੋਂਦ ਵਿਚ ਆਉਂਦੀਆਂ ਹਨ। ਸਮੁੱਚੇ ਤਖ਼ਤ (ਰਾਜ) ਮਨੁੱਖਤਾ ਨੂੰ ਤੇ ਬ੍ਰਹਿਮੰਡ (ਖੇਤਰ) ਨੂੰ ਵੰਡਦੇ ਹਨ। ਸਮੁੱਚੇ ਤਖ਼ਤ ਮਨੁੱਖਤਾ

ਨੂੰ ਆਪਣੀ ਪ੍ਰਭੁਤਾ ਦੀ ਰਾਖੀ ਲਈ ਵਰਤਦੇ ਹਨ। ਪ੍ਰਭੁਤਾ ਰਾਜ ਦਾ ਹੀ ਤੇਜ ਹੈ, ਪ੍ਰਭੁਤਾ ਇਕ ਪੁਰਖ ਵਿਸ਼ੇਸ਼ ਤੋਂ ਜਮਾਤ ਵਿਸ਼ੇਸ਼ (ਪ੍ਰੋਲਤਾਰੀ) 'ਤੇ ਪੁੱਜਦੀ ਹੈ, ਪਰ ਬ੍ਰਹਿਮੰਡ 'ਤੇ ਮਨੁੱਖ ਅਜੇ ਵੀ ਵੰਡਿਆ ਹੋਇਆ ਹੈ। ਰਾਜ ਦੀ ਪ੍ਰਭੁਤਾ ਦੀਆਂ ਲਕੀਰਾਂ ਅਜੇ ਵੀ ਬ੍ਰਹਿਮੰਡ ਵਿਚ ਅਨੰਤ ਹਨ, ਇਹਨਾਂ ਤਖ਼ਤਾਂ ਦੀ ਹਉਂ ਤੇ ਵਿਸਥਾਰ ਦੀ ਰੁਚੀ ਮਨੁੱਖਤਾ ਨੂੰ ਭਿਆਨਕ ਯੁੱਧਾਂ ਵਿਚ ਵਰਤ ਰਹੀ ਹੈ ਤੇ ਮਨੁੱਖਤਾ ਹੁਣ ਵਿਸ਼ਵ ਯੁੱਧ ਦੇ ਪੜਾਅ 'ਤੇ ਪੁੱਜ ਚੁੱਕੀ ਹੈ, ਜਿਥੇ ਮਾਨਵ ਨਾਮ ਰੂਪਾਂ ਦਾ ਅਲੋਪ ਹੋਣਾ ਨਿਸ਼ਚਿਤ ਹੈ। ਤਖ਼ਤਾਂ ਦੀ ਹੋਂਦ ਦੀ ਸਿਖਰ ਸਰਬੱਤ ਦੇ ਨਾਸ਼ ਵਿਚ ਹੈ, ਤਖ਼ਤ ਤਾਂ ਧਿਰਾਂ ਦੀ ਰਾਖੀ ਕਰਦੇ ਹਨ, ਧਿਰਾਂ ਦੀ ਹਉਂ ਦੇ ਪੈਂਤੜਿਆਂ ਰਾਹੀਂ ਮਾਨਵ ਨਾਸ਼ ਤਕ ਪੁੱਜਣਾ, ਤਖ਼ਤਾਂ ਦੀ ਗਤੀਵਿਧੀ ਵਿਚ ਅੰਤਰ-ਨਿਹਿਤ ਕਰਮ ਸ਼ਾਮਲ ਹੈ। ਸਮੁੱਚੇ ਤਖ਼ਤ ਦਾਤਾ ਤੇ ਭੁਗਤਾ ਦੀ ਦਵੈਤ 'ਤੇ ਆਧਾਰਿਤ ਹੁੰਦੇ ਹਨ। ਦਾਤਾ ਤੇ ਭੁਗਤਾ ਦੀ ਉੱਥਲ-ਪੁੱਥਲ ਹੀ ਰਾਜ ਪਲਟਿਆਂ ਦਾ ਸੱਚ ਹੈ। ਜੇ ਮਨੁੱਖਤਾ ਆਪਣੀ ਹੋਂਦ ਨੂੰ ਬਚਾਉਣਾ ਚਾਹੁੰਦੀ ਹੈ ਤੇ ਆਪਣੀ ਹੋਂਦ ਦਾ ਪਰਗਾਸ ਕਰਨਾ ਚਾਹੁੰਦੀ ਹੈ ਤਾਂ ਵਿਸ਼ਵ ਦੇ ਹਰ ਮਨੁੱਖ ਨੂੰ ਦੋਹਰੀ ਪ੍ਰਭੁਤਾ ਦਾ ਧਾਰਕ ਹੋਣਾ ਜ਼ਰੂਰੀ ਹੈ। ਜਦੋਂ ਦੋਹਰੀ ਪ੍ਰਭੁਤਾ ਦੇ ਤੇਜ ਦੇ ਸੱਚ ਨੇ ਰੂਪਮਾਨ ਹੋਣਾ ਹੈ, ਤਾਂ ਇਸ ਧਰਤ ਤੋਂ ਰਾਜ ਦੇ ਤੇਜ ਦੇ ਕੇਂਦ੍ਰਿਤ ਰੂਪ ਤਖ਼ਤ ਅਲੋਪ ਹੋ ਜਾਣੇ ਹਨ। ਇਹ ਸਮਾਂ ਹੈ ਪੁਲਾੜ ਯੁਗ ਦੀ ਸਭਿਅਤਾ ਦੇ ਪ੍ਰਕਾਸ਼ ਦਾ, ਜਿਸ ਦਾ ਕੇਂਦਰੀ ਰਾਜਨੀਤਕ ਧੁਰਾ ਆਪੇ ਰਾਜਾ ਆਪੇ ਪਰਜਾ ਦੀ ਵਿਵਸਥਾ ਵਿਚ ਹੈ। ਇਸ ਵਿਵਸਥਾ ਵਿਚ ਪਾਤਸ਼ਾਹੀ (ਪ੍ਰਭੁਤਾ) ਦਾ ਹੰਨੇ-ਹੰਨੇ ਵੰਡਿਆ ਜਾਣਾ ਜ਼ਰੂਰੀ ਹੈ। ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਮਨੁੱਖਤਾ ਦੀ ਦੋਹਰੀ ਪ੍ਰਭੁਤਾ ਦੇ ਸੰਸਥਾਗਤ ਕੇਂਦਰ ਹਨ। ਤਖ਼ਤ ਆਪਣੀ ਹੋਂਦ ਲਈ ਮਨੁੱਖਤਾ ਤੇ ਧਰਤੀ ਨੂੰ ਵਲਗਣਾਂ (ਫ਼ਿਰਕੇ) ਤੇ ਲਕੀਰਾਂ (ਰਾਜ ਹੱਦਾਂ) ਰਾਹੀਂ ਵੰਡਦੇ ਹਨ। ਅਕਾਲ ਤਖ਼ਤ (Non State power neculous) ਵਲਗਣਾਂ ਨੂੰ ਮੇਟਣਾ ਹੈ ਤੇ ਸਮੁੱਚਤਾ ਨੂੰ ਸਰਬੱਤ ਦੇ ਭਲੇ ਰਾਹੀਂ ਜੋੜ ਕੇ, ਬ੍ਰਹਿਮੰਡੀ ਚੇਤਨਾ ਵਿਕਸਿਤ ਕਰਕੇ ਵਿਸ਼ਵ ਵਿੱਚੋਂ ਤਖ਼ਤਾਂ ਰਾਹੀਂ ਪਾਈਆਂ ਗ਼ੈਰ-ਕੁਦਰਤੀ ਲਕੀਰਾਂ ਤੇ ਕੁਤਰਮ ਵੰਡਾਂ ਨੂੰ ਸਮਾਪਤ ਕਰਦਾ ਹੈ। ਸਮੁੱਚੀ ਅਠਾਰਵੀਂ ਸਦੀ ਮਨੁੱਖਤਾ ਦੀ ਤੇਜਤਾ ਦਾ ਜਾਗਰੂਕ ਵਰਗ, ਦੋਹਰੀ ਪ੍ਰਭੁਤਾ ਦਾ ਧਾਰਕ ਖ਼ਾਲਸਾ ਜੀ ਅਕਾਲ ਤਖ਼ਤ ਤੋਂ ਹਰ ਰੋਜ਼ ਹੇਠ ਲਿਖੇ ਦੋਹਰੇ ਰਾਹੀਂ ਸੰਘਰਸ਼ ਲਈ ਪ੍ਰੇਰਨਾ ਲੈਂਦਾ ਰਿਹਾ ਹੈ:

ਦੋ ਵੇਲੇ ਅਰਦਾਸ ਇਹ, ਹੋਵੇ ਤਖ਼ਤ ਅਕਾਲ
ਭਲਾ ਹੋਵੇ ਸਰਬੱਤ ਦਾ, ਰਿਆਇਤ ਪੰਥ ਦੇ ਨਾਲ।

ਮਨੁੱਖਤਾ, ਅਕਾਲ ਤਖ਼ਤ ਰਾਹੀਂ ਵਿਕਸਿਤ ਹੋਈ ਰਾਜਨੀਤਕ ਚੇਤਨਾ ਜਿਸ ਦਾ ਮੂਲ ਆਧਾਰ ਆਪੇ ਰਾਜਾ ਆਪ ਪਰਜਾ ਦੀ ਸਥਾਪਤੀ ਹੈ, ਇਹ ਸਥਾਪਤੀ ਦੋਹਰੀ ਪ੍ਰਭੁਤਾ ਦੀ ਸਥਾਪਤੀ ਹੈ, ਲਈ ਦੋਵੇਂ ਵੇਲੇ ਅਰਦਾਸ ਕਰਦੀ ਆ ਰਹੀ ਹੈ ਤੇ ਇਸ ਸਥਾਪਤੀ ਵਿਚ ਸਰਬੱਤ ਦਾ ਭਲਾ ਹੈ। ਸਰਬੱਤ ਦਾ ਜਲੌਅ ਏਕੋ ਨਾਮ ਦੇ ਆਧਾਰ ਤੇ ਤੇਜ-ਧਾਰਕ ਗੁਰੂ ਖ਼ਾਲਸਾ ਪੰਥ ਦੇ ਵਿਸ਼ਾਲ ਸੰਗਠਨ ਵਿਚ ਜੁੜਦਾ ਹੈ।

ਸਥਾਨ, ਸਮਾਂ, ਸੁਰਤਿ ਵਾਲੇ ਸਜੀਵ ਆਕਾਰ ਨਾਮ ਰੂਪ ਤੇ ਪਰਸਾਦਿ, ਬ੍ਰਹਿਮੰਡ ਦੇ ਧਰਮ ਦੇ ਇਹ ਚਾਰ ਰੂਪ ਹਨ। ਬ੍ਰਹਿਮੰਡ ਦੇ ਧਰਮ ਵਿਚ ਵਿਕਾਸ ਦੇ ਦੋ ਰਾਹ ਹਨ, ਏਕਤਾ ਤੋਂ ਅਨੇਕਤਾ ਤੇ ਅਨੇਕਤਾ ਤੋਂ ਏਕਤਾ। ਇਹਨਾਂ ਦੋ ਪਰਗਾਸ ਦੇ ਰਾਹਾਂ ਰਾਹੀਂ

ਗੁਰਮੁਖਿ ਨਿਰੰਤਰ ਚਲਤ ਤੁਰਦਾ ਹੈ। ਏਕਤਾ ਤੋਂ ਅਨੇਕਤਾ ਦਾ ਰਾਹ ਮੈਂ ਦਾ ਪਸਾਰਾ ਹੈ, ਇਹ ਹਉਮੈਂ ਦੀ ਗਣਤ ਹੈ। ਮੈਂ ਦਾ ਪਸਾਰਾ ਭੈ ਵੱਲ ਹੈ, ਵੈਰ ਵੱਲ ਹੈ। ਅਨੇਕਤਾ ਹਉਮੈਂ ਦਾ ਅਖਾੜਾ ਹੈ। ਹਉਮੈਂ ਦੇ ਅਖਾੜੇ ਵਿਚ ਹਨੇਰਾ ਤੇ ਅਗਿਆਨਤਾ ਦਾ ਪਰਸਾਰ ਹੁੰਦਾ ਹੈ। ਸੁਰਤਿ ਵਾਲੇ ਸੁਚੇਤ ਨਾਮ ਰੂਪ ਆਕਾਰਾਂ ਦੀ ਸਰਬੱਤ ਨੂੰ ਸਮੂਹ ਨੂੰ ਪਰਸਾਦਿ (ਭੋਜਨ) ਦੀ ਲੋੜ ਹੈ। ਸੁਚੇਤ ਨਾਮ ਰੂਪਾਂ ਦੀ ਅਨੇਕਤਾ, ਸਮੂਹ ਸੁਚੇਤ ਨਾਮ ਰੂਪਾਂ ਦੇ ਪਰਗਾਸ ਦਾ ਆਧਾਰ ਪਰਸਾਦਿ (ਦੇਗ) ਹੈ। ਸੁਚੇਤ ਨਾਮ ਰੂਪਾਂ ਦੀ ਅਨੇਕਤਾ, ਜੋ ਕੇਵਲ ਹਉਮੈਂ ਦੇ ਆਧਾਰ 'ਤੇ ਮੈਂ ਦਾ ਪਸਾਰਾ ਕਰਦੀ ਹੈ, ਵਿਚ ਪਰਸਾਦਿ ਦੀ ਵੰਡ ਦਾ ਮੁੱਖ ਮਸਲਾ ਹੈ। ਪਰਸਾਦਿ (ਦੇਗ) ਦੀ ਵੰਡ ਕਾਰਨ ਹੀ ਵੈਰ ਹੈ, ਭੈ ਹੈ, ਖੋਹ ਹੈ, ਦੇਗ ਤੇ ਜਬਰੀ ਕਬਜ਼ਾ ਹੈ, ਤੇ ਦੇਗ (ਆਰਥਿਕਤਾ) ਦਾ ਕੇਂਦਰੀਕਰਨ ਹੈ। ਪਰਸਾਦਿ (ਦੇਗ, ਆਰਥਿਕਤਾ) ਦੀ ਵੰਡ ਦੇ ਅਨੇਕਾਂ ਰਾਹ ਹਨ, ਅਨੇਕਾਂ ਦਰਸ਼ਨ ਹਨ ਤੇ ਇਹਨਾਂ ਦਰਸ਼ਨਾਂ ਦੇ ਆਧਾਰ 'ਤੇ ਮਨੁੱਖੀ ਸੰਗਠਨ ਤੇ ਅਨੇਕਾਂ ਤਖ਼ਤ (ਰਾਜ) ਹੋਂਦ ਵਿਚ ਆਉਂਦੇ ਹਨ। ਹਰ ਤਖ਼ਤ ਦੇਗ (ਪਰਸਾਦਿ, ਆਰਥਿਕਤਾ) ਦੀ ਵੰਡ ਲਈ ਦਾਤਾ ਦਾ ਰੂਪ ਧਾਰਦਾ ਹੈ, ਤੇ ਮਨੁੱਖਤਾ ਦੀ ਭੁਗਤਾ ਸਥਿਤੀ ਦੀ ਸਦੀਵਤਾ ਲਈ, ਤੇਗ ਦੀ ਈਜਾਰੇਦਾਰੀ ਦਾ ਦਾਅਵਾ ਕਰਦਾ ਹੈ। ਤਖ਼ਤ ਦੀ ਹੋਂਦ ਦੇਗ ਤਾਂ ਤੇਗ ਦੀ ਈਜਾਰੇਦਾਰੀ ਵਿਚ ਹੈ। ਤਖ਼ਤ ਦੇਗ ਕੇਂਦਰੀਕਰਨ ਤੇ ਤੇਗ ਕੇਂਦਰੀਕਰਨ ਰਾਹੀਂ ਮਨੁੱਖਤਾ ਨੂੰ ਪਰਜਾ ਦੀ ਸਥਾਪਤੀ ਤੋਂ ਉਪਰ ਨਹੀਂ ਉਠਣ ਦਿੰਦਾ। ਦੇਗ ਤੇ ਤੇਗ ਤਖ਼ਤ ਦੀ ਪ੍ਰਭੁਤਾ ਦੇ ਦੋ ਮੁੱਖ ਚਿੰਨ੍ਹ ਹਨ। ਵਿਸ਼ਵ ਦੇ ਸਮੁੱਚੇ ਤਖ਼ਤ (ਰਾਜ) ਆਪਣੀ ਹੋਂਦ ਲਈ ਤੇ ਇਸ ਹੋਂਦ ਨੂੰ ਸਾਰਥਿਕ ਸਿਧ ਕਰਨ ਲਈ ਦਰਸ਼ਨ ਘੜਦੇ ਹਨ। ਵਿਸ਼ਵ ਦੇ ਸਮੁੱਚੇ ਦਰਸ਼ਨ ਆਪਣੇ ਆਪਣੇ ਤਖ਼ਤਾਂ ਦੀ ਈਜਾਰੇਦਾਰੀ ਵਿਵਸਥਾ ਦੀ ਸਥਾਪਤੀ ਦੀ ਵਕਾਲਤ ਕਰਦੇ ਹਨ। ਇਹ ਅਜਿਹੇ ਦਾਰਸ਼ਨਿਕ ਪੈਂਤੜੇ (ਦਾਅ-ਪੇਚ) ਘੜਦੇ ਹਨ, ਜਿਸ ਰਾਹੀਂ ਮਨੁੱਖਤਾ ਦੇਗ ਵਿਹੀਣ ਤੇ ਤੇਗ ਵਿਹੀਣ ਭੁਗਤਾ ਦੀ ਸਥਿਤੀ ਵਿਚ ਟਿਕੀ ਰਹੇ, ਤੇ ਇਹ ਦਰਸ਼ਨ ਰਾਜ ਦੇ ਤੇਜ ਦਾ ਕੇਂਦ੍ਰਿਤ ਰੂਪ, ਦੇ ਦਾਤਾ ਹੋਣ ਦੇ ਸੱਚ ਦੀ ਪ੍ਰੋੜਤਾ ਕਰਦੇ ਹਨ। ਦੇਗ ਕੇਂਦਰੀਕਰਨ ਤੇ ਤੇਗ ਕੇਂਦਰੀਕਰਨ ਦੀ ਵਿਵਸਥਾ ਵਾਲੇ ਤਖ਼ਤਾਂ ਦੀ ਹੋਂਦ ਲਈ, ਮਨੁੱਖਤਾ ਦਾ ਵੰਡਿਆ ਹੋਣਾ, ਮਨੁੱਖਤਾ ਦਾ ਨਿਰਤੇਜ ਹੋਣਾ, ਮਨੁੱਖਤਾ ਦਾ ਜਾਗਰੂਕ ਨਾ ਹੋਣਾ ਜ਼ਰੂਰੀ ਹੈ। ਤੇਜ-ਪੂਜਕ ਬੌਣਵਾਦ ਜੋ ਇਕ-ਪੁਰਖੀ ਤਾਨਾਸ਼ਾਹ ਦੇ ਤਖ਼ਤ ਨੂੰ ਘੜਦਾ ਹੈ ਜਾਂ ਅਜੋਕੇ ਸਮੇਂ ਸਵਰਨਜਾਤੀ ਬੁਰਜੂਆ ਲੀਡਰਸ਼ਿਪ ਦੀ ਦੇਗ ਤੇ ਤੇਗ ਦੀ ਈਜਾਰੇਦਾਰੀ ਵਿਵਸਥਾ ਵਾਲੇ ਕੇਂਦ੍ਰਿਤ ਰਾਜ ਦੇ ਤੇਜ ਵਾਲੇ ਤਖ਼ਤ (ਰਾਜ) ਵੱਲ ਵੱਧਦਾ ਹੈ। ਦੇਗ ਕੇਂਦਰੀਕਰਨ ਤੇ ਤੇਗ ਕੇਂਦਰੀਕਰਨ ਵਾਲੀ ਅਜੋਕੀ ਸਵਰਨਜਾਤੀ ਲੀਡਰਸ਼ਿਪ, ਸੈਕੂਲਰ ਬੁਰਕਾ ਦਿਖਾਵੇ ਲਈ ਪਾਉਂਦੀ ਹੈ, ਪਰ ਅੰਦਰੋਂ ਇਸ ਦਾ ਦਾਰਸ਼ਨਿਕ ਪੈਂਤੜਾ ਤੇਜ-ਪੂਜਕ ਬੌਣਵਾਦ ਬਿਪਰ ਦਰਸ਼ਨ ਹੈ। ਤੇਜ-ਪੂਜਕ ਬੌਣਵਾਦ ਬਿਪਰ ਦਰਸ਼ਨ, ਮਨੁੱਖਤਾ ਨੂੰ ਜਾਤਾਂ-ਉਪਜਾਤਾਂ ਤੇ ਅਨੇਕਾਂ ਹੋਰ ਫ਼ਿਰਕਿਆਂ ਦੀਆਂ ਵਲਗਣਾਂ ਵਿਚ ਵੰਡਦਾ ਹੈ, ਨਵੇਂ ਸੁਆਮੀਆਂ ਨੂੰ ਉਭਾਰ ਕੇ ਮਨੁੱਖਤਾ ਦੀਆਂ ਵਲਗਣਾਂ ਤੇ ਵੰਡਾਂ ਵਿਚ ਵਾਧਾ ਕਰਦਾ ਹੈ, ਮਨੁੱਖੀ ਨਾ ਬਰਾਬਰੀ ਇਸ ਦਾ ਐਲਾਨੀਆ ਟੀਚਾ ਹੈ। ਖੰਡਤ ਤੇ ਨਿਰਤੇਜ ਮਨੁੱਖਤਾ ਹੀ ਦੇਗ ਤੇ ਤੇਗ ਤੋਂ ਵਿਹੀਣ ਰਹਿ ਕੇ ਆਪਣੀ ਪਰਜਾ ਦੀ ਸਥਿਤੀ ਨੂੰ ਕਬੂਲਦੀ ਹੈ। ਤੇਜ ਦੀ ਪੂਜਾ ਅਗਿਆਨਤਾ, ਨਿਰਤੇਜਤਾ ਤੇ ਅੰਧ-ਵਰਤਾਰੇ ਦਾ ਪਸਾਰ ਕਰਦੀ ਹੈ। ਤੇਜ-ਪੂਜਕ ਬੌਣਵਾਦ ਧਰਮ ਤੇ

ਰਾਜਨੀਤੀ ਦੋਹਾਂ ਖੇਤਰਾਂ ਦੇ ਤੇਜ ਨੂੰ ਕੇਂਦ੍ਰਿਤ ਕਰਦਾ ਹੈ। ਧਰਮ ਦੇ ਖੇਤਰਾਂ ਵਿਚ ਤੇਜ ਦੇ ਕੇਂਦ੍ਰਿਤ ਸੁਆਮੀਆਂ ਨੂੰ ਘੜਦਾ ਹੈ। ਇਹ ਸੁਆਮੀ ਦਾਤਾ ਦਾ ਰੂਪ ਧਾਰਦੇ ਹਨ, ਜਦੋਂ ਮਨੁੱਖਤਾ ਭੁਗਤਾ ਰੂਪ ਵਿਚ, ਚੇਲਾ ਰੂਪ ਵਿਚ, ਸੇਵਕ ਰੂਪ ਵਿਚ, ਚਾਕਰ ਰੂਪ ਵਿਚ, ਨਿਰਤੇਜ ਰੂਪ ਵਿਚ ਇਨ੍ਹਾਂ ਅੱਡ ਦਾਤਿਆਂ ਦੇ ਸੱਚ ਨੂੰ ਮੱਥਾ ਟੇਕ ਦਿੰਦੀ ਹੈ। ਇਥੋਂ ਮਨੁੱਖਤਾ ਦੀ ਬੌਣਤਾ ਅਗਿਆਨਤਾ ਤੇ ਤੇਜ-ਵਿਹੀਣਤਾ ਤੋਂ ਸੋਸ਼ਨ ਦਾ ਆਰੰਭ ਹੁੰਦਾ ਹੈ। ਮਾਨਵ ਨਿਰਤੇਜਤਾ ਦਾ ਬਿਪਰ ਵਰਤਾਰਾ ਰਾਜ ਦੇ ਤੇਜ ਦੀ ਪ੍ਰਭੁਤਾ ਨੂੰ ਸੀਮਿਤ ਕਰਨ ਲਈ, ਲੋਕਾਂ ਨੂੰ ਰਾਜ ਦੀ ਪ੍ਰਭੁਤਾ ਤੋਂ ਦੂਰ ਰੱਖਣ ਲਈ, ਬਿਪਰ ਸ਼ਤਰੰਜ ਦੀ ਬਹੁਤ ਸੂਖਮ ਚਾਲ ਹੈ। ਇਸ ਸੂਖਮ ਸ਼ਤਰੰਜ ਦਾ ਪਹਿਲਾ ਪੈਂਤੜਾ, ਮਨੁੱਖਤਾ ਨੂੰ ਦਾਤਾ ਤੇ ਭੁਗਤਾ ਦੀ ਦਵੈਤ ਦੇ ਸੱਚ ਤੋਂ ਉਪਰ ਨਾ ਉਠਣ ਦੇਣਾ ਹੈ। ਦਾਤਾ ਤੇ ਭੁਗਤਾ ਦਾ ਸਮੁੱਚਾ ਜਾਲ, ਜਿਸ ਵਿਚ ਆਨ ਦੇ ਨਾਮ ਦੇ ਜਾਪ ਰਾਹੀਂ ਮਨੁੱਖਤਾ ਨੂੰ ਆਪਣੇ ਨਾਮ ਦਾ ਪਰਗਾਸ ਨਹੀਂ ਕਰਨ ਦੇਣਾ, ਆਨ ਦੀ ਪੂਜਾ ਰਾਹੀਂ ਮਨੁੱਖਤਾ ਦਾ ਉਭਾਰ ਕਰਨਾ, ਅਵਰ ਦੂਆ ਸਿਰਜਣਹਾਰ ਦਾ ਵਿਚਾਰ ਦੇ ਕੇ ਮਨੁੱਖਤਾ ਨੂੰ ਸਿਰਜਣਾ ਦੇ ਤੇਜ ਤੋਂ ਵਿਹੂਣ ਕਰਨਾ, ਦੇਹਧਾਰੀ ਗੁਰੂਆਂ ਰਾਹੀਂ ਮਨੁੱਖਤਾ ਨੂੰ ਆਪ ਪੂਰਾ ਸਤਿਗੁਰ ਨਾ ਬਣਨ ਦੇਣਾ, ਗੁਰ-ਪਰਗਾਸ ਰਾਹੀਂ ਹੋਣ ਵਾਲੀ ਜਾਗਰੂਕਤਾ ਨੂੰ ਰੋਕਣਾ, ਅਨੇਕ ਦਾਤਿਆਂ ਦੇ ਜਾਲ ਰਾਹੀਂ ਮਨੁੱਖਤਾ ਦੀ ਵੱਖ ਵੱਖ ਵਲਗਣਾਂ ਵਿਚ ਡੱਬਾਬੰਦੀ ਕਰਨਾ, ਰਾਜ ਦੀ ਪ੍ਰਭੁਤਾ ਨੂੰ ਕੇਂਦ੍ਰਿਤ ਕਰਕੇ, ਮਨੁੱਖਤਾ ਨੂੰ ਪਰਜਾ ਰੂਪ ਵਿਚ ਟਿਕਾਉਣ ਲਈ ਵਿਛਾਇਆ ਜਾਂਦਾ ਹੈ। ਧਰਮ ਤੇ ਰਾਜਨੀਤੀ ਦੋਹਾਂ ਖੇਤਰਾਂ ਵਿਚ ਜਦੋਂ ਤੇਜ ਕੇਂਦ੍ਰਿਤ ਹੁੰਦਾ ਹੈ ਤਾਂ ਮਾਨਵਤਾ ਦੋਹਾਂ ਖੇਤਰਾਂ ਵਿਚ ਤੇਜ ਵਿਹੂਣ ਹੋ ਕੇ ਬੌਣ ਸਰੂਪ ਨੂੰ ਧਾਰਦੀ ਹੈ।

ਬ੍ਰਹਿਮੰਡ ਦੇ ਧਰਮ ਦੇ ਚਾਰ ਰੂਪ ਸਥਾਨ, ਸਮਾਂ, ਸੁਰਤਿ ਵਾਲੇ ਨਾਮ ਰੂਪ ਆਕਾਰ ਤੇ ਪਰਸਾਦਿ ਹਨ। ਸੁਰਤਿ ਵਾਲੇ ਨਾਮ ਰੂਪ ਆਕਾਰਾਂ ਨੂੰ ਪਰਸਾਦਿ ਦੀ ਲੋੜ ਹੈ, ਇਸ ਪਰਸਾਦਿ ਦੀ ਵੰਡ ਰਾਹੀਂ ਹੀ ਸੁਰਤਿ ਵਾਲੇ ਨਾਮ ਰੂਪ ਆਕਾਰਾਂ ਦਾ ਪਰਗਾਸ ਹੁੰਦਾ ਹੈ। ਬ੍ਰਹਿਮੰਡ ਦੇ ਧਰਮ ਦਾ ਸਮੁੱਚਾ ਵਰਤਾਰਾ, ਸੁੰਨ ਸਰੂਪ ਏਕਤਾ ਦਾ ਅਨੇਕਤਾ ਵਿਚ ਪ੍ਰਗਟਾ ਹੈ। ਸੁੰਨ ਸਰੂਪ ਏਕਤਾ, ਇਸ ਪਸਾਰੇ ਰਾਹੀਂ, ਵਰਤਾਰੇ ਰਾਹੀਂ ਇਤਿਹਾਸ ਵਿਚ ਪ੍ਰਵੇਸ਼ ਹੋਣਾ ਚਾਹੁੰਦੀ ਹੈ। ਸੁੰਨ ਸਰੂਪ ਤੇਜ ਆਪ ਹੀ ਅਨੇਕਤਾ ਵਿਚ ਪ੍ਰਗਟ ਹੁੰਦਾ ਹੈ। ਸਮੁੱਚਤਾ ਦੇ ਸਾਰੇ ਰੂਪ ਤੇਜ ਦੇ ਆਪਣੇ ਹੀ ਰੂਪ ਹਨ। "ਸਗਲ ਪਸਾਰਾ ਤੁਮ ਤਨਾ" ਕੋਈ ਰੂਪ ਨਿਰਤੇਜ ਨਹੀਂ। ਤੇਜ ਸਮੁੱਚਤਾ ਨੂੰ ਆਪ ਧਾਰ ਰਿਹਾ ਹੈ। ਤੇਜ-ਪੂਜਕ ਬੌਣਵਾਦ ਨੇ ਬ੍ਰਹਿਮੰਡ ਦੇ ਧਰਮ ਦੇ ਵੇਗ ਨੂੰ ਆਪਣੇ ਹਿੱਤ ਵਿਚ ਤੋਰਨ ਦਾ ਆਕੀ ਪੈਂਤੜਾ ਲਿਆ ਹੈ। ਇਸ ਆਕੀ ਪੈਂਤੜੇ ਰਾਹੀਂ ਸੁਰਤਿ ਵਾਲੇ ਨਾਮ ਰੂਪ ਆਕਾਰਾਂ ਦੀ ਕੇਂਦ੍ਰਿਤ ਸੁਆਮੀਆਂ ਰਾਹੀਂ ਡੱਬਾਬੰਦੀ ਕਰ ਦਿੱਤੀ ਹੈ, ਤੇਜ ਦੇ ਕੇਂਦ੍ਰਿਤ ਰੂਪ ਘੜ ਕੇ ਸੁਰਤਿ ਵਾਲੇ ਨਾਮ ਰੂਪ ਆਕਾਰਾਂ ਦੀ ਸੁਰਤਿ ਬਾਹਰ ਮੁਖੀ ਕਰ ਦਿੱਤੀ ਹੈ। ਸੁਰਤਿ ਵਾਲੇ ਨਾਮ ਰੂਪ ਆਕਾਰ ਆਪਣੀ ਸੁਰਤਿ ਗੁਆ ਕੇ, ਅਗਿਆਨਤਾ ਤੇ ਬੌਣ ਨੂੰ ਧਾਰ ਗਏ ਸਨ। ਇਸ ਆਕੀ ਪੈਂਤੜੇ ਰਾਹੀਂ ਸਮੇਂ ਦੇ ਇਤਿਹਾਸ ਨੂੰ ਆਪਣੇ ਹਿੱਤ ਵਿਚ ਤੋਰ ਕੇ, ਪਰਸਾਦਿ (ਦੇਗ) 'ਤੇ ਕਬਜ਼ਾ ਕਰ ਲਿਆ ਸੀ। ਦੇਗ (ਪਰਸਾਦਿ, ਆਰਥਿਕਤਾ) ਕੇਂਦਰੀਕਰਨ ਰਾਹੀਂ ਰਾਜ ਦੇ ਤੇਜ ਦੀ ਕੇਂਦ੍ਰਿਤ ਵਿਵਸਥਾ ਬਹਾਲ ਕਰ ਕੇ, ਤੇਗ ਦੀ ਈਜਾਰੇਦਾਰੀ ਸੰਭਾਲ ਲਈ ਸੀ। ਸੁਰਤਿ ਵਾਲੇ ਨਾਮ ਰੂਪ ਆਕਾਰ ਦੋਹਾਂ ਖੇਤਰਾਂ ਧਰਮ ਤੇ ਰਾਜਨੀਤੀ ਵਿਚ ਨਿਰਤੇਜ ਹੋ ਕੇ ਦੇਗ ਤੇ ਤੇਗ

ਤੋਂ ਵਿਹੂਣ ਹੋ ਗਏ। ਸੁਰਤਿ ਵਾਲੇ ਨਾਮ ਰੂਪ ਆਕਾਰ ਭੁਗਤਾ ਰੂਪ ਵਿਚ ਆਪਣੀ ਹੋਂਦ ਲਈ, ਦੇਗ਼ ਵਿੱਚੋਂ ਪਰਸਾਦਿ ਲੈਣ ਲਈ ਦੋਹਾਂ ਖੇਤਰਾਂ ਵਿਚ ਤੇਜ ਦੇ ਕੇਂਦ੍ਰਿਤ ਰੂਪਾਂ ਦੇ ਸੇਵਾਦਾਰ ਬਣ ਗਏ। ਇਸ ਸਥਾਪਤੀ ਦੇ ਆਕੀ ਪੈਂਤੜੇ ਵਿਚ ਫਸੀ ਮਨੁੱਖਤਾ ਨਿਰਤੇਜਤਾ ਦੇ ਧਰਮ ਨੂੰ ਧਾਰਨ ਕਰ ਗਈ। ਇਹ ਨਿਰਤੇਜਤਾ ਹੀ ਤਾਂ ਰਾਜ ਭਗਤੀ ਸੀ, ਸੁਰਤਿ ਵਾਲੇ ਨਾਮ ਰੂਪ ਆਕਾਰ ਜੋ ਚਾਕਰਤਾ ਨੂੰ ਧਾਰਨ ਕਰ ਗਏ ਸਨ, ਨੂੰ ਸ਼ਾਂਤੀ ਤੇ ਅਹਿੰਸਾ ਦਾ ਦਰਸ਼ਨ ਦਿੱਤਾ ਗਿਆ। ਅਹਿੰਸਾ ਮਨੁੱਖਤਾ ਦੀ ਬੌਣਤਾ ਦੀ ਖੜੋਤ ਦਾ ਇੱਕੋ ਰਾਹ ਹੈ। ਸੁਰਤਿ ਵਾਲੇ ਨਾਮ ਰੂਪ ਆਕਾਰ ਨੂੰ ਕਿਹਾ ਗਿਆ ਕਿ ਧਰਮ ਦੇ ਖੇਤਰ ਵਿਚ ਤੁਸੀਂ ਭੁਗਤਾ ਹੋ, ਰਾਜ ਦੇ ਖੇਤਰ ਵਿਚ ਪਰਜਾ ਹੋ ਤੇ ਆਰਥਿਕਤਾ ਦੇ ਖੇਤਰ ਵਿਚ ਤੁਹਾਡਾ ਸ਼ੋਸ਼ਤ ਰੂਪ ਮਜ਼ਦੂਰ ਹੈ, ਇਹੋ ਤੁਹਾਡੀ ਹੋਣੀ ਹੈ। ਕੇਵਲ ਰਾਜ ਦੇ ਖੇਤਰ ਦਾ ਕੇਂਦ੍ਰਿਤ ਰੂਪ, ਰਾਜਾ ਜਾਂ ਤਾਨਾਸ਼ਾਹ ਤੇਗ਼ ਦੀ ਈਜਾਰੇਦਾਰੀ ਰਾਹੀਂ ਹਿੰਸਾ ਦਾ ਹੱਕ ਰੱਖਦਾ ਹੈ। ਕੇਂਦ੍ਰਿਤ ਰਾਜ ਦਾ ਤੇਜ, ਤੇਗ਼ ਦੀ ਵਰਤੋਂ ਰਾਹੀਂ ਆਪਣੀ ਪ੍ਰਭੁਤਾ ਦੀ ਰਾਖੀ ਕਰ ਸਕਦਾ ਹੈ।

ਤੇਜ-ਪੂਜਕ ਬੌਣਵਾਦ ਦੇ ਆਕੀ ਪੈਂਤੜੇ ਰਾਹੀਂ ਸਥਾਪਤ ਤਖ਼ਤ ਸੁਰਤਿ ਵਾਲੇ ਨਾਮ ਰੂਪ ਅਕਾਰਾਂ ਦੇ ਇਕ ਛੋਟੇ ਹਿੱਸੇ ਸਵਰਨਜਾਤੀ ਸਮੂਹ, ਪੂੰਜੀਪਤੀ ਸਮੂਹ ਜਾਂ ਤਾਨਾਸ਼ਾਹ ਦੀ ਹੀ ਧਿਰ ਪਾਲਦਾ ਹੈ। ਇਹ ਸਥਾਪਤੀ ਪਿਛਾਂਹ ਖਿੱਚੂ ਹੈ, ਇਹ ਸਥਾਪਤੀ ਮਨੁੱਖਤਾ ਵਿਚ ਵਲਗਣਾਂ ਪਾਉਂਦੀ ਹੈ, ਇਸ ਲਈ ਇਹ ਸਥਾਪਤੀ ਵੱਖਵਾਦੀ ਤੇ ਵੰਡਵਾਦੀ ਤੇ ਤਰੇੜ-ਪਾਊ ਹੈ। ਇਹ ਸਥਾਪਤੀ ਮਨੁੱਖਤਾ ਵਿਚ ਅਗਿਆਨਤਾ ਤੇ ਬੌਣ ਵਰਤਾਉਂਦੀ ਹੈ, ਇਹ ਨਿਤਾਣੇ ਰਾਸ਼ਟਰ ਦੀ ਘਾੜੂ ਹੈ, ਇਸ ਲਈ ਇਹ ਰਾਸ਼ਟਰ ਵਿਰੋਧੀ ਹੈ। ਇਹ ਸਥਾਪਤੀ ਦੇਗ਼ ਕੇਂਦਰੀਕਰਨ ਤੇ ਤੇਗ਼ ਕੇਂਦਰੀਕਰਨ ਰਾਹੀਂ ਮਨੁੱਖਤਾ ਨੂੰ ਭੁਗਤਾ ਰੂਪ ਵਿਚ ਦੇਗ਼ ਵਿਹੀਣ ਤੇ ਤੇਗ਼ ਵਿਹੀਣ ਕਰਕੇ ਸ਼ੋਸ਼ਿਤ ਕਰਦੀ ਹੈ, ਇਸ ਲਈ ਮਾਨਵ ਵਿਰੋਧੀ ਹੈ।

ਬ੍ਰਹਿਮੰਡ ਦੇ ਧਰਮ ਨੇ ਘੁੱਟਣ ਮਹਿਸੂਸ ਕੀਤੀ, ਤੇਜ-ਪੂਜਕ ਸਥਾਪਤੀ ਵਿਚ ਲੋਕਾਂ ਦਾ ਦਮ ਘੁੱਟਣ ਲੱਗਾ, ਇਸ ਤੇਜ ਦੀ ਕੇਂਦ੍ਰਿਤ ਸਥਾਪਤੀ ਵਿਚ ਲੋਕ ਰੋਟੀ (ਪਰਸਾਦਿ) ਤੋਂ ਆਤਰ ਹੋ ਗਏ। ਸੁਰਤਿ ਵਾਲੇ ਨਾਮ ਰੂਪ ਆਕਾਰਾਂ ਦੇ ਪਰਗਾਸ ਦਾ ਆਧਾਰ ਤਾਂ ਪਰਸਾਦਿ ਸੀ, ਤੇ ਇਹ ਪਰਸਾਦਿ ਤਾਨਾਸ਼ਾਹਾਂ ਕੋਲ ਕੇਂਦ੍ਰਿਤ ਹੋ ਗਿਆ। ਵਿਸ਼ਵ ਵਿਚ ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਬਹਾਲ ਹੋ ਗਈ। ਲੋਕ ਕੌਣ ਸਨ ? ਲੋਕ ਤਾਂ ਸੁੰਨ ਸਰੂਪ ਏਕਤਾ ਦਾ ਅਨੇਕਤਾ ਵਿਚ ਪ੍ਰਗਟਾ ਹਨ, ਅਨੇਕਤਾ ਦੇ ਸਾਰੇ ਰੂਪ ਤੇਜ ਦੇ ਆਪਣੇ ਹਨ, ਤੇਜ ਤਾਂ ਅਨੇਕ ਰੂਪਾਂ ਵਿਚ ਆਪ ਪਸਰਿਆ ਹੈ, ਤੇਜ ਤਾਂ ਸਮੁੱਚਤਾ ਨੂੰ ਆਪਣੀ ਰੌਸ਼ਨੀ ਰਾਹੀਂ ਜਾਗਰੂਕ ਕਰਨਾ ਚਾਹੁੰਦਾ ਹੈ। ਤੇਜ ਦਾ ਇਤਿਹਾਸ ਸਹਿਜੇ ਤੁਰਦਾ ਹੈ। ਤੇਜ ਦੇ ਇਤਿਹਾਸ ਦੀ ਚਾਲ ਭਾਵੇਂ ਹੌਲੀ ਹੈ, ਪਰ ਇਸ ਦਾ ਵੇਗ ਆਪਣੇ ਸਾਰੇ ਰੂਪਾਂ ਨੂੰ, ਤੇਜ ਦੀ ਪਾਤਸ਼ਾਹੀ ਨੂੰ ਹੰਨੇ-ਹੰਨੇ ਵੰਡਣ ਵੱਲ ਹੈ, ਦੁਆਰ-ਦੁਆਰ ਪਰ ਨੌਬਤ ਬਾਜੇ ਵੱਲ ਹੈ। ਤੇਜ ਤਾਂ ਘਟਿ-ਘਟਿ ਨੂੰ ਰੁਸ਼ਨਾਉਣਾ ਚਾਹੁੰਦਾ ਹੈ। ਤੇਜ-ਪੂਜਕ ਸਥਾਪਤੀ ਨੇ ਇਤਿਹਾਸ ਦੇ ਵੇਗ ਨੂੰ ਆਪਣੇ ਹਿੱਤ ਵਿਚ ਤੋਰਨ ਲਈ, ਆਕੀ ਪੈਂਤੜਾ ਲੈ ਕੇ ਤੇਜ ਨੂੰ ਸੀਮਿਤ ਕਰ ਦਿੱਤਾ ਸੀ। ਜਦੋਂ ਤੇਜ ਦਾ ਇਤਿਹਾਸ ਰੁਕ ਗਿਆ, ਕੇਂਦ੍ਰਿਤ ਵਿਵਸਥਾ ਵਿਚ ਤੇਜ ਦਾ ਦਮ ਘੁੱਟਣ ਲੱਗਾ, ਤਾਂ ਤੇਜ ਦੇ ਆਪਣੇ ਹੀ ਨਿਰਤੇਜ ਰੂਪ, ਸ਼ੋਸ਼ਿਤ ਰੂਪ, ਮਜ਼ਦੂਰ ਰੂਪਾਂ ਵਿਚ ਘੁਟਣ ਮਹਿਸੂਸ ਹੋਈ, ਉਹਨਾਂ ਆਪਣੇ ਸ਼ੋਸ਼ਿਤ ਰੂਪ ਨੂੰ ਪਹਿਚਾਣ ਲਿਆ। ਇਸ ਸ਼ੋਸ਼ਿਤ ਰੂਪ ਤੋਂ ਛੁਟਕਾਰਾ ਪਾਉਣ ਲਈ, ਮਾਰਕਸ ਰਾਹੀਂ ਇਕ ਦਾਰਸ਼ਨਿਕ ਪੈਂਤੜਾ

"ਵਿਰੋਧੀ ਅੰਸ਼ਾਂ ਦੇ ਘੋਲ ਰਾਹੀਂ ਪਰਗਾਸ" ਲੱਭ ਲਿਆ। ਤੇਜ਼ ਦੇ ਕਿਰਤੀ ਰੂਪਾਂ ਨੇ, ਰਾਜ ਦੇ ਤੇਜ ਦੇ ਕੇਂਦ੍ਰਿਤ ਰੂਪ 'ਜ਼ਾਰ' ਵਿਰੁੱਧ ਲਾਮਬੱਧ ਹੋਣਾ ਆਰੰਭ ਕੀਤਾ। ਕਿਰਤੀ ਲੋਕਾਂ ਦੇ ਸੰਘਰਸ਼ ਨੇ ਆਪਣੇ ਦਾਰਸ਼ਨਿਕ ਪੈਂਤੜੇ ਰਾਹੀਂ, ਦ੍ਰਿੜ੍ਹ ਸੰਗਰਾਮ ਰਾਹੀਂ ਰਾਜ ਦੇ ਤੇਜ ਨੂੰ ਆਪ ਧਾਰ ਲਿਆ। ਤੇਜ ਦੇ ਇਤਿਹਾਸ ਦਾ ਵੇਗ ਤਾਂ ਤੁਰਿਆ, ਤੇਜ, ਜੋ ਇਕ ਪੁਰਸ਼ 'ਜ਼ਾਰ' ਕੋਲ ਕੇਂਦ੍ਰਿਤ ਸੀ, ਰਾਜ ਦੇ ਤੇਜ ਦਾ ਵਿਸਥਾਰ ਹੋਇਆ, ਰਾਜ ਦਾ ਤੇਜ ਇਕ ਪੁਰਸ਼ ਕੋਲੋਂ ਖੁਸ ਕੇ ਕ੍ਰਿਤੀ ਲੋਕਾਂ ਦੀ ਪ੍ਰੋਲਤਾਰੀ ਜਮਾਤ ਕੋਲ ਆ ਗਿਆ। ਇਕ-ਪੁਰਖੀ ਤਾਨਾਸ਼ਾਹੀ ਦੀ ਥਾਂ ਜਮਾਤੀ ਤਾਨਾਸ਼ਾਹੀ ਦੀ ਸਥਾਪਤੀ ਹੋ ਗਈ। ਤੇਜ ਦੇ ਵਿਸਥਾਰ ਦਾ ਇਹ ਇਕ ਪੜਾਅ ਹੈ। ਤੇਜ ਦਾ ਇਤਿਹਾਸ ਤੇ ਤੇਜ ਦੀ ਯਾਤਰਾ ਅਜੇ ਮੁੱਕੀ ਨਹੀਂ। ਜਮਾਤੀ ਤਾਨਾਸ਼ਾਹੀ ਨੇ ਵੀ ਤੇਜ ਨੂੰ ਕੇਂਦ੍ਰਿਤ ਕਰ ਲਿਆ ਹੈ, ਦੇਸ਼ ਤੇ ਤੇਜ਼ ਦੀ ਈਜਾਰੇਦਾਰੀ ਬਹਾਲ ਕਰ ਦਿੱਤੀ ਹੈ, ਭਾਵੇਂ ਇਹ ਸਥਾਪਤੀ, ਪਹਿਲੀ ਸਥਾਪਤੀ ਨਾਲੋਂ ਅਗਾਂਹ ਵਧੂ ਹੈ। ਪਰ ਹੈ ਇਹ ਸਥਾਪਤੀ ਵੀ ਦਾਤਾ ਤੇ ਭੁਗਤਾ ਦੀ ਦਵੈਤ 'ਤੇ ਆਧਾਰਿਤ, ਤੇਜ ਦੀ ਇਹ ਅੰਤਿਮ ਮੰਜ਼ਲ ਨਹੀਂ ਹੈ।

ਤੇਜ ਦੀ ਉਪਰੋਕਤ ਅਗਾਂਹ ਵਧੂ ਸਥਾਪਤੀ, ਪ੍ਰੋਲਤਾਰੀ ਤਾਨਾਸ਼ਾਹੀ ਸਥਾਪਤੀ ਦੇ ਉੱਠਣ ਤੋਂ ਸਦੀਆਂ ਪਹਿਲਾਂ, ਭਾਰਤ ਦੇ ਇਕ ਹਿੱਸੇ ਵਿਚ ਤੇਜ ਦਾ ਇਕ ਰੂਪ ਨਾਨਕ, ਤੇਜ-ਪੂਜਕ ਬੌਣਵਾਦ ਰਾਹੀਂ ਲੋਕਾਂ ਦੀ ਨਿਰਤੇਜਤਾ ਵੇਖ ਕੇ, ਖੰਡਤ ਸਮਾਜ ਨੂੰ ਵੇਖ ਕੇ, ਲੋਕਾਂ ਨੂੰ ਬੌਣ ਵਿੱਚੋਂ ਕੱਢਣ ਲਈ ਤੇ ਤੇਜ ਦੇ ਇਤਿਹਾਸ ਦੇ ਵੇਗ ਨੂੰ ਹੋਰ ਅੱਗੇ ਤੋਰਨ ਲਈ, ਆਪਣੇ ਨਾਲ ਇਕ ਸੁਰ ਹੋਇਆ, ਆਪਣੇ ਅੰਦਰਲੇ ਬ੍ਰਹਿਮੰਡ ਨੂੰ ਲੱਭਿਆ, ਤੇ ਸਮੁੱਚੇ ਬ੍ਰਹਿਮੰਡ ਦੇ ਧਰਮ ਨੂੰ ਜਾਣਿਆ ਤੇ ਤੇਜ-ਪੂਜਕ ਆਕੀ ਪੈਂਤੜੇ ਵਿਚ ਫਸੇ ਇਤਿਹਾਸ ਨੂੰ ਅੱਗੇ ਤੋਰਨ ਲਈ, ਰਾਹ ਦੱਸਿਆ। ਤੇਜ ਤਾਂ ਇਤਿਹਾਸ ਵਿਚ ਆਪ ਪ੍ਰਵੇਸ਼ ਹੋਣਾ ਚਾਹੁੰਦਾ ਹੈ। ਇਤਿਹਾਸ ਤੇਜ ਦੇ ਵਿਅਕਤ ਰੂਪ ਦਾ ਹੀ ਪੰਧ ਹੈ। ਬਾਬੇ ਨਾਨਕ ਨੇ, ਤੇਜ-ਪੂਜਕ ਬੌਣਵਾਦ ਜੋ ਆਕੀ ਪੈਂਤੜੇ ਰਾਹੀਂ ਤੇਜ ਨੂੰ ਕੇਂਦ੍ਰਿਤ ਕਰਕੇ ਲੋਕਾਂ ਨੂੰ ਤੇਜ ਵਿਹੀਣ ਕਰਨਾ ਚਾਹੁੰਦਾ ਸੀ, ਲੋਕਾਂ ਨੂੰ ਕਿਹਾ ਤੇਜ ਦਾ ਰੂਪ ਸਤਿਗੁਰੁ ਜੰਮਦਾ ਤੇ ਮਰਦਾ ਨਹੀਂ, ਇਹ ਸਤਿਗੁਰੁ ਗਿਆਨ ਦੀ ਜੋਤ ਸਭ ਵਿਚ ਸਮਾਈ ਹੋਈ ਹੈ। ਤੇਜ ਨੂੰ ਸੀਮਿਤ ਕਰਕੇ ਪੂਜਾ ਕਰਨਾ ਅਗਿਆਨਤਾ ਹੈ, ਬੌਣਤਾ ਹੈ। ਲੋਕੋ ! ਤੇਜ ਸਮੁੱਚਤਾ ਵਿਚ ਭਰਪੂਰ ਹੈ, ਉਹ ਘਟਿ-ਘਟਿ ਨੂੰ ਧਾਰ ਰਿਹਾ ਹੈ, ਸਮੁੱਚੇ ਵਿਅਕਤ ਰੂਪ ਉਸ ਦੇ ਹੀ ਰੂਪ ਹਨ। ਤੇਜ ਦੀ ਅਗਿਆਨੀ ਪੂਜਾ ਦੀ ਥਾਂ ਤੇਜ ਨੂੰ ਧਾਰਨ ਕਰੋ। ਦਸਮ ਪਾਤਸ਼ਾਹ ਜੀ ਨੇ ਬਾਬੇ ਨਾਨਕ ਦੀ ਧਾਰਾ ਰਾਹੀਂ ਖ਼ਾਲਸਾ ਸਮਾਜ ਦਾ ਗਠਨ ਕੀਤਾ, ਖ਼ਾਲਸਾ ਜੀ ਤੇਜ ਦੇ ਹਾਣੀ ਹਨ, ਸਬਦੁ ਦੀ ਪ੍ਰੀਤ ਰਾਹੀਂ ਉਹਨਾਂ ਪੀਰ ਦੀ ਪੀਰੀ ਖਿੱਚ ਲਈ ਹੈ। ਉਹ ਹੁਣ ਆਪ ਪੂਰੇ ਸਤਿਗੁਰ ਹਨ, ਆਪ ਅਕਾਲ ਪੁਰਖ ਜੀ ਕੀ ਪਰਗਟ ਦੇਹ ਹਨ। ਤੇਜ-ਧਾਰਕ ਗੁਰੂ ਖ਼ਾਲਸਾ ਪੰਥ ਤੇਜ ਦੇ ਹਾਣੀ ਹੈ। ਉਹ ਤੇਜ ਨੂੰ ਸਮੁੱਚਤਾ ਵਿਚ ਭਰਪੂਰ ਮੰਨਦੇ ਹਨ, ਕੇਂਦ੍ਰਿਤ ਤੇਜ ਦਾ ਇਤਿਹਾਸਕ ਵੇਗ ਅੱਗੇ ਨੂੰ ਤੁਰਦਾ ਹੈ, ਤੇਜ ਸਮੁੱਚਤਾ ਵੱਲ ਵੱਧਦਾ ਹੈ, ਸਮੁੱਚਤਾ ਵੱਲੋਂ ਤੇਜ ਨੂੰ ਆਪ ਧਾਰਨ ਦਾ ਘੋਰ ਸੰਘਰਸ਼ ਤੇਜ ਦੀਆਂ ਆਕੀ ਤਾਕਤਾਂ ਨਾਲ ਆਰੰਭ ਹੁੰਦਾ ਹੈ। ਖ਼ਾਲਸਾ ਜੀ ਰਾਹੀਂ ਆਰੰਭ ਹੋਇਆ ਤੇਜ ਦਾ ਇਤਿਹਾਸਕ ਸੰਘਰਸ਼, ਜਿਸ ਨੇ ਰਾਜ ਦੇ ਤੇਜ਼ ਨੂੰ ਹੰਨੇ-ਹੰਨੇ ਵੰਡਣਾ ਸੀ, ਤੇਜ-ਪੂਜਕ ਸਥਾਪਤੀ ਵੱਲੋਂ ਸਿਧਾਂਤਕ ਟਪਲਾ ਖਾ ਕੇ ਰਾਜ ਦਾ ਤੇਜ ਰਣਜੀਤ ਸਿੰਘ ਰਾਹੀਂ ਫਿਰ ਕੇਂਦ੍ਰਿਤ ਹੋ ਗਿਆ। ਤੇਜ ਦੀ ਯਾਤਰਾ ਸੀਮਿਤ

ਹੋ ਗਈ, ਤੇਜ ਦੇ ਇਤਿਹਾਸਕ ਵੇਗ ਦੀ ਧਰੋਹਰ ਅਕਾਲ ਤਖ਼ਤ ਪੂਜਾ ਸਥਾਨ ਦਾ ਰੂਪ ਧਾਰ ਗਿਆ। ਤੇਜ-ਧਾਰਕ ਗੁਰੂ ਖ਼ਾਲਸਾ ਪੰਥ ਸਿਧਾਂਤਕ ਟਪਲੇ ਰਾਹੀਂ ਮੁੜ ਧਰਮ ਤੇ ਰਾਜਨੀਤੀ ਦੇ ਤੇਜ ਨੂੰ ਗੁਆ ਕੇ, ਦੋਹਾਂ ਖੇਤਰਾਂ ਵਿਚ ਭੁਗਤਾ ਤੇ ਪਰਜਾ ਦਾ ਰੂਪ ਧਾਰ ਗਏ।

ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਮਨੁੱਖਤਾ ਦੀ ਦੋਹਰੀ ਪ੍ਰਭੁਤਾ ਦੇ ਸੰਸਥਾਗਤ ਕੇਂਦ੍ਰਿਤ ਹਨ। ਹਰਿਮੰਦਰ ਸਾਹਿਬ ਰਾਹੀਂ ਮਨੁੱਖਤਾ, ਪੀਰਾਂ ਦੇ ਹਾਣੀ ਹੋਣ ਦੇ ਰਾਹ, ਸਬਦ ਦੀ ਪ੍ਰੀਤ ਰਾਹੀਂ ਇਕ ਸੁਰ ਹੋਣ ਦੇ ਰਾਹ, ਪੀਰ ਦੀ ਪੀਰੀ ਨੂੰ ਆਪ ਧਾਰਨ ਦੇ ਰਾਹ, ਜਾਗਰੂਕਤਾ ਦੇ ਰਾਹ ਤੁਰਦੀ ਹੈ। ਪੀਰੀ ਦੇ ਖੇਤਰ ਵਿਚ ਤੇਜ ਹੰਨੇ-ਹੰਨੇ, ਘਟਿ-ਘਟਿ ਰਾਹੀਂ ਵਿਅਕਤ ਹੁੰਦਾ ਹੈ। ਸਮੁੱਚਤਾ ਤੇਜ ਨੂੰ ਧਾਰਦੀ ਹੈ, ਤੇਜ-ਧਾਰਕ ਗੁਰੂ ਖ਼ਾਲਸਾ ਪੰਥ, ਸਤਿਗੁਰੂ ਦੇ ਤੇਜ ਦਾ ਧਾਰਕ ਮਾਨਵ ਸਮੂਹ, ਇਸ ਜਾਗਰੂਕਤਾ ਰਾਹੀਂ ਅਕਾਲ ਤਖ਼ਤ ਤੋਂ ਰਾਜ ਦੇ ਤੇਜ ਨੂੰ ਹੰਨੇ-ਹੰਨੇ ਵੰਡਣ ਵਾਲੇ ਇਤਿਹਾਸਕ ਰਾਹ 'ਤੇ ਤੁਰਦਾ ਹੈ। ਅਕਾਲ ਤਖ਼ਤ ਹਰਿਮੰਦਰ ਸਾਹਿਬ ਦੇ ਸਿਧਾਂਤ ਦਾ ਰਾਜਨੀਤੀ ਵਿਚ ਪ੍ਰਗਟਾ ਹੈ। ਆਪੇ ਗੁਰ ਆਪੇ ਚੇਲਾ ਦੀ ਪੀਰੀ ਦਾ ਮੀਰੀ ਵਿਚ ਪ੍ਰਗਟਾ ਆਪੇ ਰਾਜਾ ਆਪੇ ਪਰਜਾ ਦੀ ਸਥਾਪਤੀ ਵਿਚ ਹੈ।

ਅਕਾਲੀ ਦਲ ਨੇ ਅਨੰਦਪੁਰ ਸਾਹਿਬ ਦੇ ਮਤੇ ਰਾਹੀਂ ਜਾਗਰੂਕਤਾ ਵੱਲ ਝੀਤ ਜਿੰਨੀ ਅੱਖ ਖੋਲ੍ਹੀ ਹੈ। ਲੰਮਾ ਸ਼ਾਂਤਮਈ ਸੰਘਰਸ਼ ਲੜਿਆ ਹੈ, ਰਾਜ ਦਾ ਤੇਜ ਜੋ ਦਿੱਲੀ ਵਿਚ ਕੇਂਦ੍ਰਿਤ ਹੋ ਰਿਹਾ ਹੈ, ਇਸ ਕੇਂਦ੍ਰਿਤ ਤੇਜ ਨੂੰ ਅਜੇ ਸੂਬਿਆਂ ਤੱਕ ਵੰਡਣ ਤੱਕ ਹੀ ਪੜਾਅ ਮਿਥਿਆ ਹੈ। ਇਹ ਵੀ ਅਗਾਂਹਵਧੂ ਪੜਾਅ ਹੈ। ਸਰਵਨਜਾਤੀ ਲੀਡਰਸ਼ਿਪ ਜੋ ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਬਹਾਲ ਕਰੀ ਬੈਠੀ ਹੈ, ਕਿਵੇਂ ਰਾਜ ਦੇ ਤੇਜ ਨੂੰ ਵੰਡਣ ਲਈ ਤਿਆਰ ਹੋ ਸਕਦੀ ਸੀ। ਦੇਗ਼ ਕੇਂਦਰੀਰਕਨ ਤੇ ਤੇਗ਼ ਕੇਂਦਰੀਕਰਨ ਦੀ ਵਿਵਸਥਾ ਵਾਲੇ ਕੇਂਦ੍ਰਿਤ ਰਾਜ ਨੇ ਮਨੁੱਖਤਾ ਦੀ ਤੇਜਤਾ ਦੇ ਇਸ ਅਗਾਂਹ ਵਧੂ ਰਾਹ ਨੂੰ ਆਪਣੇ ਪਰਸਾਰ ਮੀਡੀਆ ਰਾਹੀਂ, ਇਸ ਨੂੰ ਰਾਸ਼ਟਰ ਵਿਰੋਧੀ, ਪਿਛਾਂਹ ਖਿੱਚੂ, ਵੱਖਵਾਦੀ ਪਰਚਾਰਨਾ ਆਰੰਭ ਦਿੱਤਾ। ਮਨੁੱਖਤਾ 'ਤੇ ਬੇਅੰਤ ਜੁਲਮ ਢਾਹੇ, ਝੂਠੇ ਪੁਲਿਸ ਮੁਕਾਬਲਿਆਂ ਰਾਹੀਂ, ਤੇਜ ਦੇ ਇਤਿਹਾਸਕ ਵੇਗ ਨੂੰ ਰੋਕਣ ਦਾ ਆਕੀ ਪੈਂਤੜਾ ਲੈ ਲਿਆ। ਮਨੁੱਖਤਾ ਦੀ ਤੇਜਤਾ ਦੇ ਰਾਹ ਨੂੰ ਬਦਨਾਮ ਕਰਨ ਲਈ ਆਪਣੀਆਂ ਗੁਪਤ ਏਜੰਸੀਆਂ ਰਾਹੀਂ ਬੱਸਾਂ ਵਿਚ ਮਨੁੱਖਤਾ ਦੇ ਨਿਰਤੇਜ ਰੂਪ ਹਿੰਦੂਆਂ ਨੂੰ ਗੋਲੀਆਂ ਮਾਰਨੀਆਂ ਆਰੰਭ ਦਿੱਤੀਆਂ। ਲੋਕਾਂ ਨੂੰ ਵੰਡਣਾ, ਸਮੁੱਚਤਾ ਨੂੰ ਇਕ ਨਾ ਹੋਣ ਦੇਣਾ, ਮਨੁੱਖਤਾ ਦੀ ਤੇਜਤਾ ਦੇ ਰਾਹ ਨੂੰ ਰੋਕਣ ਦੇ ਕੇਂਦ੍ਰਿਤ ਤੇਜ ਵਾਲੇ ਰਾਜ ਦੇ ਉਪਰੋਕਤ ਦਾਅ-ਪੇਚ ਸਨ। ਬ੍ਰਹਿਮੰਡ ਦੇ ਧਰਮ ਦਾ ਦਮ ਘੁੱਟਣ ਲੱਗਾ। ਤੇਜ ਨਹੀਂ ਚਾਹੁੰਦਾ ਕਿ ਸੁਰਤਿ ਵਾਲੇ ਨਾਮ ਰੂਪ ਆਕਾਰ ਵੰਡੇ ਰਹਿਣ, ਦੇਗ਼ ਕੇਂਦਰੀਕਰਨ ਰਾਹੀਂ ਭੁਗਤਾ ਰੂਪ ਦੀ ਸਥਾਪਤੀ ਵਿਚ ਸੁਰਤਿ ਵਾਲੇ ਨਾਮ ਰੂਪ ਆਕਾਰ ਸ਼ੋਸ਼ਿਤ ਹੁੰਦੇ ਰਹਿਣ ਤੇ ਤੇਗ਼ ਕੇਂਦਰੀਕਰਨ ਰਾਹੀਂ ਮਨੁੱਖਤਾ ਦੀ ਤੇਜਤਾ ਦੇ ਰਾਹ ਤੁਰੇ ਤੇਜ ਦੇ ਵਿਅਕਤ ਰੂਪ ਪੁਲਿਸ ਮੁਕਾਬਲਿਆਂ ਰਾਹੀਂ ਇਸ ਧਰਤ ਤੋਂ ਅਲੋਪ ਹੁੰਦੇ ਰਹਿਣ। ਕੇਂਦ੍ਰਿਤ ਰਾਜ ਦੇ ਆਕੀ ਪੈਂਤੜੇ ਵਿਰੁੱਧ ਡੱਟਣ ਲਈ, ਦਮਦਮੀ ਟਕਸਾਲ ਦੇ ਮੁਖੀ ਸਰਦਾਰ ਜਰਨੈਲ ਸਿੰਘ ਖ਼ਾਲਸਾ, ਆਪਣੇ ਸਾਥੀਆਂ ਸਮੇਤ, ਤੇ ਭੁਯੰਗੀ ਖ਼ਾਲਸੇ ਦਾ ਰੂਪ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੂੰ ਜੋੜ ਕੇ ਮਨੁੱਖਤਾ ਨੂੰ ਰਾਜ ਦੇ ਤੇਜ ਨੂੰ ਆਪ ਧਾਰਨ ਵੱਲ ਪ੍ਰੇਰਨ ਵਾਲੇ ਸੰਸਥਾਗਤ ਕੇਂਦਰ ਅਕਾਲ ਤਖ਼ਤ 'ਤੇ ਸੰਗਠਿਤ ਹੋ ਗਏ। ਤੇਜ ਦੇ ਇਤਿਹਾਸਕ ਵੇਗ ਨੂੰ ਕੌਣ ਰੋਕ ਸਕਦਾ ਹੈ ? ਤੇਜ ਨੇ ਲੋਕਾਂ ਵਿਚ ਆਉਣਾ ਹੈ, ਤੇਜ ਸਮਰੱਥ ਹੈ, ਤੇਜ

ਆਪਣਾ ਰਾਹ ਆਪ ਪਛਾਣ ਜਾਂਦਾ ਹੈ, ਤੇਜ ਆਪਣੀ ਈਜਾਰੇਦਾਰੀ ਵਿਵਸਥਾ ਵਿਰੁੱਧ ਆਪ ਡੱਟਦਾ ਹੈ। ਤੇਜ ਨੇ ਜਾਗਰੂਕਤਾ ਦਿੱਤੀ ਕਿ ਬ੍ਰਹਿਮੰਡ ਦੇ ਧਰਮ ਵਿਚ ਸੁਰਤਿ ਵਾਲੇ ਨਾਮ ਰੂਪ ਆਕਾਰਾਂ ਨੇ ਤੇਜ ਨੂੰ ਆਪ ਧਾਰਨਾ ਹੈ। ਦੇਗ਼ ਤੇ ਤੇਗ਼ ਕਿਸੇ ਦੀ ਈਜਾਰੇਦਾਰੀ ਨਹੀਂ, ਸੁਰਤਿ ਵਾਲੇ ਨਾਮ ਰੂਪ ਆਕਾਰਾਂ ਨੇ ਦੇਗ਼ ਤੇ ਤੇਗ਼ ਆਪ ਫ਼ਤਹਿ ਕਰਨੀਆਂ ਹਨ। ਸਰਬੱਤ ਨੇ ਤੇਜ ਧਾਰ ਕੇ ਈਜਾਰੇਦਾਰੀ ਵਿਹੀਨ ਸਰਬੱਤ ਦਾ ਰੂਪ, ਤੇਜ-ਧਾਰਕ ਗੁਰੂ ਖ਼ਾਲਸਾ ਪੰਥ ਵਿਚ ਜੁੜਨਾ ਹੈ। ਮਨੁੱਖਤਾ ਦੀ ਤੇਜਤਾ ਦਾ ਸੰਗਰਾਮ ਅਕਾਲ ਤਖ਼ਤ 'ਤੇ ਕੇਂਦ੍ਰਿਤ ਹੋ ਗਿਆ। ਦਮਦਮੀ ਟਕਸਾਲ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਪੰਚਮ ਪਾਤਸ਼ਾਹ ਦਾ ਅੰਤਿਮ ਸੁਨੇਹਾ ਜੋ ਸ਼ਹਾਦਤ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਭੇਜਿਆ ਸੀ, ਫਿਰ ਵਿਚਾਰਿਆ ਕਿ ਸਬਦੁ ਨਾਲ ਪ੍ਰੀਤ ਕਰਕੇ ਪੀਰ ਦੀ ਪੀਰੀ ਖਿੱਚ ਲੈਣੀ ਹੈ ਤੇ ਸ਼ਸਤਰ ਨਾਲ ਪ੍ਰੀਤ ਕਰਕੇ ਮੀਰ ਦੀ ਮੀਰੀ ਖੋਹ ਲੈਣੀ ਹੈ, ਇਸ ਸੁਨੇਹੇ ਨੂੰ ਅਮਲੀ ਰੂਪ ਦਿੱਤਾ, ਤੇਗ਼ ਦੀ ਈਜਾਰੇਦਾਰੀ ਵਿਵਸਥਾ ਦੀ ਪ੍ਰਵਾਹ ਨਾ ਕਰਦੇ ਹੋਏ ਹਥਿਆਰਬੰਦ ਸੰਘਰਸ਼ ਦਾ ਰਾਹ ਚੁਣ ਲਿਆ। ਅਕਾਲ ਤਖ਼ਤ ਫਿਰ ਆਪਣੇ ਇਤਿਹਾਸਕ ਜਲੌ ਵਿਚ ਆ ਗਿਆ। ਅਕਾਲ ਤਖ਼ਤ ਫਿਰ ਰਾਜਨੀਤਕ ਸਰਗਰਮੀਆਂ ਦਾ ਕੇਂਦਰ ਬਣ ਗਿਆ ਤੇ ਮਨੁੱਖਤਾ ਦੀ ਤੇਜਤਾ ਦੇ ਧਰੋਹਰ ਵਜੋਂ ਫਿਰ ਉਭਰਨ ਲੱਗਾ।

ਸਵਰਨਜਾਤੀ ਬੁਰਜੂਆਂ ਲੀਡਰਸ਼ਿਪ ਜੋ ਦੇਗ਼ ਤੇ ਤੇਗ਼ ਦੀ ਈਜਾਰੇਦਾਰੀ ਬਹਾਲ ਕਰੀ ਬੈਠੀ ਹੈ, ਜੋ ਰਾਜ ਦੇ ਤੇਜ ਨੂੰ ਕੇਂਦ੍ਰਿਤ ਕਰੀ ਬੈਠੀ ਹੈ, ਉਹ ਕਿਵੇਂ ਸਹਾਰ ਸਕਦੀ ਸੀ ਕਿ ਲੋਕ ਦੇਗ਼ ਤੇਗ਼ ਫ਼ਤਹਿ ਕਰਨ ਵਾਲੇ ਤੇਜਤਾ ਦੇ ਰਾਹ ਤੁਰ ਪੈਣ? ਕੇਂਦ੍ਰਿਤ ਰਾਜ ਦਾ ਤੇਜ ਬੁਖਲਾ ਗਿਆ ਤੇ ਇਸ ਬੁਖਲਾਹਟ ਵਿਚ 'ਸਾਕਾ ਨੀਲਾ ਤਾਰਾ' ਐਕਸ਼ਨ ਕਰ ਦਿੱਤਾ। ਦੋ ਲੱਖ ਤੋਂ ਵੱਧ ਸੈਨਾ, ਪੰਜਾਬ ਵਿਚ ਮਨੁੱਖਤਾ ਦੀ ਤੇਜਤਾ ਦੇ ਰਾਹ ਨੂੰ ਰੋਕਣ ਲਈ ਘੱਲ ਦਿੱਤੀ। ਸਮੁੱਚਾ ਪੰਜਾਬ ਕਰਫ਼ਿਊ ਦੀ ਗ੍ਰਿਫ਼ਤ ਵਿਚ ਲੈ ਕੇ 3 ਜੂਨ, 1984 ਨੂੰ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ 'ਤੇ ਭਰਪੂਰ ਸੈਨਿਕ ਆਕ੍ਰਮਣ ਕਰ ਦਿੱਤਾ। ਅਕਾਲ ਤਖ਼ਤ ਦੇ ਸੱਚ ਦੇ ਪਹਿਰੇਦਾਰ, ਮਨੁੱਖਤਾ ਦੀ ਤੇਜਤਾ ਦੇ ਰਾਹਾਂ ਦੇ ਚਾਨਣ, ਰਾਜ ਦੇ ਤੇਜ ਨੂੰ ਹੰਨੇ-ਹੰਨੇ ਵੰਡਣ ਵਾਲੇ ਸੂਰਬੀਰ, ਜੋ ਰਾਜ ਦੇ ਤੇਜ ਦੀ ਕੇਂਦ੍ਰਿਤ ਵਿਵਸਥਾ ਨੂੰ ਤੋੜ ਕੇ, ਰਾਜ ਦੇ ਤੇਜ ਦੀ ਅਕੇਂਦ੍ਰਿਤ ਵਿਵਸਥਾ ਨੂੰ ਬਹਾਲ ਕਰਨਾ ਚਾਹੁੰਦੇ ਸਨ, ਜੋ ਮਨੁੱਖਤਾ ਨੂੰ ਤੇਜ ਰਾਹੀਂ ਰੁਸ਼ਨਾਉਣਾ ਚਾਹੁੰਦੇ ਸਨ, ਜਿਨ੍ਹਾਂ ਪੰਚਮ ਪਾਤਸ਼ਾਹ ਦੇ ਸੁਨੇਹੇ ਨੂੰ ਅਮਲੀ ਜਾਮਾ ਪਹਿਨਾਉਣਾ ਸੀ, ਉਹ ਥੋੜੇ ਜਿਹੀ ਗਿਣਤੀ ਵਿਚ ਲਗਭਗ 250 ਤੇਜ-ਧਾਰਕ ਖ਼ਾਲਸਾ ਜੀ, ਸਵਰਨਜਾਤ ਬੁਰਜੂਆ ਲੀਡਰਸ਼ਿਪ ਵੱਲੋਂ ਤਿਆਰ ਕੀਤਾ 'ਸਾਕਾ ਨੀਲਾ ਤਾਰਾ' ਦਾ ਇਕ ਸੁਰ ਹੋ ਕੇ 6 ਜੂਨ, 1984 ਤਕ ਮੁਕਾਬਲਾ ਕਰਦੇ ਰਹੇ, ਤੇ ਬਹੁਤ ਸਾਰੇ ਸ਼ਹਾਦਤ ਪਾ ਗਏ। 6 ਜੂਨ, 1984 ਨੂੰ ਭਾਰਤੀ ਸੈਨਾ ਟੈਂਕਾਂ, ਤੋਪਾਂ ਤੇ ਮਾਰਟਰ ਹਥਿਆਰਾਂ ਨਾਲ ਲੈਸ ਅਕਾਲ ਤਖ਼ਤ ਨੂੰ ਢਾਹ ਕੇ, ਅਕਾਲ ਤਖ਼ਤ ਦੇ ਸੱਚ ਲਈ ਜੂਝ ਰਹੇ ਸੂਰਬੀਰਾਂ ਨੂੰ ਮੁਕਾ ਕੇ, ਕਾਬਜ਼ ਹੋ ਗਈ। ਮੀਡੀਆ ਪ੍ਰਚਾਰ ਕਰ ਰਿਹਾ ਸੀ ਕਿ ਭਾਰਤੀ ਸੈਨਾ ਨੇ ਅਕਾਲ ਤਖ਼ਤ ਦੀ ਪਵਿੱਤਰਤਾ ਬਹਾਲ ਕਰ ਦਿੱਤੀ ਹੈ, ਵੱਖਵਾਦੀ ਤੇ ਅਤਿਵਾਦੀ ਮਾਰ ਮੁਕਾਏ ਹਨ। ਕੇਂਦ੍ਰਿਤ ਰਾਜ ਡਰ ਵੀ ਰਿਹਾ ਸੀ ਕਿ ਲੋਕ ਆਪਣੇ ਤੇਜਤਾ ਦੀ ਧਰੋਹਰ ਅਕਾਲ ਤਖ਼ਤ ਨੂੰ ਢੱਠਾ ਵੇਖ ਕੇ, ਫਿਰ ਤੇਜਤਾ ਦੇ ਰਾਹ ਨੂੰ ਪਛਾਣ ਨਾ ਲੈਣ। ਲੋਕ ਉਭਾਰ ਤੇ ਲੋਕ ਜਾਗਰੂਕਤਾ ਨੂੰ ਰੋਕਣ ਲਈ, ਅਕਾਲ ਤਖ਼ਤ ਨੂੰ ਫਿਰ ਕਾਹਲੀ

ਕਾਹਲੀ ਠੇਕੇਦਾਰਾਂ ਰਾਹੀਂ ਉਸਾਰ ਦਿੱਤਾ। ਬ੍ਰਹਿਮੰਡ ਦੇ ਧਰਮ ਦਾ ਫਿਰ ਦਮ ਘੁੱਟ ਰਿਹਾ ਹੈ, ਤੇਜ ਸਮੁੱਚਤਾ ਵਿਚ ਜਾਣ ਲਈ ਫਿਰ ਉਤਾਵਲਾ ਹੈ, ਤੇਜ ਦੇ ਇਤਿਹਾਸਕ ਵੇਗ ਨੂੰ ਕੌਣ ਰੋਕ ਸਕਦਾ ਹੈ ? ਤੇਜ-ਪੂਜਕ ਸਥਾਪਤੀ ਕੋਲ ਪਰਸਾਰ ਮੀਡੀਆ ਹੈ, ਉਹ ਇਸ ਰਾਹੀਂ ਇੱਕੋ ਰਾਹ ਦੇ ਪਾਂਧੀਆਂ ਵਿਚ ਤਰੇੜਾਂ ਪਾ ਰਹੀ ਹੈ। ਤੇਜਤਾ ਦੇ ਪਾਂਧੀਓ, ਤੇਜ-ਪੂਜਕ ਸਥਾਪਤੀ ਦੇ ਇਸ ਪੈਂਤੜੇ ਤੋਂ ਬਚੋ। ਤੁਸੀਂ ਆਪਣੇ ਹੀ ਰਾਹ 'ਤੇ ਸਹਿਜੇ ਤੁਰੇ ਜਾਂਦੇ ਪਾਂਧੀਆਂ ਨੂੰ ਮਾਰ ਮੁਕਾਉਣਾ ਆਰੰਭ ਦਿੱਤਾ ਹੈ। ਦੇਗ਼ ਕੇਂਦਰੀਕਰਨ ਤੇ ਤੇਗ਼ ਕੇਂਦਰੀਕਰਨ ਵਿਵਸਥਾ ਵਾਲੇ ਕੇਂਦ੍ਰਿਤ ਰਾਜ ਦੇ ਤੇਜ ਨੂੰ 'ਸਾਕਾ ਨੀਲਾ ਤਾਰਾ' ਕਰਨ ਲਈ ਇੱਕੋ ਰਾਹ 'ਤੇ ਤੁਰੇ ਪਾਂਧੀਆਂ ਵਿੱਚੋਂ ਕਿਸੇ ਨੇ ਤਿਆਰ ਨਹੀਂ ਕੀਤਾ। ਅਕਾਲ ਤਖ਼ਤ ਮਨੁੱਖਤਾ ਦੀ ਤੇਜਤਾ ਦੀ ਧਰੋਹਰ ਹੈ। ਜਦੋਂ ਵੀ ਮਨੁੱਖਤਾ ਆਪਣੀ ਤੇਜਤਾ ਦੇ ਰਾਹ ਤੁਰਦੀ ਹੈ ਤੇ ਅਕਾਲ ਤਖ਼ਤ ਆਪਣੇ ਇਤਿਹਾਸਕ ਜਲੌਅ ਵਿਚ ਆਉਂਦਾ ਹੈ ਤਾਂ ਕੇਂਦ੍ਰਿਤ ਤੇਜ ਦੇ ਰੂਪ ਤਾਨਾਸ਼ਾਹ ਅਕਾਲ ਤਖ਼ਤ ਦੇ ਸੱਚ ਨੂੰ ਢਾਹੁਣ ਆਉਂਦੇ ਹਨ। ਅਕਾਲ ਤਖ਼ਤ ਤਾਨਾਸ਼ਾਹਾਂ ਦੇ ਤੇਜ ਨੂੰ ਲੋਕਾਂ ਵਿਚ ਵੰਡਣਾ ਚਾਹੁੰਦਾ ਹੈ, ਤੇ ਕੇਂਦ੍ਰਿਤ ਰਾਜ ਦੀ ਵਿਵਸਥਾ ਨੂੰ ਇਹ ਗੱਲ ਭਾਉਂਦੀ ਨਹੀਂ। ਦਸੰਬਰ 1764 ਵਿਚ ਅਹਿਮਦ ਸ਼ਾਹ ਅਬਦਾਲੀ ਨੂੰ ਅਕਾਲ ਤਖ਼ਤ 'ਤੇ ਹਮਲਾ ਕਰਨ ਲਈ ਕਿਨ ਪਰੇਰਿਆ ਸੀ ? ਇਹ ਅਬਦਾਲੀ ਦਾ ਸੱਤਵਾਂ ਹਮਲਾ ਸੀ। ਜਥੇਦਾਰ ਗੁਰਬਖ਼ਸ਼ ਸਿੰਘ ਆਪਣੇ 30 ਸਾਥੀਆਂ ਸਮੇਤ ਅਕਾਲ ਤਖ਼ਤ ਦੇ ਸੱਚ ਲਈ ਜੂਝਦਾ ਹੋਇਆ ਸ਼ਹੀਦ ਹੋ ਗਿਆ। ਅਬਦਾਲੀ ਸਿੰਘਾਂ ਨੂੰ ਸ਼ਹੀਦ ਕਰਕੇ, ਦਰਬਾਰ ਸਾਹਿਬ ਦਾ ਆਲਾ- ਦੁਆਲਾ ਤੋਪਾਂ ਨਾਲ ਢਾਹ ਕੇ ਚਲਾ ਗਿਆ। ਹਜ਼ਾਰਾਂ ਸਿੰਘ ਜੋ ਤੇਜਤਾ ਦੇ ਰਾਹ 'ਤੇ ਤੁਰੇ ਹੋਏ ਸਨ, ਜੰਗਲਾਂ ਵਿਚ ਆਪਣੀ ਤਿਆਰੀ ਕਰ ਰਹੇ ਸਨ। ਕੀ ਇਹਨਾਂ ਵਿੱਚੋਂ ਕਿਸੇ ਨੇ ਅਬਦਾਲੀ ਨੂੰ ਪ੍ਰੇਰਿਆ ਸੀ ਕਿ ਉਹ ਅਕਾਲ ਤਖ਼ਤ 'ਤੇ ਹਮਲਾ ਕਰੇ ? ਖ਼ਾਲਸਾ ਜੀ ਸਮਝੋ, ਅਕਾਲ ਤਖ਼ਤ ਜਦੋਂ ਵੀ ਮਨੁੱਖਤਾ ਦੀ ਤੇਜਤਾ ਦੇ ਰਾਹ ਲਈ ਆਪਣੇ ਜਲੌ ਵਿਚ ਆਉਂਦਾ ਹੈ, ਕੇਂਦ੍ਰਿਤ ਰਾਜ ਦਾ ਤੇਜ ਅਵੱਸ਼ ਇਸ 'ਤੇ ਆਕ੍ਰਮਣ ਕਰਦਾ ਹੈ। ਸਮੁੱਚੀ ਅਠਾਰਵੀਂ ਸਦੀ ਅਕਾਲ ਤਖ਼ਤ ਆਪਣੇ ਇਤਿਹਾਸਕ ਜਲੌ ਲਈ ਤੇਜ-ਧਾਰਕ ਖ਼ਾਲਸਾ ਜੀ ਰਾਹੀਂ ਸੰਘਰਸ਼ ਵਿਚ ਰਿਹਾ ਹੈ। ਅਬਦਾਲੀ ਤੇ ਇੰਦਰਾ ਕੇਂਦ੍ਰਿਤ ਰਾਜ ਦੇ ਵੱਖ-ਵੱਖ ਰੂਪ ਮਨੁੱਖਤਾ ਦੀ ਨਿਰਤੇਜਤਾ ਲਈ ਇਤਿਹਾਸ ਵਿਚ ਵਿਚਰੇ ਹਨ।

ਵੀਹਵੀਂ ਸਦੀ ਦੇ ਇਹਨਾਂ ਅੰਤਲੇ ਦਹਾਕਿਆਂ ਵਿਚ 1805 ਤੋਂ ਪਿੱਛੋਂ ਅਕਾਲ ਤਖ਼ਤ ਪਹਿਲੀ ਵਾਰ ਮਨੁੱਖਤਾ ਦੀ ਤੇਜਤਾ ਦੇ ਧਰੋਹਰ ਵਜੋਂ ਉਭਰ ਰਿਹਾ ਹੈ। ਇਹ ਸਮਾਂ ਤੇਜ-ਧਾਰਕ ਖ਼ਾਲਸਾ ਜੀ ਨੂੰ ਮੁਬਾਰਕ ਹੈ। ਇਸ ਸਮੇਂ ਵਿਚ ਤੇਜ-ਧਾਰਕ ਖ਼ਾਲਸਾ ਜੀ ਨੇ ਆਪਣੀ ਇਤਿਹਾਸਕ ਹੋਂਦ ਦਾ ਪ੍ਰਗਟਾਅ ਕੀਤਾ ਹੈ। ਇਸ ਸਮੇਂ ਵਿਚ ਅਕਾਲ ਤਖ਼ਤ ਦੋਹਾਂ ਰਾਹਾਂ ਦੇ ਸੰਘਰਸ਼ ਦਾ ਧਰੋਹਰ ਰਿਹਾ ਹੈ। ਸ਼ਾਂਤਮਈ ਧਰਮ ਯੁੱਧ ਮੋਰਚਾ ਵੀ ਅਕਾਲ ਤਖ਼ਤ ਰਾਹੀਂ ਲਾਮਬੱਧ ਹੁੰਦਾ ਰਿਹਾ ਹੈ ਤੇ ਪੰਚਮ ਪਾਤਸ਼ਾਹ ਦੇ ਅੰਤਿਮ ਸੁਨੇਹੇ ਅਨੁਸਾਰ ਹਥਿਆਰਬੰਦ ਸੰਘਰਸ਼ ਵੀ ਅਕਾਲ ਤਖ਼ਤ ਰਾਹੀਂ ਲੜਿਆ ਗਿਆ ਹੈ। ਮਨੁੱਖਤਾ ਦੇ ਤੇਜਤਾ ਦੇ ਰਾਹ ਤੁਰੇ ਜਾਂਦੇ ਪਾਂਧਿਓ ! ਇਕ ਦੂਜੇ ਦੇ ਰਾਹ ਨੂੰ ਨਾ ਨਿੰਦੋ, ਇੱਕੋ ਰਾਹ ਦੇ ਪਾਂਧੀਆਂ ਨੂੰ ਮਾਰ ਮੁਕਾਉਣ ਦੇ ਰਾਹ ਨਾ ਤੁਰੋ। ਮਨੁੱਖਤਾ ਦੀ ਤੇਜਤਾ ਦੇ ਰਾਹ ਦਾ ਦੁਸ਼ਮਣ ਇੱਕੋ ਹੈ, ਉਹ ਦੇਗ਼ ਕੇਂਦਰੀਕਰਨ ਤੇ ਤੇਗ਼ ਕੇਂਦਰੀਕਰਨ ਰਾਹੀਂ ਮਨੁੱਖਤਾ ਨੂੰ ਨਿਰਤੇਜਤਾ ਦੀ ਨੀਂਦ ਸੁਆ ਕੇ ਬੌਣ ਵਰਤਾਉਣਾ ਚਾਹੁੰਦਾ ਹੈ।

ਤੇਜਤਾ ਦਾ ਰਾਹ ਇੱਕੋ ਹੈ, ਇੱਕੋ ਰਾਹ 'ਤੇ ਸਰਬੱਤ ਦੀ ਸ਼ਕਤੀ ਨੂੰ ਜੋੜੋ, ਅਕਾਲ ਤਖ਼ਤ ਦਾ ਜਲੌਅ ਸਰਬੱਤ ਦੇ ਸੰਘਰਸ਼ ਵਿੱਚੋਂ ਵਿਅਕਤ ਹੋਣਾ ਹੈ। ਖ਼ਾਲਸਾ ਜੀ ਪਹਿਲਾਂ ਆਪਣੇ ਆਪ ਨੂੰ ਇਕ ਸੁਰ ਕਰੋ, ਫਿਰ ਪੰਚਮ ਪਾਤਸ਼ਾਹ ਦੇ ਅੰਤਿਮ ਸੁਨੇਹੇ 'ਤੇ ਆਪਣੀ ਸੁਰਤਿ ਨੂੰ ਇਕਾਗਰ ਕਰੋ। ਖ਼ਾਲਸੇ ਦੀ ਸਮੁੱਚੀ ਸ਼ਕਤੀ ਜਦੋਂ ਇਕ ਸੁਰ ਹੋ ਗਈ, ਇੱਕੋ ਰਾਹ ਦੀ ਪਹਿਚਾਣ ਹੋ ਗਈ, ਤੇਜਤਾ ਤਾਂ ਖ਼ਾਲਸੇ ਦੀ ਇਕਸੁਰਤਾ ਦੀ ਉਡੀਕ ਵਿਚ ਹੈ। ਲੋੜ ਹੈ ਸਰਬੱਤ ਨੂੰ ਜੋੜਨ ਦੀ, ਧਿਰਾਂ ਦੀਆਂ ਵਲਗਣਾਂ ਵਿੱਚੋਂ ਬਾਹਰ ਆਉਣ ਦੀ ਤੇ ਆਪਣੀ ਤੇਜਤਾ ਦੇ ਇਤਿਹਾਸਕ ਚਾਨਣ ਅਕਾਲ ਤਖ਼ਤ ਨੂੰ ਆਪਣੇ ਹੱਥੀਂ ਮੁੜ ਉਸਾਰਨ ਦੀ। ਜਦੋਂ ਇਕ ਸੁਰ ਹੋਏ ਹੱਥ ਆਪਣੀ ਤੇਜਤਾ ਦੀ ਉਸਾਰੀ ਵਿਚ ਜੁੱਟ ਪਏ ਤਾਂ ਅਕਾਲ ਤਖ਼ਤ ਨੇ ਆਪਣੀ ਰੌਸ਼ਨੀ ਆਪ ਹੀ ਦਿਖਾ ਦੇਣੀ ਹੈ। ਸੂਖਮ ਸਮਾਂ ਅਕਾਲ ਤਖ਼ਤ 'ਤੇ ਕੇਂਦ੍ਰਿਤ ਹੋ ਰਿਹਾ ਹੈ। ਛੇਵੀਂ ਪਾਤਸ਼ਾਹੀ ਦੇ ਕਹੇ ਹੋਏ ਸ਼ਬਦ "ਅਕਾਲ ਤਖ਼ਤ ਸਮਾਂ ਪਾ ਕੇ ਅਪਾਰ ਸ਼ਕਤੀ ਦਾ ਮਾਲਕ ਹੋਵੇਗਾ" ਪ੍ਰਤੱਖ ਹੋਣ ਦੇ ਬਹੁਤ ਨੇੜੇ ਹਨ। ਇਕ ਸੁਰਤਾ ਨੂੰ ਸੂਖਮ ਸ਼ਕਤੀਆਂ ਸੰਕੇਤ ਦੇ ਰਹੀਆਂ ਹਨ। "ਜਿਨ੍ ਦਿਸਿ ਆਇਆ ਹੋਹਿ ਰਲੀਆ...।"

ਤੇਜ ਦੇ ਇਤਿਹਾਸਕ ਰਾਹ ਨੂੰ ਕੌਣ ਰੋਕ ਸਕਦਾ ਹੈ ? "ਸਾਕਾ ਨੀਲਾ ਤਾਰਾ" ਹਨੇਰੇ ਵੱਲੋਂ ਰੌਸ਼ਨੀ ਨੂੰ ਬੁਝਾਉਣ ਦਾ ਅੰਤਮ ਆਕ੍ਰਮਣ ਸੀ। ਅੰਧ-ਵਰਤਾਰਾ ਰਾਜ ਦੇ ਤੇਜ ਨੂੰ ਬਹੁਤੀ ਦੇਰ ਕੇਂਦ੍ਰਿਤ ਨਹੀਂ ਰੱਖ ਸਕੇਗਾ। ਅਕਾਲ ਤਖ਼ਤ ਦੇ ਬਾਰ-ਬਾਰ ਢੱਠਣ ਨਾਲ, ਮਨੁੱਖਤਾ ਅਕਾਲ ਤਖ਼ਤ ਦੇ ਸੱਚ ਨੂੰ ਜਾਨਣ ਲਈ ਉਤਸੁਕ ਹੋ ਰਹੀ ਹੈ, ਅਕਾਲ ਤਖ਼ਤ ਦਾ ਸੱਚ ਹੁਣ ਰੂਪਮਾਨ ਹੋਣ ਦੇ ਨੇੜੇ ਹੈ। ਮਨੁੱਖਤਾ ਇਹ ਜਾਨਣ ਲਈ ਉਤਸੁਕ ਹੈ ਕਿ ਕੇਂਦ੍ਰਿਤ ਰਾਜ ਦਾ ਤੇਜ ਅਕਾਲ ਤਖ਼ਤ ਨੂੰ ਕਿਉਂ ਢਾਹੁੰਦਾ ਹੈ ? ਅਕਾਲ ਤਖ਼ਤ ਕੇਂਦ੍ਰਿਤ ਰਾਜ ਦੇ ਤੇਜ ਤੋਂ ਕੀ ਖੋਂਹਦਾ ਹੈ ? ਅਕਾਲ ਤਖ਼ਤ ਬ੍ਰਹਿਮੰਡ ਦੇ ਧਰਮ ਦਾ ਆਖ਼ਰੀ ਪੜਾਅ ਹੈ। ਇਸ ਪੜਾਅ ਰਾਹੀਂ ਤੇਜ ਨੇ ਆਪਣੀ ਯਾਤਰਾ ਸੰਪੂਰਨ ਕਰਨੀ ਹੈ। ਵਿਸ਼ਵ ਵਿਚ ਤੇਜ ਪਹਿਲਾਂ 'ਜ਼ਾਰ' ਤੋਂ ਤੁਰ ਕੇ ਇਕ ਜਮਾਤ ਕੋਲ ਪੁੱਜ ਚੁੱਕਾ ਹੈ, ਇਹ ਯਾਤਰਾ ਦਾ ਅੱਧ ਹੈ, ਤੇਜ ਦਾ ਇਥੇ ਵੀ ਦਮ ਘੁੱਟ ਰਿਹਾ ਹੈ। ਤੇਜ ਆਪਣੀ ਯਾਤਰਾ ਸੰਪੂਰਨ ਕਰਨ ਲਈ ਕਾਹਲਾ ਹੈ, ਤੇਜ ਤਾਨਾਸ਼ਾਹੀ ਵਿਵਸਥਾ ਤੋਂ ਉਕਤਾ ਗਿਆ ਹੈ, ਤਾਨਾਸ਼ਾਹੀ ਵਿਵਸਥਾ ਭਾਵੇਂ ਇਕ ਪੁਰਖ ਕੋਲ ਹੋਵੇ ਤੇ ਭਾਵੇਂ ਜਮਾਤ ਕੋਲ ਹੋਵੇ। ਤੇਜ ਦੇ ਇਤਿਹਾਸਕ ਰਾਹ ਦਾ ਵੇਗ ਸਮੁੱਚਤਾ ਨੂੰ ਧਾਰਨਾ ਲੋੜਦਾ ਹੈ, ਉਹ ਤਾਂ ਨਿਹਚਲ ਰਾਜ ਦੀ ਵਿਵਸਥਾ 'ਤੇ ਪੁੱਜ ਕੇ, ਉੱਥਲ-ਪੁੱਥਲ ਦਾ ਸਦੀਵੀ ਟਿਕਾਉ ਚਾਹੁੰਦਾ ਹੈ। ਤੇਜ ਦੇ ਇਸ ਅੰਤਿਮ ਰਾਹ ਦਾ ਪੜਾਅ ਆਪੇ ਦਾਤਾ ਆਪੇ ਭੁਗਤਾ ਦੀ ਵਿਵਸਥਾ ਵਿਚ ਹੈ, ਆਪੇ ਰਾਜਾ ਆਪੇ ਪਰਜਾ ਦੀ ਵਿਵਸਥਾ ਵਿਚ ਹੈ। ਤੇਜ ਆਪਣੀ ਪਾਤਸ਼ਾਹੀ ਨੂੰ ਹੰਨੇ-ਹੰਨੇ ਵੰਡ ਕੇ ਸਮੁੱਚਤਾ ਨੂੰ ਧਾਰਨਾ ਚਾਹੁੰਦਾ ਹੈ। ਇਹੋ ਤੇਜ ਦੇ ਸਚੁ ਦੀ ਰੀਝ ਹੈ, ਕੋਈ ਆਕੀ ਪੈਂਤੜਾ, ਤੇਜ ਦੇ ਇਸ ਰਾਹ ਨੂੰ ਰੋਕ ਨਹੀਂ ਸਕਦਾ। ਮਨੁੱਖਤਾ ਪੁਲਾੜੀ ਸਭਿਅਤਾ ਦੀ ਉਡੀਕ ਵਿਚ ਹੈ, ਜਦੋਂ ਮਨੁੱਖਤਾ ਦੀਆਂ ਵਲਗਣਾਂ ਟੁੱਟ ਜਾਣੀਆਂ ਹਨ, ਸਮੁੱਚਤਾ ਨੇ ਇਕ ਹੋ ਜਾਣਾ ਹੈ, ਵੱਖਵਾਦੀ ਅਤਿਵਾਦੀ ਸ਼ਬਦ ਇਸ ਧਰਤ ਤੋਂ ਅਲੋਪ ਹੋ ਜਾਣੇ ਹਨ, ਤੇਜ ਦੇ ਆਕੀ ਰੂਪਾਂ ਦੀ ਹੋਂਦ ਸਮਾਪਤ ਹੋ ਜਾਣੀ ਹੈ। ਇਹ ਖ਼ੁਆਰ ਹੋਏ "ਸਭ ਮਿਲੇਂਗੇ" ਦੇ ਨਿਹਚਲ ਖ਼ਾਲਸਾ ਰਾਜ ਦੀ ਵਿਵਸਥਾ ਹੈ।

ਹਵਾਲੇ ਤੇ ਟਿੱਪਣੀਆਂ

1. *ਸਿੱਖਾਂ ਦੀ ਭਗਤਮਾਲਾ*, ਭਾਈ ਮਨੀ ਸਿੰਘ ਰਚਿਤ ਸੰਪਾਦਕ ਧਰਮ ਚੰਦ ਬਾਂਤਿਸ਼, ਲੁਧਿਆਣਾ, ਪੰਨਾ 225, 1979.
2. *ਏ ਸ਼ਾਰਟ ਹਿਸਟਰੀ ਆਫ਼ ਦਿ ਸਿਖਸ*, ਪੰਨਾ 41.
3. ਗਿ: ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਭਾਗ ਪਹਿਲਾ, ਪੰਨਾ 415.
4. ਉਹੀ, ਪੰਨਾ 418.
5. ਉਹੀ।
6. ਗਿਆਨੀ ਗਿਆਨ ਸਿੰਘ, *ਤਵਾਰੀਖ਼ ਸ੍ਰੀ ਅੰਮ੍ਰਿਤਸਰ*, ਪੰਨਾ 65.
7. ਸੋਹਣ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਨਵਯੁਗ ਪਬਲੀਸ਼ਰ, ਪੰਨਾ 4.

16

(ਅਕਾਲ) ਤਖ਼ਤ

ਦੇਵਿੰਦਰ ਸਿੰਘ

(ਅਕਾਲ) ਤਖ਼ਤ[1] ਉੱਤੇ ਵਿਚਾਰ ਕਰਨ ਲਈ, ਮਨ ਦੀ ਕੈਨਵਸ ਨੂੰ ਬ੍ਰਹਿਮੰਡ ਰੂਪ ਬਣਾਉਣਾ ਪੈਂਦਾ ਹੈ। ਬ੍ਰਹਿਮੰਡ ਦੇ ਧਰਮ ਦਾ ਨਿਵਾਸ, ਧਰਤੀ-ਧਰਮਸ਼ਾਲਾਂ ਤੇ ਜੀਵਾਂ ਅਤੇ ਦਿੱਖ-ਅਦਿੱਖ ਵਿਚ ਹੈ। ਸੰਪੂਰਨ ਪਦਾਰਥ ਅਤੇ ਉਸ ਦੇ ਜੀਵਨ ਸਿਧਾਂਤ ਜਾਂ ਜੈਵਿਕ ਅਤੇ ਚੇਤਨਤਾ (ਆਤਮ ਕਹਿ ਲਵੋ) ਦੇ ਸਿਧਾਂਤ—ਬ੍ਰਹਿਮੰਡ ਧਰਮ ਦਾ ਹੀ ਅੰਗ ਹਨ। ਇਉਂ ਸੰਪੂਰਨ ਸ੍ਰਿਸ਼ਟੀ ਦਾ ਧੁਰਾ ਜਾਂ ਜੀਵਨ ਨਿਊਕਲੀਅਸ ਜਾਂ ਪਦਾਰਥ ਦਾ ਜੀਵਨ ਤੇ ਮਰਯਾਦਾ, ਬ੍ਰਹਿਮੰਡ ਦਾ ਧਰਮ ਹੈ। ਬ੍ਰਹਿਮੰਡ ਦੀ ਹੋਂਦ ਹੈ, ਏਕੋ ਆਤਮ। ਧਰਮ ਸ਼ਬਦ ਤੋਂ ਭਾਵ ਨੂੰ, ਮਨੁੱਖੀ ਮੱਤ ਜਾਂ ਮਜ਼੍ਹਬ ਨਾਲ ਰਲਗੱਡ ਨਹੀਂ ਕਰਨਾ।

ਬ੍ਰਹਿਮੰਡ ਅਤੇ ਸਟੇਟ

ਬ੍ਰਹਿਮੰਡ ਹੋਂਦ ਦੇ ਕਿਣਕਾ ਰੂਪ ਵਿਚ ਹੈ ਪ੍ਰਿਥਵੀ, ਰਾਤੀ ਰੁਤੀ ਥਿੱਤੀ ਵਾਰ, ਪਵਨ ਪਾਣੀ ਅਗਨੀ ਪਾਤਾਲ ਵਿਚ ਥਾਪੀ ਹੋਈ ਅਤੇ ਉਥੇ ਅਣਗਿਣਤ ਜੀਵਾਂ ਵਿੱਚੋਂ ਇਕ ਜਾਤੀ ਹੈ—ਮਨੁੱਖ!

ਮਨੁੱਖ, ਧਰਤੀ, ਸ੍ਰਿਸ਼ਠੀ : ਇਕਾਈ ਹੈ। 'ਇੱਕੋ' ਸੱਤਾ ਅਧੀਨ ਹੈ। ਮਨੁੱਖ ਨੇ ਜੋ ਵੀ ਧਰਤੀ 'ਤੇ ਪ੍ਰਬੰਧ ਕਰਨਾ ਹੈ, ਇਸ ਇਕਾਈ ਸੰਬੰਧੀ ਚੇਤੰਨ ਹੋ ਕੇ ਕਰਨਾ ਹੈ। ਜੇ ਚੇਤੰਨ ਨਹੀਂ ਰਹਿੰਦਾ ਤਾਂ ਵਿਕਾਰਾਂ ਅਤੇ ਔਗੁਣਾਂ, ਵੰਡੇਵਿਆਂ ਦੀਆਂ ਹਾਰ (ਵਿਰੋਧਤਾਈਆਂ), ਜੰਗਾਂ ਵਿਚ ਮਰੇਗਾ। ਮਨੁੱਖ ਰਾਜਿਆਂ ਅਤੇ ਪਰਜਾ ਵਿਚਕਾਰ ਵੰਡਿਆ ਰਹੇਗਾ। Eco ਤਵਾਜ਼ਨ ਖ਼ਤਰੇ ਵਿਚ ਦਾਖ਼ਲ ਹੋ ਜਾਵੇਗਾ।

ਉਦਾਹਰਣ : ਸਟੇਟ ਉਦਾਹਰਣ ਹੈ। ਸਟੇਟ ਇਕ ਮਨੁੱਖੀ ਕਲਪਿਤ ਫੁਰਨਾ, ਨਾਸਮਿਕ ਸਵੈ-ਪ੍ਰਭੂ ਸੰਸਥਾ ਵਾਲਾ ਦਾਵਾ ਕਰਦੀ ਹੈ। ਸਟੇਟ ਦੇ ਬਣਨ ਵਜੋਂ ਗ਼ੈਰ-ਕੁਦਰਤੀ ਵੰਡਾਂ ਪੈ ਜਾਂਦੀਆਂ ਹਨ। ਇਹਨਾਂ ਗ਼ੈਰ-ਕੁਦਰਤੀ ਵੰਡਾਂ ਕਾਰਨ ਹੀ ਖ਼ੂਨ-ਖ਼ਰਾਬੇ ਅਤੇ ਜੰਗਾਂ ਹੁੰਦੀਆਂ ਹਨ ਅਤੇ ਜਗੀਰੂ, ਰਾਜਸ਼ਾਹੀ, ਪੂੰਜੀਵਾਦੀ, ਥੀਉਕਰੈਟਿਕ ਅਤੇ ਅਖੌਤੀ ਕਮਿਊਨਿਸਟ ਸਟੇਟ ਆਦਿ ਬਣਦੇ-ਢਹਿੰਦੇ ਚਲੇ ਜਾਂਦੇ ਹਨ।

ਬ੍ਰਹਿਮੰਡ ਦੀ ਸੱਤਾ ਤੋਂ ਇਨਕਾਰੀ ਹੋ ਕੇ ਜਾਂ ਉਸ ਦੇ ਰੂਪਾਂ ਦਾ ਕਰਮਕਾਂਡੀ ਲਬਾਦਾ ਪਹਿਨ ਕੇ ਸਟੇਟ ਦੀ ਓਟ ਵਿਚ ਹਮੇਸ਼ਾ ਹੀ ਮਨੁੱਖਾਂ ਦੀ ਰੱਤ, ਦਵੈਤਵਾਦੀ ਮਨੁੱਖੀ ਸ਼੍ਰੇਣੀ ਹੀ ਚੂਸਦੀ ਰਹੀ ਹੈ।

ਉਦਾਹਰਣ : ਰੂਸ ਦੀ ਸਟੇਟ ਵਿਚ ਸੋਲਜਿਨਿਤਸਨ ਵਰਗੇ ਚਿੰਤਕ ਤੇ ਫ਼ਿਜ਼ਿਕਸ ਦੇ ਕੁਝ ਸਾਇੰਸਦਾਨ ਸਟੇਟ ਪ੍ਰਭੂ-ਸੱਤਾ ਤੋਂ ਇਨਕਾਰੀ ਹੋਣ ਕਰਕੇ ਸਜ਼ਾ ਦੇ ਭਾਗੀ ਬਣੇ।

ਉਹ ਕੁਦਰਤ ਅਤੇ ਸ੍ਰਿਸ਼ਟੀ ਦੇ ਨੇਮਾਂ (ਕਾਨੂੰਨਾਂ) ਦੀ ਪ੍ਰਭੂ-ਸੱਤਾ ਅਨੁਸਾਰ ਆਪਣਾ ਦ੍ਰਿਸ਼ਟੀਕੋਣ ਰੱਖਦੇ ਸਨ।

ਇਕ ਪਾਸੇ ਹੈ ਉਹ ਮਨੁੱਖ, ਜਿਸ ਦੇ ਮਨ ਵਿਚ ਜਾਣੇ ਜਾਂ ਅਣਜਾਣੇ ਬ੍ਰਹਿਮੰਡ-ਧਰਮ ਦਾ ਪ੍ਰਕਾਸ਼ ਹੈ, ਜਿਸ ਨੂੰ ਭਾਵਅਰਥ ਗਿਆਨ ਦੇ ਗਿਆਤ ਵਿਚ ਕੁਦਰਤ, ਅਸਲ ਜਾਂ ਸੱਤ-ਤੱਤ (ਸਤਿ) ਕਿਹਾ ਜਾਂਦਾ ਹੈ, ਅਜਿਹਾ ਸੁਚੇਤ ਮਨੁੱਖ ਬ੍ਰਹਿਮੰਡ ਅਤੇ ਕੁਦਰਤ ਜਿੰਨਾ ਹੀ ਵਿਸ਼ਾਲ ਚਿੱਤ ਹੈ ਅਤੇ ਇਕ ਹੈ ਸੰਸਥਾ ਸਟੇਟ, ਜਿਹੜੀ ਪ੍ਰਭੂ ਬਣ ਕੇ ਅਜਿਹੇ ਵਿਸ਼ਵ-ਚੇਤੰਨ ਮਨੁੱਖਾਂ ਨੂੰ ਹੀ ਦੇਸ਼ ਭਗਤੀ ਜਾਂ ਗ਼ੱਦਾਰੀ ਆਦਿਕ ਦੇ ਵੰਡਵਾਦੀ, ਧਰਮ ਵਿਰੋਧੀ, ਵਿਚਾਰਾਂ ਵਿਚ ਦੋਸ਼ੀ ਕਰਨਾ ਲੋਚਦੀ ਹੈ।

ਸਟੇਟ ਇਕ Micro-cosmic, ਪਰ ਖ਼ਿਆਲੀ ਮਿੱਥ ਕੇ ਥਾਪੀ ਗਈ ਸੰਸਥਾ ਹੈ, ਪਰ ਇਹ cosmos, conscious ਬ੍ਰਹਿਮੰਡ ਪ੍ਰਗਾਸੇ ਮਨੁੱਖ 'ਤੇ ਹਮੇਸ਼ਾ ਹਰਨਾਖ਼ਸ਼ ਵਾਂਗੂ ਹੀ ਦਾਵਾ ਕਰਦੀ ਹੈ।

ਇਹ ਤੱਤੀਆਂ ਤਵੀਆਂ 'ਤੇ ਬਿਠਾਉਂਦੀ, ਸੀਸ ਲਾਹੁੰਦੀ, ਚਮੜੀਆਂ ਉਧੇੜਦੀ, ਜਿਉਂਦਿਆਂ ਨੂੰ ਚਿਣਦੀ ਅਤੇ ਬੱਚਿਆਂ ਦੇ ਘਾਤ ਤੇ ਬੀਜ ਨਾਸ ਕਰਨ ਦੀਆਂ ਨਾਸਤਿਕ ਗੱਲਾਂ ਕਰਦੀ ਚਲੀ ਆਉਂਦੀ ਹੈ, ਪਰ ਮਨ 'ਚ ਪ੍ਰਗਾਸੇ ਬ੍ਰਹਿਮੰਡ ਨੂੰ ਖ਼ਤਮ ਕਰਨਾ ਹਰਨਾਖ਼ਸ਼ੀ ਵਿਅਰਥ ਚੇਸ਼ਟਾ ਹੈ। ਸੱਚ ਤੋਂ ਤ੍ਰਿਭੁਵਨ ਬਣ ਕੇ, ਤ੍ਰਿਭਵਨ ਦੇ ਅੰਸ਼ (ਜੀਵ) ਤੋਂ ਸੱਚ, ਇਸ ਨੇ ਆਪਣੇ-ਆਪ ਹੀ ਬਣੀ ਜਾਣਾ ਹੈ, ਸਟੇਟ ਦੇ ਨਕਾਰਾਤਮਕ ਦਖ਼ਲ ਕਰਨ ਨਾਲ ਤਾਂ ਸਟੇਟ ਹੀ ਖ਼ਤਮ ਹੋਵੇਗੀ। ਉਂਜ ਵੀ ਇਹ ਹਿਰਣਯ (ਮਾਯਾ) ਨਖ਼ (ਨਕਸ਼) ਤੋਂ ਬਣੀ ਹੈ।

ਬਚਿੱਤਰ ਖੇਡ

ਮਨੁੱਖ ਦੀ ਰੁਚੀ, ਹੋਰ ਸਾਰੇ ਜੀਵਾਂ ਵਾਂਗ, ਇਕੱਠ ਵਿਚ ਰਹਿਣ ਦੀ ਹੈ, ਜੋ ਕਿ ਕੁਦਰਤ ਦਾ ਹੁਕਮ ਹੈ, ਨਹੀਂ ਤਾਂ ਸੰਤਤਿ ਵਿਕਾਸ ਰੁਕਦਾ ਹੈ। ਮਨੁੱਖ ਦਾ ਜੀਵਨ, ਮਨ ਵਿਚ ਬ੍ਰਹਿਮੰਡ ਦੇ ਪ੍ਰਕਾਸ਼ ਦੇ ਅਨੁਭਵ (ਏਕੋ ਆਤਮ) ਨਾਲ ਹੀ ਸੁਧਰਦਾ ਹੈ। ਬ੍ਰਹਿਮੰਡ ਦਾ ਅਧਿਐਨ ਵਿਗਿਆਨਾਂ ਰਾਹੀਂ ਹੋ ਰਿਹਾ ਹੈ। ਇਹ ਸਭ ਕੁਝ ਬ੍ਰਹਿਮੰਡ ਦਾ ਆਪਣਾ (ਸਵੈ ਜਾਂ ਆਤਮ) ਚੇਤੰਨ ਅੰਸ਼-ਮਨ ਹੀ ਕਰ ਰਿਹਾ ਹੈ ਅਤੇ ਸੰਚੈ ਕਰ ਰਿਹਾ ਹੈ ਅਤੇ ਨਾਲ ਹੀ ਨਾਲ, ਮਨੁੱਖ ਜੀਵਨ ਵਿਚ ਪਦਾਰਥ ਨੂੰ ਰੋਜ਼ ਨਵੇਂ ਰੂਪ ਵਿਚ, ਇਸ ਪ੍ਰਾਪਤੀ ਦੇ ਨਤੀਜੇ ਵਜੋਂ ਹੀ ਭੋਗ ਰਿਹਾ ਹੈ, ਦਰਅਸਲ ਉਹ ਖ਼ੁਦ ਹੀ ਭੋਗਿਆ ਜਾ ਰਿਹਾ ਹੈ। ਇਹ ਸਭ ਕੁਝ ਇਕੱਠ ਜਾਂ ਵੱਡੀਆਂ ਗਿਣਤੀਆਂ ਦੇ ਰੂਪ ਵਿਚ ਰਹਿੰਦੇ ਹੋਏ ਹੋ ਰਿਹਾ ਹੈ। ਲੋਭ ਕਾਰਨ ਆਪਾ-ਧਾਪੀ ਵੀ ਕੁਦਰਤੀ ਹੈ। ਇਸ ਸਥਿਤੀ ਵਿੱਚੋਂ ਰਾਜ ਦੀ ਉਤਪੱਤੀ ਹੋਈ। ਰਾਜ, ਪ੍ਰਬੰਧ ਦੀ ਬਜਾਇ ਇਕ ਸਵੈ-ਪ੍ਰਭੂ ਸੰਸਥਾ ਹੀ ਬਣ ਕੇ ਵਿਕਾਸ ਕਰ ਗਿਆ ਅਤੇ ਰਾਜੇ ਪਰਮੇਸ਼ਵਰ ਜਾਂ ਪ੍ਰਮੇਸ਼ਵਰ ਦਾ ਰੂਪ ਕਹਾਉਣ ਲੱਗੇ। ਅਜਿਹੇ ਸਵੈ-ਪ੍ਰਭੂ ਰਾਜ ਨੇ ਜਦੋਂ ਖ਼ੁਦ ਨੂੰ ਹੀ ਸਭ ਪਦਾਰਥਾਂ ਦਾ ਮਾਲਕ ਬਣਾ ਲਿਆ ਤਾਂ "ਜੋਤਿ ਸਰੂਪ ਮਨ ਵਾਲੇ" ਮਨੁੱਖਾਂ ਨੇ ਸ਼ਸ਼ਤਰ ਚੁੱਕੇ ਅਤੇ 23 ਅਵਤਾਰ ਧਰਮ ਯੁੱਧਾਂ ਵਿਚ ਲੜੇ, ਆਕੀਆ-ਦਵੈਤਵਾਦੀਆਂ ਨੂੰ ਦਬਾਇਆ, ਧਰਤੀ ਦਾ ਬੋਝ ਹਲਕਾ ਕੀਤਾ, ਮਨੁੱਖ ਨੂੰ ਮੁਕਤ-ਹਸਤੀ ਦੀ ਅਵਸਥਾ ਵੱਲ ਅੱਗੇ ਵਧਾਇਆ। ਅਵਤਾਰ ਉਹ ਹਨ, ਜਿਨ੍ਹਾਂ ਨੂੰ ਗਿਆਤ ਸੀ ਕਿ

ਮਨੁੱਖ ਏਕੋ ਆਤਮ ਦਾ ਨਰ-ਆਇਣ ਸਰੂਪ ਹੈ ਅਤੇ ਮਨੁੱਖ ਦੇ ਰੂਪ ਵਿਚ ਅਉਤਾਰਾ ਕੀਤਾ ਹੈ।

ਮਨੁੱਖ ਸਿਰਫ਼ ਆਪਣੇ ਮਾਲਕ ਬ੍ਰਹਿਮੰਡ ਧਰਮ ਦੇ ਰਾਜ ਵਿਚ ਚੇਤੰਨ ਹੋ ਕੇ ਹੀ ਬਿਨਾਂ ਭਿੰਨ ਭੇਦ ਦੇ ਰਹਿ ਸਕਦਾ ਹੈ, ਕਿਸੇ ਗ਼ੈਰ-ਕੁਦਰਤੀ ਸੰਸਥਾ, ਜਿਸ ਦਾ ਦਾਵਾ ਪ੍ਰਭੂ-ਸੱਤਾ ਹੋਵੇ, ਦੇ ਅਧੀਨ ਰਹਿ ਕੇ ਨਹੀਂ। ਇਸਲਾਮ, ਈਸਾਈ ਮੱਤ, ਸਿੱਖ ਮੱਤ ਆਦਿਕ ਨੇ ਦੁਨੀਆਂ ਦੇ ਰਾਜਾਂ ਨੂੰ ਤਹਿਸ-ਨਹਿਸ ਕਰਕੇ ਮਨੁੱਖਾਂ ਨੂੰ ਵੱਡੀਆਂ ਟਿਕਾਈਆਂ ਵਿਚ ਪਰੋਇਆ, ਜਿਹਨਾਂ ਨੂੰ ਪੰਥ, ਚਰਚ ਜਾਂ ਨੇਸ਼ਨਜ਼ ਕਿਹਾ ਜਾਂਦਾ ਹੈ ਅਤੇ ਮਨੁੱਖਾਂ ਨੂੰ ਗ਼ੈਰ-ਰਾਜੀ ਸੰਸਥਾ ਯਾਨੀ non-state ਪ੍ਰਬੰਧ ਦੇ ਸੰਕਲਪ ਦੇ ਵਿਕਾਸ ਵਿਚ ਰੱਖ ਕੇ ਵੱਡਾ ਹਿੱਸਾ ਪਾਇਆ। State ਨੇ ਕਦੇ ਨੇਸ਼ਨ ਨਹੀਂ ਬਣਾਈ, ਇਤਿਹਾਸ ਫੋਲ ਕੇ ਵੇਖ ਲਵੋ। ਸਟੇਟ ਨੇ ਨੇਸ਼ਨਹੁਡ ਦਾ ਸਿਰਫ਼ ਦਾਵਾ ਹੀ ਕੀਤਾ ਹੈ। ਕੁਦਰਤ ਤੋਂ ਬਲ ਹਾਰੇ ਮੱਤ ਨਾ ਹੁੰਦੇ ਤਾਂ ਵੱਡੇ ਵੱਡੇ ਰਾਜ ਨਾ ਹੁੰਦੇ ਅਤੇ ਨਾ U.N.O. ਹੁੰਦੀ। ਮੱਤ ਹਜ਼ਾਰਾਂ ਸਾਲ ਮਨੁੱਖਾਂ ਨੂੰ ਜ਼ਾਬਤੇ ਵਿਚ ਬੰਨ੍ਹੀ ਰੱਖਦੇ ਹਨ ਅਤੇ ਸਟੇਟ ਵੱਧ ਤੋਂ ਵੱਧ ਦੋ ਤਿੰਨ ਸੌ ਸਾਲ ਚੱਲ ਕੇ ਮਾਲਕ ਬਦਲ ਲੈਂਦੀ ਹੈ। ਸਟੇਟ ਸਿਰਫ਼ ਕਬਜ਼ਾ ਹੀ ਸਾਬਤ ਹੋਈ। ਧਰਮ ਮੁਕਤੀ ਸਾਬਤ ਹੋਇਆ।

ਧਰਮ ਦੇ ਸਿਧਾਂਤ 'ਤੇ ਆਧਾਰਿਤ 'ਜੁਰਿਸਪਰੂਡੈਂਸ' ਬ੍ਰਹਿਮੰਡ ਦੇ ਧਰਮ ਦੀ ਰੋਜ਼-ਬ-ਰੋਜ਼ ਵਿਗਿਆਨਕ ਖੋਜ ਦੇ ਆਧਾਰ 'ਤੇ ਹੈ ਅਤੇ State ਖੋਜ ਹੀ ਉਹ ਹੋਣ ਦੇਂਦੀ ਹੈ, ਜਿਹੜੀ ਉਸ ਨੂੰ ਭਾਵੇ, ਕਿਉਂਕਿ ਬ੍ਰਹਿਮੰਡੀ ਚੇਤਨਾ ਮਨੁੱਖ ਨੂੰ ਮੁਕਤ ਕਰਦੀ ਹੈ ਅਤੇ ਸਟੇਟ ਨੂੰ ਚਾਹੀਦੇ ਹਨ ਬੌਣੇ ਰਾਜ ਭਗਤ।

ਅੱਜ ਦੇ ਹਿੰਦ ਦੀ ਉਦਾਹਰਣ ਲਵੋ। ਯੂ.ਪੀ., ਬਿਹਾਰ, ਮੱਧ ਪ੍ਰਦੇਸ ਵਿਚ ਤਿੰਨ-ਚਾਰ ਰੁਪਏ ਦਿਹਾੜੀ 'ਤੇ ਇਕ ਡੰਗ ਖਾਣ ਵਾਲੇ ਅਤੇ ਚੌਵੀ-ਪੰਝੀ ਬਿਨਾਂ ਹੀਲ ਹੁੱਜਤ ਗੁੰਡਿਆਂ ਕੋਲੋਂ ਸਿਰ ਕਟਵਾਉਣ ਵਾਲੇ ਬੌਣੇ ਮਨੁੱਖ ਸਟੇਟ-ਦਾਤਾ ਦੇ ਤਰਸ 'ਤੇ ਪਲਦੇ ਹਨ। ਦੋ ਮੁੱਠ ਭੁੱਜੇ ਬਦਾਮਾਂ (ਛੋਲੇ) ਦੀਆਂ ਛਕ ਕੇ, ਉਹੋ ਘੋੜੇ ਨੂੰ ਖੁਆ ਕੇ, ਜੇ ਨਾ ਮਿਲੇ ਤਾਂ ਆਕੀਆਂ ਤੋਂ ਖੋਹ ਕੇ ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਵਾਂਗੂੰ ਸਟੇਟ ਨੂੰ ਵੰਗਾਰ ਪਾਉਣ ਵਾਲੇ ਹੀ, ਮਨੁੱਖ ਨੂੰ ਮੁਕਤੀ ਦਾ ਰਾਹ ਦਰਸਾਉਂਦੇ ਹਨ। ਸਟੇਟ ਨਾ ਹੋਵੇ ਤਾਂ ਸਟੇਟ ਦੇ ਅਵੈਧ ਬੱਚੇ ਇਹ ਗੁੰਡੇ ਕਿਥੋਂ ਪੈਦਾ ਹੋਣ ? ਦੇਗ਼ ਸਟੇਟ ਦੀ ਈਜ਼ਾਰੇਦਾਰੀ ਵਿਚ ਹੈ। ਜੇ ਸਾਮੰਤਾਂ, ਪੂੰਜੀਪਤੀਆਂ ਅਤੇ ਅਖੌਤੀ ਕਮਿਊਨਿਸਟਾਂ ਦੇ ਹੱਥ ਸਟੇਟ ਨਾ ਹੋਵੇ ਤਾਂ ਈਜ਼ਾਰੇਦਾਰੀ ਸਥਾਪਤ ਕਰਨ ਲਈ ਜ਼ਰੂਰੀ ਤਾਕਤ ਕਿਥੋਂ ਲਵੇ ? ਜੇ ਤੇਗ਼ ਦੀ ਈਜ਼ਾਰੇਦਾਰੀ ਨਾ ਹੋਵੇ ਤਾਂ ਸਟੇਟ ਨਹੀਂ ਕਹਾਉਂਦੀ, ਸਗੋਂ ਸਿਰਫ਼ ਪ੍ਰਬੰਧ ਅਖਵਾਉਂਦਾ ਹੈ। ਬਾਲਸ਼ਵਿਕ ਰੂਸ ਵਿਚ ਤੇਗ਼ ਰਾਹੀਂ ਹੀ ਜਿੱਤੇ ਅਤੇ ਦੇਗ਼ ਫ਼ਤਹਿ ਕੀਤੀ, ਪਰ ਜਾ ਫਸੇ ਸਟੇਟ ਵਿਚ। ਸਟੇਟ ਤੋਂ ਗ਼ੈਰ-ਸਟੇਟ ਸੋਸਾਇਟੀ ਜੇ ਰੂਸ ਨੂੰ ਬਣਨਾ ਹੋਇਆ ਤਾਂ ਖ਼ੂਨ-ਖ਼ਰਾਬਾ ਵੀਹਵੀਂ ਸਦੀ ਦੇ ਪਹਿਲੇ ਅੱਧ ਨਾਲੋਂ ਵੀ ਜ਼ਿਆਦਾ ਹੋਣਾ ਹੈ, ਕਿਉਂਕਿ ਰੂਸ ਸਟੇਟ ਹੈ, ਪ੍ਰਬੰਧ ਨਹੀਂ ਅਤੇ ਤੇਗ਼ ਈਜ਼ਾਰੇਦਾਰੀ ਅਧੀਨ ਹੈ। ਤਾਂ ਹੀ ਤੇ ਗੁਰੂ ਸਾਹਿਬਾਨ ਦੇਗ਼ ਦਾ ਮਸਲਾ ਪਹਿਲਾਂ ਹੱਲ ਕਰਦੇ ਹਨ, ਜਿਸ ਨੂੰ ਕੁਰਾਹੇ ਪਏ ਲੇਖਕ ਸ਼ਾਂਤੀ ਦੀ ਨੀਤੀ ਜਾਂ ਅਹਿੰਸਾ ਦੀ ਨੀਤੀ ਕਹਿੰਦੇ ਹਨ। ਦੇਗ਼ ਦਾ ਮਸਲਾ ਹੱਲ ਕਰਦੇ ਹੋਏ ਮਨ ਵਿਚ ਆਧਾਰ, ਗਯਾਨ ਦੀ ਕਿਰਪਾਨ ਦੇ ਪ੍ਰਭ ਦੀ ਸਿਰਜਣਾ ਕਰਦੇ ਹਨ। ਇੰਜ ਦੇਗ਼ ਤੇਗ਼ ਫ਼ਤਹਿ ਹੁੰਦੀ

ਹੈ ਅਤੇ ਈਜ਼ਾਰੇਦਾਰੀ ਵਿਹੀਨ ਰਹਿੰਦੀ ਹੈ। ਇਥੇ ਸਟੇਟ ਨਹੀਂ, ਸਗੋਂ ਖ਼ਾਲਸਾ ਸੰਬੰਧ ਹਨ, ਫ਼ਤਹਿ ਵਾਹਿਗੁਰੂ ਜੀ (ਵਾਹਿ-ਗਿਆਨ ਬਿਬੇਕ ਰੂਪੀ ਗੁਰੂ ਜੋਤ) ਕੀ ਹੈ, ਰਾਜ ਅਬਚਲ (ਬ੍ਰਹਿਮੰਡੀ ਧਰਮ ਯਾਨੀ ਕੁਦਰਤ ਦੇ ਰਮੇਂ ਹੋਏ ਹੁਕਮ) ਹੈ।

ਹੁਣ ਪੂਰੇ ਤੌਰ ਉੱਤੇ ਅੱਜ ਦੀ ਪੱਛਮੀ-ਤਰਜ਼ ਵਾਲੀ ਪੰਜਾਬੀ ਵਿਚ ਗੱਲ ਕਰ ਲਈਏ। ਸਟੇਟ ਨੇ ਮਨੁੱਖ ਦਾ ਕਿਹੜਾ ਖੇਤਰ, ਪੱਖ ਅਤੇ ਕੁਦਰਤ ਦਾ ਕਿਹੜਾ ਖੇਤਰ ਅਤੇ ਪੱਖ ਬੰਦੇ ਲਈ ਆਜ਼ਾਦ ਛੱਡਿਆ ਹੈ ? ਪਵਨ ਤੇ ਸੂਰਜ ਦਾ ਚਾਨਣ ਵੀ ਨਹੀਂ, ਛੱਡੇ ਗੰਧਲਾਉਣੇ। ਸਟੇਟਾਂ ਹੀ ਜੰਗ ਲੜਦੀਆਂ ਨੇ, ਮਨੁੱਖ ਨਹੀਂ, ਮਨੁੱਖ ਤਾਂ ਗ਼ੈਰ-ਕੁਦਰਤੀ ਰਚਨਾ ਸਟੇਟ ਦੇ ਗ਼ੁਲਾਮ ਬਲੀ ਦੇ ਬੱਕਰੇ ਨੇ। ਮਨੁੱਖ ਦੀ ਆਜ਼ਾਦੀ ਲਈ ਕੀਤਾ ਕੀ ਜਾਵੇ ? ਅਖੇ ਜੀ ਸਟੇਟ ਨੂੰ ਹਥਿਆਉਣਾ ਜ਼ਰੂਰੀ ਹੈ। ਆਜ਼ਾਦੀ ਅਤੇ ਸਟੇਟ, ਵਿਰੋਧੀ ਧਿਰਾਂ ਨੇ ਜਿਵੇਂ ਅਸੀਂ ਗੋਸ਼ਟ ਕਰ ਆਏ ਹਾਂ। ਜਥੇਬੰਦੀ ਰਸਤਾ ਦੱਸਿਆ ਗਿਆ ਹੈ, ਲੋਕਰਾਜਾਂ ਵਿਚ ਲੋਕਾਂ ਨੂੰ ਆਜ਼ਾਦ ਕਰਵਾਉਣ ਲਈ, ਪਰ ਜਥੇਬੰਦੀ ਭਾਵੇਂ ਕਿਸੇ ਵੀ ਸਿਧਾਂਤ ਦੇ ਆਧਾਰ 'ਤੇ ਕਾਯਮ ਹੋਵੇ, State ਸਾਹਮਣੇ ਉਹ ਬੌਣੀ ਹੈ। ਵੱਧ ਤੋਂ ਵੱਧ, ਵੱਡੀ ਅਤੇ ਤਾਕਤਵਰ ਹੋਣ ਲਈ ਉਹ ਸਟੇਟ 'ਤੇ ਕਬਜ਼ਾ ਕਰ ਲਵੇਗੀ, ਜਿਸ ਦਾ ਅੰਤ ਤੇ ਸਭ ਨੂੰ ਪਤਾ ਹੀ ਹੈ। ਅਜਿਹੀ ਬਚਿੱਤਰ ਈਜ਼ਾਰੇਦਾਰੀ ਦਾ ਖ਼ਾਤਮਾ ਤੇ ਸਭ ਸਚਿਦਾਨੰਦਾ ਨੂੰ ਚੰਗਾ ਲੱਗਦਾ ਹੈ, ਪਰ ਖ਼ਾਤਮਾ ਕਿਵੇਂ ਹੋਵੇ ?

ਜਥੇਬੰਦੀਆਂ ਦੇ ਮੈਂਬਰਾਂ ਨੂੰ ਧਰਤੀ 'ਤੇ ਜੀਵਨ ਜਿਉਂਦਿਆਂ ਪਦਾਰਥਕ ਅਤੇ ਰਿਸ਼ਤਿਆਂ ਦੇ ਮਾਮਲਿਆਂ ਦੇ ਝਗੜੇ ਦੇ ਨਿਬੇੜੇ ਸਟੇਟ ਸੰਸਥਾ ਕੋਲੋਂ ਹੀ ਕਰਵਾਉਣੇ ਪੈਂਦੇ ਹਨ, ਕਿਉਂਕਿ ਕਬਜ਼ੇ ਆਧਾਰਿਤ ਹੱਕਾਂ ਨੂੰ ਪਰਿਭਾਸ਼ਤ ਕਰਦੇ ਹਨ, ਸਾਰੇ ਮਾਯਾਧਾਰੀ ਕਾਨੂੰਨ। ਬੱਸ ਇਹੋ ਹੈ ਕੁੰਜੀ। ਸਟੇਟ ਇੱਛਾ ਅਨੁਸਾਰ ਆਚਰਣ ਨਾ ਹੋਵੇ ਤਾਂ ਫ਼ੈਸਲਾ ਉਸ ਦੇ ਵਿਰੁੱਧ, ਇਨਸਾਫ਼ ਦੀ ਆਸ ਵਾਲੇ ਦਾ ਬਾਲ ਬੱਚਾ ਘਾਣ। ਬਦਲਾਉ ਦੇ ਹਮਾਇਤੀ (ਯਾਨੀ ਬੰਦੇ ਕੁਦਰਤ ਦੇ ਹਨ, ਕੁਦਰਤ ਬੰਦੇ ਦੀ ਨਹੀਂ ਕਿ ਕਬਜ਼ੇ ਨੂੰ ਹੱਕ ਮੰਨੇ) ਸਥਾਪਤੀ ਦੀਆਂ ਸੰਸਥਾਵਾਂ ਉੱਤੇ ਨਿਰਭਰ ਹੋ ਕੇ ਜਿਉਂ ਨਹੀਂ ਸਕਦੇ, ਜੇ ਜਿਉਂਦੇ ਹਨ ਤਾਂ ਲੋਕਾਂ ਨੂੰ ਧੋਖਾ ਦੇਂਦੇ ਹਨ, ਜੇ ਵਿਚ ਵੜ ਕੇ ਤਬਾਹ ਕਰਨ ਦਾ ਦਾਅਵਾ ਕਰਦੇ ਹਨ ਤਾਂ ਵੀ ਝੂਠੇ ਹਨ, ਕਿਉਂਕਿ ਇਹ ਆਚਰਣ ਦਾ ਸਟੇਟ ਹਥਿਆਉਣ ਦਾ ਹੈ, ਬਦਲ ਵਾਲਾ ਨਹੀਂ। ਇਸ ਵੇਲੇ, ਚਰਨ ਸਿੰਘ, ਜਗਜੀਵਨ ਰਾਮ, ਜੈਲ ਸਿੰਘ, ਅਕਾਲੀ, ਸੰਘੀ, ਕਮਿਊਨਿਸਟ, ਨਕਸਲਾਈਟ ਇਸੇ ਉਪਰ ਲਿਖਤ ਖੇਡ ਵਿਚ ਰੁੱਝੇ ਹੋਏ ਹਨ। ਇਹ ਸਟੇਟ ਸਥਾਪਤੀ ਨੂੰ ਪੱਕਿਆਂ ਹੀ ਨਹੀਂ ਕਰ ਰਹੇ, ਸਗੋਂ ਅਜੋਕੀ ਸੰਵਿਧਾਨਕ ਸਪਿਰਟ ਨੂੰ ਬਲਵਾਨ ਬਣਾ ਰਹੇ ਹਨ। ਇਹ ਸਾਰੀ ਮਨੁੱਖ ਨੂੰ ਬੌਣਾ ਤੇ ਬੇਵਕੂਫ਼ ਬਣਾਉਣ ਦੀ ਸ਼ਤਰੰਜ ਹੈ। ਕਮਿਊਨਿਸਟ ਦੇਸ਼ਾਂ ਵਿਚ ਵੀ ਸਟੇਟ ਕਾਰਨ, ਵਿਚਾਰਧਾਰਕ ਅਤੇ ਪੇਸ਼ਾਵਰ ਫ਼ੌਜਾਂ (mercenary forces), ਸ਼ਾਹੂਕਾਰਾ ਵਪਾਰ ਦੇ ਬਿਚੋਲਗਿਰੀ ਅਤੇ ਕਾਮੇ ਦੀਆਂ ਜਮਾਤਾਂ ਬਣ ਗਈਆਂ ਹਨ, ਜਿਹੜਾ ਕਿ ਸਟੇਟ ਦੀ ਹੋਂਦ ਦਾ ਕੁਦਰਤੀ ਨਤੀਜਾ ਹੈ—ਹੁਣ ਚੰਗਾ ਕੱਲ੍ਹ ਕਿਹਨੇ ਵੇਖਿਆ ਹੈ ? ਸਾਨੂੰ ਠੋਸ ਇਤਿਹਾਸਕ ਸੱਚਾਈ ਦੀ ਲੋੜ ਹੈ, ਕਮਿਊਨਿਸਟ ਸਤਵਚਨੀ ਯਾਨੀ ਮੋਟਲੋਗ ਦੀ ਲੋੜ ਨਹੀਂ ਕਿ ਉਹਨਾਂ ਦੀ state-less ਹਸਤੀ ਹੋਵੇਗੀ, ਜਦੋਂ ਕਿ 'ਕਮਿਊਨਿਸਟ ਇੰਟਰਨੈਸ਼ਨਲ' ਲੈਨਿਨ ਦੇ ਤਾਬੂਤ ਵਿਚ ਅਦਿੱਖ ਸੁੱਤੀ ਪਈ ਹੈ।

ਫੇਰ ਕੀ ਹੋਵੇ ?

ਸਭ ਤੋਂ ਪਹਿਲਾ ਲੋੜ ਹੈ ਬ੍ਰਹਿਮੰਡ ਧਰਮ ਯਾਨੀ cosmic-order ਨੂੰ ਮਨ ਵਿਚ ਪ੍ਰਕਾਸ਼ ਕਰਨ ਦੀ। ਇਸ ਦੇ ਨਤੀਜੇ ਵਜੋਂ ਮਨੁੱਖ ਦੇ ਮਨ ਤੋਂ ਆਚਰਣ ਵਿਚ ਏਕੋ ਆਤਮ ਹੋਂਦ ਦਾ ਧਰਵਾਸ ਅਤੇ ਨਿਰਭੈਤਾ ਤੇ ਨਿਰਵੈਰਤਾ ਦਾ ਵਿਕਾਸ ਹੁੰਦਾ ਹੈ। ਸੰਸਾਰ ਦੇ ਪਦਾਰਥਾਂ ਨੂੰ ਉਹ ਗੁਰ (ਏਕੋ ਤੋਂ ਸੈਭੰ) ਰਾਹੀਂ ਸਮਝਦਾ ਹੈ ਅਤੇ ਦੇਗ਼ ਫ਼ਤਹਿ ਕਰ ਲੈਂਦਾ ਹੈ, ਕਿਉਂਕਿ ਉਸ ਦਾ ਟਾਕਰਾ ਤਸਕਰ ਆਕੀਆਂ ਮਾਇਆਧਾਰੀਆਂ (ਸਟੇਟ) ਨਾਲ ਹੈ, ਇਸ ਲਈ ਉਹ ਘੱਟੋ-ਘੱਟ ਜ਼ਰੂਰਤਾਂ ਸਮੇਂ ਅਨੁਸਾਰ ਉਲੀਕ ਕੇ, ਮਨ ਦੀ ਕਿਰਪਾਨ ਨੂੰ ਸਮੇਂ ਦੇ ਸ਼ਸਤਰ ਅਨੁਸਾਰ ਸਿਰਜਦਾ ਹੈ ਤਾਂ ਜੋ ਕਿਰਪਾ ਕਰਨ ਵਾਲਾ ਭਰੋਸੇਯੋਗ ਪ੍ਰਬੰਧ ਹੋ ਸਕੇ। ਇਸ ਸੰਸਾਰ ਅੰਦਰ ਸਮੇਂ ਸਥਾਨ ਅਨੁਸਾਰ ਆਪੇ 'ਤੇ ਕਿਰਪਾ ਕਰਨ ਵਾਲੇ ਸ਼ਸਤਰ ਨੂੰ ਵਰਤਣ ਵਾਲੇ ਭਾਰੀ ਭੁਜਾਨਸ਼ਾਲੀਆਂ ਦਾ ਵੱਡਾ ਭਰੋਸਾ ਹੈ, ਵਿਸਾਹ ਹੈ। ਅਜਿਹੇ ਮਨੁੱਖ ਸਟੇਟ ਨੂੰ ਮਾਨਤਾ ਨਹੀਂ ਦੇਂਦੇ। ਉਹ ਸਟੇਟ ਨਾਲ ਖਹਿੰਦੇ ਵੀ ਉਦੋਂ ਨੇ ਜਦੋਂ ਸਟੇਟ ਖਹਿੰਦੀ ਹੈ। ਉਹ ਆਪਣੀ ਰਹਿਤ-ਬਹਿਤ ਵਿਚ ਜੀਵਨ ਗੁਜ਼ਾਰਨਾ ਸ਼ੁਰੂ ਕਰ ਦੇਂਦੇ ਹਨ। ਸਟੇਟ ਦੇ ਜ਼ੋਰ ਸਾਹਮਣੇ ਉਹ ਵੀ ਗਿਣਤੀ ਵਿਚ ਹੁੰਦੇ ਹਨ, ਵੱਧ ਜਾਂ ਘੱਟ। ਜਦੋਂ ਉਹ ਹੁਕਮ ਦੀ ਰਜ਼ਾ ਅਤੇ ਭਾਣੇ ਨੂੰ ਮੰਨਦੇ ਹਨ ਤਾਂ ਅਕਾਲ ਸੱਤਾ ਦਾ ਤਾਂ 'ਤਖ਼ਤ' ਸਮਾਜ ਤੇ ਪਰਿਵਾਰ ਦੇ ਧੁਰੇ ਵਜੋਂ ਨਵੇਂ ਸੰਬੰਧਾਂ ਦੇ ਕੇਂਦਰ ਬਣ ਜਾਂਦੇ ਹਨ, ਇਨਸਾਫ਼ ਤੇ ਤਾਕਤ ਦੇ ਸੋਮੇਂ ਵਜੋਂ ਕੰਮ ਕਰਦੇ ਹਨ। ਆਧੁਨਿਕ ਸਟੇਟ ਦੇ ਸਾਹਮਣੇ non-state ਤਖ਼ਤ, ਯਾਨੀ ਸਾਚੇ ਸਾਹਿਬ ਗ਼ੈਰ-ਰਾਜੀ ਤਖ਼ਤ ਦੀ ਸੱਤਾ, ਮਨੁੱਖਾ ਆਜ਼ਾਦੀ ਲਈ ਜ਼ਰੂਰੀ ਹੈ। ਨਿਰੰਜਨੀ ਤਖ਼ਤ ਤੋਂ ਭਾਵ ਕਿਸੇ ਪੁਜਾਰੀ ਸ਼੍ਰੇਣੀ ਦੇ ਧਰਮ ਪੀਠ ਜਾਂ ਕਿਸੇ ਮਨੁੱਖਾ ਗਿਰੋਹ ਦੇ ਤਖ਼ਤ ਜਾਂ ਖ਼ਾਸ ਇਮਾਰਤ ਤੋਂ ਨਹੀਂ ਹੈ, ਜਿਹੜੀ ਕਿਸੇ ਕਬਜ਼ਾਧਾਰੀ ਕਾਨੂੰਨਾਂ ਅਧੀਨ ਚਲਤ ਹੋਵੇ। ਸਤਿਗੁਰੂ ਸਾਹਿਬਾਨ ਦੇ ਪ੍ਰਾਪਤ ਅਤੇ ਸਥਾਪਤ ਕੀਤੇ ਰੂਪਕਾਂ ਵੱਲ ਹੀ ਵਿਗਿਆਨੀ ਵਿਦਵਾਨ ਵੱਧ ਰਹੇ ਹਨ, ਸਟੇਟ ਨੂੰ ਹਟਾਉਣ ਦੀ ਦਿਸ਼ਾ ਵੱਲ, ਪਰੰਤੂ ਉਹਨਾਂ ਨੂੰ ਗ਼ੈਰ-ਰਾਜੀ ਤਖ਼ਤ ਵਾਲੇ ਵਿਚਾਰ ਦੀ ਅਤੇ ਬਦਲ ਦੀ ਸ਼ਾਇਦ ਜਾਣਕਾਰੀ ਨਹੀਂ ਹੈ।

ਗੁਰ-ਮਤਾ ਤੋਂ ਬਿਨਾਂ ਗ਼ੈਰ-ਸਟੇਟ ਜਥੇਬੰਦੀ ਕੋਲ ਹੋਰ ਕੋਈ directive ਨਹੀਂ ਹੁੰਦਾ। ਜਦੋਂ ਜਥੇਬੰਦੀਆਂ directive ਉਹ ਗ੍ਰਹਿਣ ਕਰਦੀਆਂ ਹਨ, ਜਿਹੜੇ ਦੇਸ਼ਾਂ-ਵਿਦੇਸ਼ਾਂ ਦੀਆਂ ਸਟੇਟ-ਜਥੇਬੰਦੀਆਂ ਦਾ ਆਚਰਣ ਰੂਪ ਜਾਂ ਸੰਵਿਧਾਨਕ ਰੂਪ ਜਾਂ ਪ੍ਰਬੰਧਕੀ ਸੰਸਥਾਵਾਂ ਅਖੌਤੀ ਲੋਕਰਾਜੀ ਪ੍ਰਣਾਲੀਆਂ ਰੂਪ ਹੁੰਦੀਆਂ ਹਨ ਤਾਂ ਮਿੱਤਰੋ! ਉਹ ਜਥੇਬੰਦੀਆਂ ਉਸੇ ਖੂਹ ਡਿੱਗਣਗੀਆਂ, ਜਿਥੇ ਸਟੇਟ ਦਾ ਸ਼ਿਕੰਜਾ ਸ਼ਿਕਾਰ ਲਈ ਗੱਡਿਆ ਹੈ। ਸੋ ਹੀ ਸਿੱਖ ਗੁਰਦੁਆਰਾ ਐਕਟ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਸਾਰੇ ਗੁਰਦੁਆਰਿਆਂ ਅਤੇ ਤਖ਼ਤਾਂ ਨੇ ਡਿੱਗਣਾ ਹੈ।

ਹਰ ਮਨੁੱਖ ਚੱਲਦਾ-ਫਿਰਦਾ ਬ੍ਰਹਿਮੰਡ-ਧਾਰਕ ਹੈ। ਉਸ ਵਿਚ ਸਥਾਪਤ ਸੱਤਾ ਸਿਵਾ ਗੁਰ-ਮਤੇ ਤੋਂ ਹੋਰ ਕਿਸੇ ਰੂਪ ਵਿਚ ਇਜ਼ਹਾਰ ਪ੍ਰਗਟਾਉਂਦੀ ਠੀਕ ਨਜ਼ਰ ਨਹੀਂ ਆਉਂਦੀ। ਅਜਿਹੇ ਪ੍ਰਬੰਧ ਵਿਚ ਅਦਾਲਤਾਂ ਬੇਲੋੜੀਆਂ ਹਨ। ਲੋੜ ਤਾਂ ਕੁਰਾਹੇ ਪਏ ਹੋਏ ਮੈਂਬਰ ਵਿਚ 'ਮਨ' ਜਗਾਉਣ ਦੀ ਹੈ, ਜੋ ਕਿ ਤਨਖ਼ਾਹ ਦੇ ਰੂਪ ਵਿਚ ਸੇਵਾ ਕਰਵਾ ਕੇ, ਕੁਰਾਹੀਏ ਦੇ ਮਨ ਵਿਚਲੇ ਬ੍ਰਹਿਮੰਡ-ਅੰਸ਼ ਨਾਲ ਸੇਵਾ ਰਾਹੀਂ ਜਗਾ ਕੇ ਇਨਸਾਫ਼ ਦੀ ਪ੍ਰਾਪਤੀ ਮੰਨ ਲਈ ਜਾਂਦੀ ਹੈ।

ਯਾਨੀ ਮਨੁੱਖਾਂ ਦੀ ਆਜ਼ਾਦੀ ਲਈ ਜਥੇਬੰਦੀ, ਜਥੇਬੰਦੀ ਦੀ ਰਹਿਤ-ਬਹਿਤ ਯਾਨੀ 'ਦੇਗ ਤੇਗ ਫ਼ਤਹਿ, ਪੰਥ ਕੀ ਜੀਤ', ਨਿਊਕਲਿਯਸ ਯਾਨੀ ਗ਼ੈਰ-ਰਾਜੀ ਤਖ਼ਤ, ਗੁਰ-ਮਤਾ ਅਤੇ 'ਖ਼ਾਲਸਾ ਜੀ ਅਕਾਲ ਪੁਰਖ ਦੀ ਫ਼ੌਜ' ਦਾ ਰਾਖੀ-ਪ੍ਰਬੰਧ ਰੂਪ ਰਾਜ ਖ਼ਾਲਸਾ, ਆਪਣੇ ਆਪ ਵਿਚ ਮਨੁੱਖਾ-ਸੰਪੂਰਨ ਆਜ਼ਾਦੀ, ਬਰਾਬਰੀ, ਭਾਈਵਾਲੀ ਦਾ ਸੂਚਕ ਹੈ। ਯਾਦ ਰਹੇ ਸਮੁੱਚੀ ਕਾਇਨਾਤ ਅਕਾਲ ਪੁਰਖ ਜੀ ਕਾ ਖ਼ਾਲਸਾ ਹੈ। ਕਈ ਸੁਚੇਤ ਹਨ, ਅਨੇਕ ਅਚਿੰਤੇ ਵਿਉਪਾਰੀ ਹਨ।

ਧਰਤੀ ਕਦੇ ਗ਼ੁਲਾਮ ਜਾਂ ਆਜ਼ਾਦ ਨਹੀਂ ਹੁੰਦੀ। ਸਾਨੂੰ ਈਸਾ ਜੀ, ਸੰਤ ਮੀਆਂ ਮੀਰ, ਫ਼ਰੀਦ, ਕਬੀਰ, ਬੁੱਧੂ ਸ਼ਾਹ, ਸੈਫ਼ ਖ਼ਾਨ ਆਦਿਕ ਵੀ ਓਨੇ ਹੀ ਪਿਆਰੇ ਹਨ, ਜਿੰਨੇ ਹੋਰ ਸਨ। ਸਾਨੂੰ ਕਨਿੰਘਮ ਅਤੇ ਮੈਕਾਲਿਫ਼ ਵੀ ਆਪਣੇ ਹੀ ਲੱਗਦੇ ਹਨ। ਖ਼ਾਲਸੇ ਦੀ ਰੂਹ ਨੇ ਪੰਜਾਬੀਆਂ ਨੂੰ ਖੁੱਲ੍ਹਾ-ਡੁੱਲ੍ਹਾ ਕਰਕੇ ਸੱਤ ਸਮੁੰਦਰ ਪਾਰ ਦੀਆਂ ਮਨੁੱਖ ਹਸਤੀਆਂ ਨਾਲ ਇਕਮਿਕ ਕਰ ਦਿੱਤਾ ਹੈ, ਪਰ ਅੱਜ 1947 ਦੀ ਅਖੌਤੀ ਆਜ਼ਾਦੀ ਤੋਂ ਬਾਅਦ ਵੀ, ਮਹਾਰਾਜਾ ਰਣਜੀਤ ਸਿੰਘ ਦੁਆਰਾ ਗੁਰ-ਮਤੇ ਦੀ ਸਮਾਪਤੀ ਤੋਂ ਬਾਅਦ, ਸਾਨੂੰ ਕੋਈ ਆਸ ਦੀ ਕਿਰਨ ਹੋਰ ਕਿਸੇ ਵੀ ਪਾਸੋਂ ਨਜ਼ਰ ਨਹੀਂ ਆਉਂਦੀ।

ਦਰਅਸਲ ਉਪਰੀ ਨਜ਼ਰ ਨਾਲ ਵੇਖਿਆ ਇੰਜ ਲੱਗਦਾ ਹੈ ਕਿ ਹਿੰਦੁਸਤਾਨ state ਦਾ ਇਹ ਪਵਿੱਤਰ ਫ਼ਰਜ਼ ਸੀ ਕਿ ਉਹ ਹਿੰਦੁਸਤਾਨ ਦੇ ਵਿਚ ਚੱਲਦੇ ਹੋਏ ਅੰਦੋਲਨਾਂ ਅਤੇ ਉਹਨਾਂ ਦੇ ਵਿਰਸੇ ਨੂੰ ਆਪਣਾ ਜਾਣ ਕੇ ਰੱਖਿਆ ਕਰਦੀ ਅਤੇ ਉਹਨਾਂ ਦੀ ਰਹਿਤ-ਬਹਿਤ ਤੇ ਮਰਯਾਦਾ ਨੂੰ ਪੂਰੀ ਆਤਮ-ਨਿਰਭਰਤਾ ਪ੍ਰਦਾਨ ਕਰਦੀ ਤਾਂ ਜੋ ਮਨੁੱਖਾ-ਆਜ਼ਾਦੀ, ਜਿਹੜੀ ਜਥੇਬੰਦਕ ਸਮਾਜ ਦੇ ਆਚਰਣ ਰਾਹੀਂ ਹੀ ਪ੍ਰਗਟ ਹੁੰਦੀ ਹੈ, ਦੀ ਪ੍ਰਾਪਤੀ ਹੁੰਦੀ।

ਪਰ ਅਸਲ ਦੇ ਦਰਜੇ ਅਤੇ ਕੋਣ ਤੋਂ ਸੋਚੀਏ ਤਾਂ ਅਸੀਂ ਸਟੇਟ ਨੂੰ ਤਾਂ ਸਗੋਂ ਬਾਧਕ ਪਾਉਂਦੇ ਹਾਂ, ਮਨੁੱਖੀ ਆਜ਼ਾਦੀ ਦੇ ਰਾਹ ਵਿਚ। State ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਰੂਪੀ ਪਦਾਰਥ ਆਧਾਰਿਤ-ਭਾਵਾਂ ਦੀ ਹਵਸ ਅਤੇ ਕਬਜ਼ੇ ਦੀ ਸਵਾਮੀ ਹੈ।

ਹਿੰਦ ਦੀ ਸਟੇਟ ਤਾਂ ਆਪਣੀਆਂ ਹੀ ਬਿਮਾਰੀਆਂ ਕਾਰਨ ਰੋਗ-ਸ਼ਈਆ 'ਤੇ ਪਈ ਹੈ। ਇਸ ਨੂੰ ਰੋਜ਼ ਕਿਰਤੀਆਂ ਦਾ ਖ਼ੂਨਦਾਨ ਕੀਤਾ ਜਾਂਦਾ ਹੈ, ਜ਼ੋਰੀ ਦਾਨ ਲਿਆ ਜਾਂਦਾ ਹੈ, ਪਰੰਤੂ ਦੇਸ ਦੇ ਬੁੱਧੀਜੀਵੀ ਤੇ ਸੁਵਰਣ ਜਾਤਾਂ ਅਤੇ ਪਿਛਲੱਗਾਂ ਨੇ ਡਾਕਣੀ ਦਾ ਰੂਪ ਧਾਰਨ ਕਰ ਲਿਆ ਹੈ ਅਤੇ ਖ਼ੂਨ ਸਾਰਾ ਸਟੇਟ ਦੀ ਆੜ ਵਿਚ ਖ਼ੁਦ ਪੀ ਜਾਂਦੀਆਂ ਹਨ। ਡਾਕਣੀਆਂ ਨੂੰ ਬੁੱਧੀਜੀਵੀ ਅਤੇ ਪ੍ਰਤੀਨਿਧੀ ਦੇਸ਼ ਭਗਤਾਂ ਦੇ ਲਕਬ ਦੇਂਦੇ ਹਨ। ਜਿਥੇ ਜੇਲ੍ਹਾਂ ਵਿਚ ਬੱਚਿਆਂ ਨਾਲ ਹੀ ਕਾਮਚੇਸ਼ਟਾ ਨੂੰ ਪੂਰਿਆਂ ਕੀਤਾ ਜਾਂਦਾ ਹੋਵੇ ਅਤੇ ਕੈਦੀਆਂ ਨੂੰ ਅੰਨ੍ਹਾ ਕੀਤਾ ਜਾਂਦਾ ਹੋਵੇ, ਉਹ ਸਟੇਟ ਖ਼ਾਲਸਾ ਸੰਬੰਧਾਂ ਦੇ ਗੌਰਵ ਦੀ ਪਾਬੰਦ ਹੋਵੇਗੀ, ਇਹ ਮੰਨੇ ਜਾਣ ਵਿਚ ਸਿੱਖੀ ਦਾ ਸੰਪੂਰਨ ਖ਼ਾਤਮਾ ਹੈ। ਸਟੇਟ ਸਬਕ ਚਾਹੁੰਦੀ ਹੈ। ਜੇ ਸਬਕ ਨਾ ਦਿੱਤਾ ਤਾਂ ਨਾਲਾਇਕ ਵਾਂਗੂੰ ਇਹ ਦਵੈਤਵਾਦੀ ਹੋਰਾਂ ਨਾਲ ਉੱਧਲਦੀ ਜਾਵੇਗੀ।

ਮਨੁੱਖ ਦੀ ਆਦਤ ਹੈ, ਕਰਤਾ ਭਾਵ ਪਾਲ ਕਰਕੇ, ਹਉਮੈ ਵਿਚ ਖ਼ੁਮਾਰੀ ਨੂੰ ਜਿਊਣ ਦੀ। ਮਨ ਦੀ ਅੱਖ ਨੂੰ ਆਦਤ ਹੈ ਵੇਖਣ ਦੀ ਹਰ ਇਕ ਪਦਾਰਥ ਨੂੰ, ਮਨੁੱਖ ਦੀ ਕ੍ਰਿਤ ਦੇ ਰੂਪ ਵਿਚ। ਆਧਾਰਭੂਤ ਨੇਮ ਵੱਲ ਮਨ ਨੂੰ ਸੇਧਿਆਂ, ਹਉਮੈ ਖ਼ੁਮਾਰ ਦਾ ਸੋਮਾ ਸੁੱਕਣ ਲੱਗਦਾ ਹੈ ਅਤੇ ਸਮੁੱਚੀ ਹੋਂਦ ਯਾਨੀ ਏਕੋ ਆਤਮ ਯਾਨੀ ਏਕੋ ਸਤਿ ਨਾਮੁ, ਅੰਮ੍ਰਿਤ ਖ਼ੁਮਾਰ

ਦੇ ਸੋਮੇ ਦੇ ਭਾਵ-ਰੂਪ ਮਨ ਵਿਚ ਪ੍ਰਗਟ ਹੁੰਦਾ ਹੈ। ਏਕੋ ਆਤਮ ਹੋਂਦ, ਸਮੁੱਚੇ ਜਲਚਰ, ਥਲਚਰ ਅਤੇ ਨਭਚਰ ਹੋਂਦ ਹਸਤੀਆਂ ਦੇ ਰੂਪ ਵਿਚ (ਕੁਦਰਤ), ਖ਼ੁਦ ਜਿਉਂਦੀ ਹੈ। ਇਸ ਖ਼ੁਦ ਜਿਉਣ ਵਾਲੀ ਹਸਤੀ ਨੂੰ ਖ਼ੁਦਾਇ (ਖ਼ੁਦ-ਆਇ) ਅਨੁਭਵ ਅਰਥ ਵਿਚ ਲਿਆ ਜਾਵੇ ਤਾਂ ਖ਼ਿਆਲੀ ਮਿੱਥਿਆ ਰੱਬ (ਯਾਨੀ ਮਾਇਆ) ਭੁਲੇਖਾ ਦੂਰ ਹੁੰਦਾ ਹੈ। ਜਦੋਂ ਜੀਵ (ਮਨੁੱਖ) ਕੁਦਰਤ ਦੇ ਜਾਗਰੂਕ ਸਾਧਨ ਆਤਮ ਰੂਪ (ਸਵੈ) ਵਿਚ ਜੀਵੰਤ ਰਹਿੰਦਾ ਹੈ ਤਾਂ ਕੁਦਰਤ ਦੀ ਸਰਬੋਤਮ ਚਾਲਕ ਸ਼ਕਤੀ ਹੁਕਮ ਹੀ ਉਸ ਲਈ ਸੰਸਾਰ ਵਿਚ ਹੁਕਮ ਹੈ। ਇੰਜ ਹੁਕਮ ਤਖ਼ਤ ਦਾ ਕਰਮ ਖੇਤਰ ਮਨ ਅਤੇ ਦੇਹੀ ਹੈ ਅਤੇ ਇਹ ਅਬਚਲ-ਰਾਜ ਹੈ। ਇਹੋ ਕਰਮ ਖੇਤਰ ਮਨੁੱਖ ਦਾ ਧਰਮ ਹੈ। ਜਦੋਂ ਮਾਇਆ ਤਹਿਜ਼ੀਬ ਮਾਇਆ ਕਾਨੂੰਨਾਂ ਰਾਹੀਂ ਰੁਕਾਵਟਾਂ ਖੜ੍ਹੀਆਂ ਕਰਦੀ ਹੈ ਤਾਂ ਅਬਚਲ-ਨੇਮ ਧਾਰਨੀ, ਸੰਸਾਰ ਵਿਚ ਜਿਹੜੀ ਜੁਗਤ ਰਾਹੀਂ ਆਪਣੀ ਰਹਿਤ ਬਚਾਉਂਦੇ ਹਨ, ਉਹ ਹੈ ਤਖ਼ਤ ਅਤੇ ਗੁਰ-ਮਤਾ।

(ਮੂਲ ਲਿਖਤ ਜੁਲਾਈ 1982)

ਹਵਾਲੇ ਤੇ ਟਿੱਪਣੀਆਂ

1. ਅਕਾਲ ਤਖ਼ਤ 1924-25 ਤੋਂ ਬਾਅਦ ਪ੍ਰਚੱਲਿਤ ਹੋਇਆ ਨਾਉਂ ਹੈ।

17

ਸਿੱਖ ਰਾਜਨੀਤੀ ਦਾ ਸੰਕਲਪ

ਦੇਵਿੰਦਰ ਸਿੰਘ

ਕੇਂਦਰਿਤ ਤੇਜ ਦੇ ਪੁਜਾਰੀ ਮਨੁੱਖਾਂ ਦੇ ਮਨ ਵਿਚ ਤਾਕਤ ਅਤੇ ਧਨ ਦੀ ਹਿਰਸ ਅਧੀਨ ਉਹ ਨੇਤਰ ਬੰਦ ਪਏ ਰਹਿੰਦੇ ਹਨ, ਜਿਹੜੀ ਕਿ ਬਖ਼ਸ਼ਿਸ਼-ਹੀਣ ਅਤੇ ਗ਼ੈਰ-ਸਮਰਪਿਤ ਮਨੁੱਖ ਦੀ, ਕੁਦਰਤ ਵੱਲੋਂ ਹੀ ਹੋਣੀ ਨਿਸ਼ਚਿਤ ਹੁੰਦੀ ਹੈ। ਧਾਤ ਦੀ ਬਹੁ-ਭਿੰਨਤਾ ਅਤੇ ਨਿੱਜ ਉਦਰ ਉੱਤੇ ਕੇਂਦਰਿਤ ਬਿਰਤੀ ਵਿਚਕਾਰ ਖੋਇਆ ਹੋਇਆ ਮਨੁੱਖ ਨਿਪੱਟ ਬਾਹਰਮੁਖੀ ਵਰਤਾਰੇ ਵਿਚ ਪ੍ਰਪੱਕ ਹੋ ਜਾਂਦਾ ਹੈ। ਅੰਤਰਮੁਖੀ ਹੋ ਕੇ ਨਿੱਜ ਘਰ ਵੱਲ ਪਰਤਣ ਦੇ ਭਾਗ, ਸ਼ਾਇਦ ਉਸ ਮਨੁੱਖ ਦੇ ਹੰਕਾਰੀ ਤ੍ਰਿਸ਼ਨਾ ਭਰਪੂਰ, ਉੱਚੇ ਉੱਚੇ ਸ਼ੋਰ ਮਚਾਉਣ ਵਾਲੇ ਜਪੁ, ਤਪੁ, ਪਾਠਾਂ ਅਤੇ ਕਰਮ-ਕਾਂਡਾਂ ਦੀ ਢੀਠਤਾ ਹੇਠ ਸੁੱਤੇ ਪਏ, ਜਿਵੇਂ ਜਾਗਣ ਲਈ ਗੁਰ-ਸ਼ਬਦ ਦੀ ਪਾਰਸ ਬਖ਼ਸ਼ਿਸ਼ ਦੀ ਉਡੀਕ ਸੰਬੰਧੀ ਵੀ ਬੇਖ਼ਬਰ ਹਨ। ਮਨੁੱਖ ਖ਼ਬਰਾਂ ਅਤੇ ਸਾਕਤ ਵਿਚਾਰਾਂ ਦੀ ਵਿਦਵਤਾ ਵਿਚ ਗਰਬੀਲਾ ਹੋ ਕੇ ਗੁਰ-ਸ਼ਬਦ-ਤੱਤ ਦੀ ਸੋਝੀ ਤੋਂ ਜਿਵੇਂ ਹੀਣਾ ਹੀ ਰਹਿਣਾ ਚਾਹੁੰਦਾ ਹੈ। ਗਰਬ ਅਤੇ ਹਉਮੈ ਉਸ ਨੂੰ ਧਨ ਅਤੇ ਤਾਕਤ ਦੀ ਬਹੁ-ਭਿੰਨਤਾ ਵਿਚਕਾਰ ਅੰਨ੍ਹੀ ਦੌੜ ਵਿਚ ਗ਼ਲਤਾਨ ਰੱਖਦੀ ਹੈ ਅਤੇ 'ਵਾਹਿ ਗੁਰੂ' ਸ਼ਬਦ ਵਾਲਾ ਵਿਸਮਾਦੀ ਬੋਲਾ ਉਸ ਲਈ, ਅਸਚਰਜ ਭਰਪੂਰ ਵਿਡਾਣ ਦੇ ਵਿਸਮਾਦ ਵਿਚ 'ਜੋਤੀ ਜੋਤਿ' ਹੋ ਜਾਣ ਦੀ ਅਸਮਰੱਥਾ ਕਾਰਨ, ਸਿਰਫ਼ ਇਕ ਜੜ੍ਹ ਅਤੇ ਰੂੜ੍ਹ ਸੰਬੋਧਨ, ਉਹ ਵੀ ਸਿਰਫ਼ ਰਟਣ ਕਿਰਿਆ ਮਾਤਰ ਲਈ ਰਹਿ ਜਾਂਦਾ ਹੈ। 'ਸੱਚ' ਅਤੇ 'ਸਚਿਆਰਾ', 'ਸ਼ਬਦ, 'ਸਿੱਖ' ਤੇ 'ਸਿੱਖਣਾ' ਅਤੇ 'ਵਾਹਿ ਗੁਰੂ ਜੀ ਕਾ ਖ਼ਾਲਸਾ' ਉਸ ਲਈ 'ਪਰਮ ਹਸਤੀ ਦੇ ਦੁਨਿਆਵੀ ਪ੍ਰਗਟਾਉ' ਦੇ ਪ੍ਰਸੰਗ ਵਿਚ ਕੋਈ ਮੁੱਲ ਨਹੀਂ ਰੱਖਦੇ। ਬੱਸ ਦਾਤ ਪਿਆਰੀ ਹੈ ਅਤੇ ਬਹੁ-ਭਿੰਨ ਧਾਤ ਰੂਪਾਂ ਦੇ ਭੁਗਤਾ ਹੋਣ ਦਾ ਬਿਉਹਾਰ ਹੀ ਅਜਿਹੇ ਮਨੁੱਖ ਨੂੰ ਖਿੱਚਾਂ ਪਾਉਂਦਾ ਹੈ।

ਪੁਜਾਰੀ ਪ੍ਰਣਾਲੀਆਂ ਦਾ ਇਸਤੇਮਾਲ ਅਜਿਹੇ ਮਨੁੱਖਾਂ ਲਈ ਧਰਤੀ ਉੱਤੇ ਸਹਿ-ਹੋਂਦ ਦੇ ਧੁਰ-ਨੁਕਾਤੀ ਸਿਧਾਂਤ, 'ਕੁਦਰਤ ਦੀਆਂ ਬਖ਼ਸ਼ਿਸ਼ਾਂ' ਨੂੰ ਲੁੱਟਣ, ਸੰਪੈ ਸੰਚੈ ਕਰਣ, ਪਾਤਸ਼ਾਹੀਆਂ ਸਿਕਦਾਰੀਆਂ ਮਾਣਨ ਅਤੇ ਭੋਗ-ਚੋਗ ਭੁੰਚਨ ਦੀ ਅੰਨ੍ਹੀ ਦੌੜ ਵਿਚ ਆਪੋ-ਆਪਣਾ ਦਰਜਾ ਵਧਾਉਣਾ ਸੁਨਿਸ਼ਚਿਤ ਕਰਨਾ ਹੀ ਹੈ। ਇਸੇ ਕਿਰਿਆ ਅਧੀਨ, ਇਸੇ ਹੀ ਕਿਰਿਆ ਨੂੰ ਸਥਾਪਤ ਅਤੇ ਉੱਨਤ ਕਰਨ ਹਿੱਤ ਕਰਮ-ਕਾਂਡੀ ਪ੍ਰਣਾਲੀਆਂ ਹਰ ਇਕ ਮਜ਼੍ਹਬ ਭੇਖ-ਅੰਤਰਿ ਇਜ਼ਾਦ ਹੁੰਦੀਆਂ ਰਹੀਆਂ ਹਨ, ਸਮੇਤ ਰਾਜਸ਼ਾਹੀਆਂ, ਰਾਜ-ਰਾਸ਼ਟਰ, ਰਾਜੀ ਸਮਾਜਵਾਦ, ਪਦਾਰਥਕ ਭੋਗਤਾਵਾਦ ਉੱਤੇ ਆਧਾਰਿਤ ਦੇਸੀ ਅਤੇ ਬਹੁ-ਦੇਸੀ ਪੂੰਜੀ-ਪ੍ਰਬੰਧ, ਸਿਆਸੀ ਧੜਾ ਸਿਸਟਮ ਅਤੇ ਚੋਣਾਂ, ਵੋਟ-ਬੈਂਕ ਸਿਆਸਤ, ਪਾਰਟੀ ਪ੍ਰਤੀਨਿਧੀ ਪਾਰਲੀਮਾਨੀ ਢਾਂਚਾ, ਕੇਂਦਰਿਤ ਕਾਰਜਕਾਰਨੀ, ਪੇਸ਼ੇਵਰ ਨਿਆਂਪਾਲਿਕਾ,

ਸਿੱਖਿਆ ਅਤੇ ਸੰਚਾਰ ਸਾਧਨ ਅਤੇ ਸਰਬ-ਸੰਸਾਰੀ ਸ਼ਾਹੂਕਾਰਾ, ਮੰਡੀ ਅਤੇ ਵਿਉਪਾਰ ਦਾ ਵਿਧਾਨ। ਇਹ ਵਿਵਸਥਾ ਮਨੁੱਖਾ ਹਉਮੈ ਅਤੇ ਸਾਕਤ ਬਿਰਤੀਆਂ ਦੀ ਉਪਜ ਹੈ ਅਤੇ ਇਸ ਵਿਵਸਥਾ ਵਿੱਚੋਂ ਅਜਿਹਾ ਹੀ ਫਲ ਪ੍ਰਾਪਤ ਹੁੰਦਾ ਹੈ।

ਸਿੱਖ ਲੋਕਾਂ ਦੀ ਸਥਿਤੀ

ਸੰਸਾਰ ਭਰ ਦੇ ਦੇਸ਼ਾਂ ਦੀਆਂ ਸਿੱਕਾ ਪ੍ਰਣਾਲੀਆਂ ਹੁਣ ਸੋਨਾ ਜ਼ਮਾਨਤ ਦੇ ਆਧਾਰ 'ਤੇ ਨਹੀਂ, ਸਗੋਂ ਕਾਗਜ਼ ਦੇ ਨੋਟਾਂ ਦੀ ਕੀਮਤ, ਦੂਜਿਆਂ ਦੇ ਕਾਗਜ਼ ਦੇ ਨੋਟਾਂ ਦੇ ਆਧਾਰ ਉੱਤੇ ਰਾਜ ਤੇ ਕਾਰਪੋਰੇਟ ਅਸਾਮਿਆਂ ਦੇ ਆਧਾਰ ਉੱਤੇ ਨਿਰਧਾਰਤ ਰੋਜ਼ ਦੀ ਰੋਜ਼ ਹੁੰਦੀ ਹੈ। ਅਜਿਹੀ ਸਥਿਤੀ ਵਿਚ ਸਥਾਨਕ ਮੀਰੀ ਅਤੇ ਪੀਰੀ ਦੀਆਂ ਬੌਣ-ਹੋਂਦਾਂ ਨੂੰ ਜੰਗਾਲ ਲੱਗਣ ਦੇ ਹਾਲਾਤ ਪੈਦਾ ਹੋ ਗਏ ਹਨ ਅਤੇ ਉਹਨਾਂ ਦੀ ਉੱਮਤ ਦੇ ਵੀ ਜੰਗਾਲੇ ਜਾਣ ਦੀ ਸੰਭਾਵਨਾ ਬਣ ਲੱਗਦੀ ਹੈ। ਸਰਬ-ਸੰਸਾਰੀ ਵਣਜ ਸਾਮਰਾਜ ਵਿਚ, ਸਾਮਵਾਦ ਵਾਲੇ ਹਥਿਆਰ ਸਮਾਂ ਵਿਹਾ ਗਏ ਪ੍ਰਤੀਤ ਹੁੰਦੇ ਹਨ। ਨਵਾਂ ਸੰਗਰਾਮ ਖੇਤਰ ਸਾਇੰਸ ਅਤੇ ਤਕਨੀਕ ਦੀ ਪੈਦਾਵਾਰ ਵਿਚ ਰੁੱਝੀ ਹੋਈ ਮਨੁੱਖ ਸ਼ਕਤੀ ਅਤੇ ਕਾਰਪੋਰੇਟ ਮਲਕੀਅਤਾਂ ਵਿਚਕਾਰ ਸੰਘਰਸ਼ ਲਈ ਅਖਾੜੇ ਬਣਨਗੇ, ਅਜਿਹਾ ਪ੍ਰਤੀਤ ਹੁੰਦਾ ਹੈ। ਹੁਕਮ ਤੋਂ ਵਿਹੂਣੀ ਸੁਰਤ ਅਤੇ ਹਉਮੈ ਭਰਪੂਰ ਬੁੱਧੀ ਦੇ ਦੁਆਰਾ ਸਿਰਜੇ ਜਗ-ਸੰਸਾਰ, ਸਮਾਜ ਅਤੇ ਪਰਿਵਾਰਕ ਸੰਬੰਧਾਂ ਨੂੰ ਜਿਹੜੇ ਕਿ ਉਪਰੋਕਤ ਬਿਆਨ ਕੀਤੇ ਬੇਤਾਲਾ ਪ੍ਰਬੰਧਕ ਪ੍ਰਣਾਲੀਆਂ ਹਨ, ਨੂੰ ਗੁਰੂ ਪਾਤਸ਼ਾਹ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿਚ ਰੱਦ ਦਿੱਤਾ ਹੈ।[1]

ਸੰਸਾਰੀ-ਮਨੁੱਖਾ-ਸੁਰਤ ਅਤੇ ਸਭਿਅਤਾ ਦੇ ਪੜਾਉ

ਅੱਜ ਤੀਕਰ, ਮਨੁੱਖਾ-ਸੁਰਤ ਅਨੇਕਾਂ ਹੀ ਸਭਿਅਤਾਵਾਂ ਅਤੇ ਸਭਿਆਚਾਰਾਂ ਦੇ ਪੜਾਵਾਂ ਰਾਹੀਂ ਵਿਕਾਸ ਕਰਦੀ ਹੋਈ ਉੱਤਰ-ਆਧੁਨਿਕ ਕਾਲ ਦੀ ਸੰਸਾਰ ਮੰਡੀ ਸਭਿਅਤਾ ਦੇ ਯੁੱਗ ਦੇ ਆਰੰਭ ਕਾਲ ਉੱਤੇ ਪਹੁੰਚੀ ਹੈ। ਇਹਨਾਂ ਪੜਾਵਾਂ ਦੇ ਅਧਿਅਨ ਵਿਚ ਰਾਜ ਜਾਂ ਰਾਜੇ ਬਹੁਤੇ ਮਹੱਤਵਪੂਰਨ ਨਜ਼ਰ ਨਹੀਂ ਆਉਂਦੇ। ਰਾਜੇ ਤਾਂ ਸਗੋਂ ਕਾਲ ਦੇ ਰੋੜ੍ਹ ਵਿਚ ਰੁੜ੍ਹਦੇ ਖੱਪਦੇ ਨਜ਼ਰ ਆਉਂਦੇ ਹਨ। ਇਹ ਪੜਾਉ ਮਨ ਅਤੇ ਸੁਰਤ ਦੇ ਹਨ, ਜਦੋਂ ਕਿ ਰਾਜਾਂ ਅਤੇ ਰਾਜਿਆਂ ਨੇ ਤਾਂ ਸਿਰਫ਼ ਇਹਨਾਂ ਦੀ ਕਮਾਈ ਉੱਤੇ ਆਕੀਪੁਣਾ ਹੀ ਕੀਤਾ ਹੈ। ਜਿਉਂ ਜਿਉਂ ਮਨੁੱਖ ਕੁਦਰਤ ਦੇ ਅਨੁਭਵ ਵਿਚ ਅਮੀਰ ਹੁੰਦਾ ਚਲਿਆ ਗਿਆ, ਤਿਉਂ ਤਿਉਂ ਮਨੁੱਖ ਨੇ ਭਿੰਨ ਭਿੰਨ ਇਤਿਹਾਸਕ ਪੜਾਵਾਂ ਦੇ ਰੂਪ ਵਿਚ ਆਪਣੇ ਦਸਤਖ਼ਤ ਕੀਤੇ। ਹਜ਼ਰਤ ਨੋਆਹ ਨੇ ਕਥਿਤ ਨਾਸਤਿਕਾਂ ਤੋਂ ਪਰਿਵਾਰ ਨੂੰ ਵੱਖਰਾ ਕਰਨ ਲਈ ਅਤੇ ਕੁਦਰਤ ਦੇ ਬੁੱਝੇ ਗਏ ਨੇਮਾਂ ਅਨੁਸਾਰ ਚੱਲਣ ਲਈ ਪਰਿਵਾਰ ਨੂੰ ਕਥਿਤ ਬੇਤਾਲਾ ਮਿੱਥ ਤੋਂ ਨਿਆਰਾ ਰੱਖ ਕੇ ਜਥੇਬੰਦ ਕੀਤਾ।

ਹਜ਼ਰਤ ਮੂਸਾ ਨੇ ਯਹੂਦੀ ਕੌਮ ਨੂੰ ਜਥੇਬੰਦ ਕਰਕੇ ਮੁਕਤੀ ਦਿਖਾਈ ਅਤੇ ਸਮੂਹਿਕ ਜਥੇਬੰਦੀ ਦੇ ਪ੍ਰਬੰਧ ਹਿਤ ਦਸ ਹੁਕਮਾਂ ਦਾ ਐਲਾਨ ਕੀਤਾ। ਇਹ ਕਾਨੂੰਨ ਦੇ ਰਾਜ ਦਾ ਆਰੰਭਕ ਅਨੁਭਵ ਕਿਹਾ ਜਾ ਸਕਦਾ ਹੈ। ਵੈਦਿਕ ਰਿਸ਼ੀਆਂ ਨੇ ਕੁਦਰਤ ਦੇ ਅਨੇਕਾਂ ਅੰਗਾਂ ਵਿਚ ਦੁੱਖ-ਹਰਤਾ ਦੈਵ-ਸ਼ਕਤੀਆਂ ਦਾ ਅਨੁਭਵ ਕੀਤਾ। ਕ੍ਰਿਸ਼ਨ ਜੀ ਨੇ ਨੇਮਾਂ ਨੂੰ ਰਾਜ

ਅਤੇ ਰਾਜਿਆਂ ਤੋਂ ਪਹਿਲ ਦਿੱਤੀ ਅਤੇ ਧਰਮ ਨੂੰ ਮਾਪਿਆਂ ਅਤੇ ਵੱਡਿਆਂ ਦੇ ਹੁਕਮਾਂ ਅਤੇ ਆਗਿਆਕਰਤਾ ਤੋਂ ਨਿਆਰਾ ਕਰਕੇ ਪੇਖਣ ਦੀ ਜਾਚ ਦੱਸੀ। ਕੁਦਰਤ ਦੇ ਅਨੁਭਵੀ ਮਹਾਤਮਾ ਬੁੱਧ ਨੇ ਨਿਜ ਹਸਤੀ ਅਤੇ ਵਿਸ਼ਵ ਧਰਮ-ਚੱਕਰ ਬਾਰੇ ਦੱਸਦੇ ਹੋਏ ਮਨੁੱਖ ਨੂੰ ਪਹਿਲੀ ਵਾਰ ਗ਼ੈਰ-ਰਾਜੀ ਪੱਧਰ ਉੱਤੇ ਜਥੇਬੰਦੀ (ਬੋਧੀ ਸੰਘ) ਸਿਰਜਣ ਦਾ ਸਬਕ ਦਿੱਤਾ। ਪਰਮਾਤਮਾ ਦੇ ਪੁੱਤਰ ਹਜ਼ਰਤ ਈਸਾ ਮਸੀਹ ਜੀ ਨੇ ਗ਼ੈਰ-ਰਾਜੀ ਸਤਰ 'ਤੇ ਮੁੱਢਲਾ ਈਸਾਈ ਸਮਾਜ ਅਤੇ ਚਰਜ ਗਠਿਤ ਕੀਤਾ ਅਤੇ ਇਸ ਸਥਾਪਤੀ ਵਿਚਲੀ ਜੀਵਨ-ਪਰੰਪਰਾ ਨੂੰ ਗ਼ੁਲਾਮਾਂ ਦੀ ਮੁਕਤੀ ਲਈ, ਮੇਰੀ ਜਾਚੇ, 'ਸਵਰਗ ਦਾ ਰਾਜ' ਕਰਾਰ ਦਿੱਤਾ। ਪੈਗ਼ੰਬਰ ਹਜ਼ਰਤ ਮੁਹੰਮਦ ਸਾਹਿਬ ਨੇ ਕੁਦਰਤ ਦੀ ਏਕਾਕਾਰੀ ਤਾਕਤ ਦੇ ਰੂਪ ਵਿਚ, ਸਥਾਪਤ ਵੰਡੇਵਿਆਂ ਦੇ ਗੜ੍ਹਾਂ ਅਤੇ ਸਵਾਮੀਆਂ ਨੂੰ ਤੋੜ ਕੇ, 'ਵਹਦਤ-ਅਲ-ਵਜੂਦ' ਅਤੇ 'ਇਤਿਹਾਦ' ਦਾ ਪ੍ਰਗਟਾਉ ਕੀਤਾ। ਅਲਾਹ ਦੇ ਬੰਦੇ ਨੂੰ ਅਲਾਹ ਦੇ ਬੰਦਿਆਂ ਉਪਰ ਸਵੈਛਾਚਾਰੀ ਪਾਤਸ਼ਾਹੀ ਹੁਕਮ ਚਲਾਉਣ ਦੀ ਮਨਾਹੀ ਪਾਬੰਦ ਕੀਤੀ ਗਈ। 'ਸਮੁੱਚੀ ਸ੍ਰਿਸ਼ਟੀ ਇਕ ਅਲਹ ਦੀ ਹੈ' ਦੇ ਵਿਚਾਰ ਦੇ ਇਤਿਹਾਸਕ ਪ੍ਰਗਟਾਉ ਕਰਦੇ ਹੋਏ ਗਿਆਨ-ਵਿਗਿਆਨ ਦੇ ਹੜ੍ਹ ਵਗਾ ਦਿੱਤੇ। ਖੜ੍ਹੋਤ ਦੇ ਸ਼ਿਕਾਰ ਅਤੇ ਬੌਣੀਆਂ ਬੁੱਤ-ਪ੍ਰਸਤ ਸਭਿਅਤਾਵਾਂ ਨੂੰ ਚੇਤੰਨ-ਪ੍ਰਕਾਸ਼ ਦੇ ਪੜਾਉ 'ਤੇ ਲਿਆ ਖੜ੍ਹਾ ਕੀਤਾ ਅਤੇ ਇਸ ਪ੍ਰਭਾਵ ਦੇ ਨਤੀਜੇ ਵਜੋਂ ਦੁਨੀਆਂ ਭਰ ਵਿਚ ਪਰੋਟੈੱਸਟੈਂਟ ਈਸਾਈ ਲਹਿਰਾਂ ਅਤੇ ਸੰਤ-ਭਗਤੀ ਲਹਿਰਾਂ ਚੱਲੀਆਂ। ਜਿਹਨਾਂ ਨੇ ਸਭਿਅਤਾ ਨੂੰ ਆਧੁਨਿਕ ਯੁਗ ਵਿਚ ਦਾਖ਼ਲ ਕੀਤਾ।

ਸੰਸਾਰ ਮਨੁੱਖੀ ਸੁਰਤ ਅਤੇ ਸਭਿਅਤਾ ਦਾ ਖ਼ਾਲਸਾ ਪੜਾਉ

'ਖ਼ਾਲਸਾ' ਸ਼ਬਦ 'ਸੰਬੰਧਾਂ' ਦਾ ਧਾਰਨੀ ਹੈ। ਇਹ ਸ਼ਬਦ ਖ਼ਾਸ 'ਸੰਬੰਧਾਂ' ਦਾ ਸੰਚਾਰ ਕਰਦਾ ਹੈ। ਸਭ ਤੋਂ ਵੱਧ ਪ੍ਰਮਾਣੀਕ ਗਵਾਹੀ ਹੈ ਖ਼ਾਲਸਾ ਦੇ ਉਸ ਬੋਲੇ ਦੀ ਜਿਹੜੇ ਦਸਵੇਂ ਗੁਰੂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਦੀ ਸਿਰਜਣਾ ਵੇਲੇ, ਸਿੰਘਾਂ ਦੇ ਪਹਿਲੇ ਗੁਣ ਦਯਾ, ਧਰਮ, ਹਿੰਮਤ, ਮੁਹਕਮ, ਸਾਹਿਬ ਸਰੂਪ ਪੰਜ ਪਿਆਰਿਆਂ ਨੂੰ ਦਿੱਤਾ :

ਵਾਹਿ ਗੁਰੂ ਜੀ ਕਾ ਖ਼ਾਲਸਾ
ਵਾਹਿ ਗੁਰੂ ਜੀ ਕੀ ਫ਼ਤਹਿ ॥

ਖ਼ਾਲਸਾ, ਵਾਹਿ ਗੁਰੂ ਦਾ ਹੈ। ਇਹ 'ਸੰਬੰਧ' ਸ਼ਰੀਕ ਅਤੇ ਵਿਚੋਲੇ ਨੂੰ ਖ਼ਤਮ ਕਰਦੇ ਹਨ। ਇਹਨਾਂ ਸੰਬੰਧਾਂ ਅੰਤਰ-ਚੈਤੰਨ ਜਾਗ੍ਰਤ ਹੋਵਣ ਕਾਰਨ ਮਨੁੱਖਾਂ ਦੇ ਜਥੇਬੰਦ ਸਮੂਹ ਇਸ ਨੂੰ 'ਖ਼ਾਲਸਾ ਜੀ' ਸੰਬੋਧਨ ਕੀਤਾ ਜਾਂਦਾ ਹੈ, ਨੂੰ ਪ੍ਰਭੂ-ਸੱਤਾ ਜਾਂ ਖ਼ੁਦਮੁਖ਼ਤਿਆਰੀ ਕਾਲ ਪੁਰਖ ਤੋਂ ਜਮਾਂਦਰੂ ਮਿਲਦੀ ਹੈ, ਯਾਨਿ ਖ਼ਾਲਸਾ ਸੁਰਤ ਦੇ ਪ੍ਰਕਾਸ਼ ਰੂਪੀ ਜਨਮ ਤੋਂ ਹੀ ਮਿਲਦੀ ਹੈ। ਇਸ ਸਿਧਾਂਤ ਵਿਚ ਅਵਤਾਰਵਾਦ, ਪੈਗ਼ੰਬਰਵਾਦ, ਰਾਜੇ ਦੇ ਦੈਵੀ ਅਧਿਕਾਰ ਅਤੇ ਸਾਮਰਾਜ ਸ਼ਾਹੀ ਦਾ ਨਿਖੇਧ ਹੈ। ਇਹਨਾਂ ਨੂੰ ਰੱਦ ਕੀਤਾ ਗਿਆ ਹੈ। ਪੈਗ਼ੰਬਰ, ਅਖ਼ੀਰੀ ਕਿਆਮਤ ਦੇ ਸਮੇਂ ਵਿਚ ਜ਼ਾਮਨ ਵੀ ਹੈ। ਖ਼ਾਲਸੇ ਦਾ ਪਾਤਸ਼ਾਹ ਤਾਂ ਜ਼ਾਹਰਾ-ਜ਼ਹੂਰ ਹੈ। ਕਾਇਨਾਤ ਅਤੇ ਜੀਵਾਂ ਦੇ ਸਰਗੁਣ ਸਰੂਪ ਵਿਚ ਪ੍ਰਗਟ ਹੈ, ਜਿਸ ਦਾ ਕਿ ਖ਼ਾਲਸਾ ਸੁਚੇਤ ਹਿੱਸਾ ਹੈ। ਇਸ ਤਰ੍ਹਾਂ ਖ਼ਾਲਸਾ ਆਪਣਾ ਹੀ ਪੈਗ਼ੰਬਰ ਹੋ ਸਕਦਾ

ਹੈ। ਜਿਹੜੀ ਵੀ ਵਿਚਾਰਧਾਰਾ ਗੁਰੂ ਸਾਹਿਬਾਨ ਨੂੰ ਪੈਗ਼ੰਬਰ ਮਿੱਥਦੀ ਹੈ, ਉਹ ਅਣਜਾਣੇ ਵਿਚ ਖ਼ਾਲਸੇ ਨੂੰ ਪੈਗ਼ੰਬਰ ਮਿੱਥ ਰਹੀ ਹੈ, ਪਰ ਮੰਨਦੀ ਨਹੀਂ। ਗੁਰੂ ਅਤੇ ਗੁਰੂ ਖ਼ਾਲਸਾ ਦਾ 'ਜ਼ਾਮਨ' ਰੂਪ, ਵਿਚਾਰਧਾਰਾ ਅਤੇ ਇਤਿਹਾਸ ਵਿਚ ਕਿਧਰੇ ਵੀ ਉਜਾਗਰ ਨਹੀਂ ਹੈ।

ਗੁਰੂ ਪਾਤਸ਼ਾਹ ਦੀ ਵਿਰਾਸਤ ਦੇ ਖ਼ਾਲਸਾ ਜੀ ਧਾਰਕ ਹਨ। ਗੁਰੂ ਚੇਤੰਨ ਜਾਗ੍ਰਤੀ ਪ੍ਰਕਾਸ਼ ਮੀਰੀ-ਪੀਰੀ ਵਿਚ ਪ੍ਰਭੁਸੱਤਾ ਸੰਪੰਨ ਹੈ। ਇਹੋ ਹੀ ਖ਼ਾਲਸਾ ਸਵਰੂਪ ਹੈ। ਕੁਦਰਤ ਵਿਚ ਸਮਾਏ ਹੁਕਮ ਅਤੇ ਭਾਣੇ ਨੂੰ 'ਧੁਰ ਕੀ ਬਾਣੀ' ਵਿਚ ਉਸਤਤਿ ਰੂਪ ਵਿਚ ਚਿਤਵਿਆ ਜਾਂਦਾ ਹੈ। ਧੁਰ ਕੀ ਬਾਣੀ ਆਕਾਸ਼ ਤੋਂ ਉੱਤਰੀ ਹੋਈ ਜਾਂ ਆਕਾਸ਼ ਬਾਣੀ ਜਾਂ ਆਵੇਸ਼ ਅੰਦਰ ਸੁਰਤੀ ਵਿਚ ਉਤਰਿਆ ਹੋਇਆ ਸੰਦੇਸ਼ ਜਾਂ ਹੁਕਮ ਨਹੀਂ ਹੈ। ਆਵੇਸ਼ ਤਾਂ ਸਤਿਗੁਰਾਂ ਦੀ ਸਹਿਜ ਅਤੇ ਬਿਸਰਾਮ ਵਾਲੀ ਜੀਵਨ-ਸਮਾਧੀ ਨਾਲ ਉਂਜ ਵੀ ਢੁੱਕਦਾ ਨਹੀਂ। ਰਾਜਨੀਤੀ ਅਤੇ ਸਮਾਜਿਕ ਵਿਗਿਆਨਾਂ ਦੇ ਅਧਿਅਨ ਦੱਸਦੇ ਹਨ ਕਿ ਮਨੁੱਖ ਹਮੇਸ਼ਾ ਹੀ ਸਮੂਹਾਂ ਵਿਚ ਜਥੇਬੰਦ ਹੋ ਕੇ ਰਿਹਾ ਹੈ ਅਤੇ ਆਧੁਨਿਕ ਯੁਗ ਦਾ ਆਰੰਭ ਤੇ ਇਹਨਾਂ ਹੀ ਵਿਚਾਰਾਂ ਤੋਂ ਹੁੰਦਾ ਹੈ ਕਿ ਮਨੁੱਖ, ਰਾਜਕੀ-ਪ੍ਰਭੁਸੱਤਾ ਦੇ ਸੋਮੇ ਹਨ। ਸੋ ਜਨ-ਸਾਧਾਰਨ ਦਾ ਕਿਹੜੇ ਵਿਚਾਰਾਂ ਨੇ ਕਾਇਆ ਪਲਟ ਕੀਤਾ, ਜਾਗ੍ਰਿਤੀ ਲਿਆਂਦੀ ਕਿ ਜਨ-ਸਾਧਾਰਨ ਸੰਗਠਿਤ ਹੋ ਕੇ ਰਾਜਿਆਂ ਨੂੰ ਫ਼ਨਾਹ ਕਰਕੇ ਆਪਣਾ ਪ੍ਰਬੰਧ ਆਪ ਕਰਨ ਲੱਗ ਪਏ ? ਇਹ ਪ੍ਰਬੰਧ ਅਤੇ ਇਸ ਵਿਚਲੇ ਸੰਬੰਧ, 'ਬਦਲ' ਨੂੰ ਨਵ-ਸਿਰਜਣਾ ਰੂਪ ਵਿਚ ਜਿਵੇਂ ਆਏ, ਦੀ ਰੂਪ-ਰੇਖਾ ਦਾ ਬਿਰਤਾਂਤ ਬੁਨਿਆਦੀ ਸਿਧਾਂਤ ਵਿਚਾਰਧਾਰਾ ਦੇ ਪ੍ਰਗਟਾਉ ਦੇ ਰੂਪ ਵਿਚ ਕੀਤਾ ਹੈ। ਸਭ ਤੋਂ ਪਹਿਲਾਂ ਸੰਸਾਰ ਵਿਚ ਇਹ ਤਜਰਬਾ ਪੰਜਾਬ ਦੇ ਖੇਤਰ ਵਿਚ ਵਾਪਰਿਆ।

ਕੁਦਰਤ ਦਾ ਵਿਕਾਸ (ਮਨੁੱਖ ਲਈ ਬੁਨਿਆਦੀ ਸਿਧਾਂਤ)

1. ਰਾਤੀ, ਰੁੱਤੀ, ਥਿੱਤੀ, ਵਾਰ, ਪਵਣ, ਪਾਣੀ, ਅਗਨੀ, ਪਾਤਾਲ ਵਿਚਕਾਰ ਧਰਤੀ ਨਾਮਕ ਗ੍ਰਹਿ, ਧਰਮ (ਯਾਨਿ ਬ੍ਰਹਿਮੰਡੀ ਨੇਮਾਂ ਜਾਂ ਹੁਕਮ) ਦੀ ਕਾਰਜਸ਼ਾਲਾ ਵਜੋਂ ਸਥਾਪਤ ਹੈ, ਜਿਸ ਵਿਚ ਅਨੰਤ ਹੀ ਪ੍ਰਕਾਰ ਦੇ ਜੀਵ ਪਲ ਰਹੇ ਹਨ ਅਤੇ ਇਹਨਾਂ ਸਾਰੇ ਜੀਵਾਂ ਦੀਆਂ ਜਮਾਤਾਂ ਦੀਆਂ ਆਪਣੀਆਂ ਭਾਂਤ-ਭਾਂਤ ਦੀਆਂ ਜੀਵਨ ਜੁਗਤਾਂ ਹਨ ਅਤੇ ਇਹਨਾਂ ਦੇ ਨਾਉਂ ਅਨੇਕ ਅਨੰਤ ਹਨ।[2] ਇੰਜ ਇਸ ਜ਼ਾਵੀਏ ਤੋਂ ਵਾਚੀਏ ਤਾਂ ਮਨੁੱਖ ਧਰਤੀ ਦੀ ਜਿਲਦ ਦੀ ਰੋਮਾਵਲੀ ਵਿਚ ਵਿਚਰਦੇ ਹੋਏ ਜੀਵਾਂ ਵਿੱਚੋਂ ਇਕ ਜੀਵ ਜਾਤੀ ਹੈ।

2. ਬ੍ਰਹਿਮੰਡੀ ਹੋਂਦ ਅਤੇ ਪਾਸਾਰ ਅਤੇ ਅਣਗਿਣਤ ਗ੍ਰਹਿਆਂ ਆਕਾਰਾਂ ਦੇ ਰੂਪ ਵਿਚ ਜਿਸ ਪਰਮ-ਹਸਤੀ ਨੇ ਰੂਪ ਧਾਰਿਆ, ਉਸ ਨੂੰ ਗੁਰਬਾਣੀ ਵਿਚ 'ਸੱਚ' ਪੁਕਾਰਿਆ ਗਿਆ ਹੈ।[3] 'ਸੱਚੁ' ਹੀ ਆਦਿ ਸੀ, 'ਸੱਚੁ' ਹੀ ਜੁਗਾਂ ਦੇ ਦਰਮਿਆਨ ਰੂਪਮਾਨ ਵਿਚ ਸੀ, ਹੁਣ ਭੀ 'ਸੱਚੁ' ਹੀ ਸਮੁੱਚੀ ਹੋਂਦ ਦੇ ਰੂਪ ਵਿਚ ਪ੍ਰਗਟ ਹੈ ਅਤੇ ਭਵਿੱਖਤ ਵੀ 'ਸੱਚੁ' ਹੀ ਹੋਂਦ ਦਾ ਰੂਪ ਹੋਵੇਗਾ।[4] 'ਸੱਚੁ' ਕਰਤਾ ਹੈ ਅਤੇ 'ਸੱਚੁ' ਹੀ ਕਾਰਨ ਹੈ, 'ਸੱਚੁ' ਹੀ ਸਿਰਜਣਹਾਰ ਹੈ, 'ਸੱਚੁ' ਹੀ ਜੋੜ ਅਤੇ ਵਿਛੋੜ ਦੀ ਕਿਰਿਆ, ਵਿਚੇ ਹੀ ਰਮੇ ਰੂਪ ਵਿਚ ਕਰਦਾ ਹੈ, 'ਸੱਚੁ' ਹੀ ਘਟ-ਘਟ ਵਿਚ ਸਮੋਇਆ ਹੈ। ਘਟ-ਘਟ ਵਿਚ 'ਸੱਚੁ' ਹੀ ਰਮਤਾ 'ਰਾਮ' ਕਹਾਉਂਦਾ ਹੈ।[5] ਘਟ-ਘਟ ਵਿਚ 'ਸੱਚੁ' ਆਪੇ ਵਿਚ ਹੀ ਨਿਹਿਤ 'ਹੁਕਮ' ਅਨੁਸਾਰ ਵਸਿਆ ਹੋਇਆ ਹੈ ਅਤੇ ਹੁਕਮੀ ਹੀ ਵਿਚਾਰ ਹੋ ਰਿਹਾ ਹੈ।[6] ਹੁਕਮ ਅਨੁਸਾਰ ਸਭ ਸਾਜਿਆ ਗਿਆ

ਹੈ ਅਤੇ ਹੁਕਮ ਹੀ ਹਰ ਆਕਾਰ ਵਿਚ ਵਰਤ ਰਿਹਾ ਹੈ।[7] 'ਸੱਚੁ' ਦੇ ਬਣਾਏ ਹੋਏ ਸਾਰੇ ਹੀ ਆਕਾਰ ਸੱਚੀ ਹੋਂਦ ਰੱਖਦੇ ਹਨ ਇਸ ਪ੍ਰਥਾਏ ਨਾਮ ਹਨ, ਯਾਨਿ ਅਸਤਿਤਵ ਧਾਰੀ ਮਨੁੱਖ ਦੇ ਧਰੇ ਹੋਏ ਨਾਉਂ ਹਨ, 'ਮਾਯਾ' ਨਹੀਂ। ਉਹ ਸਚੁ ਸਰਗੁਣ ਸਰੂਪ ਵਿਚ ਕਹਾਉਂਦਾ ਹੈ : ਏਕੋ ਸਤਿ।

ਅਸੀਂ ਮਨੁੱਖਾ ਆਕਾਰ ਨੂੰ, ਸੱਚੁ' ਦੇ ਪ੍ਰਗਟ ਰੂਪ ਕਾਇਨਾਤ, ਸੰਸਾਰ ਅਤੇ ਇਸ ਦੇ ਅਨੇਕਾਂ ਹੀ ਨਾਮ ਰੂਪਾਂ ਵਿੱਚੋਂ ਮਨਫ਼ੀ ਕਿਵੇਂ ਕਰ ਸਕਦੇ ਹਾਂ।[8] ਜੇਕਰ ਮਨੁੱਖ ਨੂੰ ਮਨਫ਼ੀ ਕਰ ਦੇਈਏ ਤਾਂ ਤਖ਼ਤ ਤਾਂ ਸਨਾਤਨ ਪਰਪਾਟੀ ਵੇਲੇ ਦੈਵੀ ਆਕਾਸ਼-ਬਾਣੀ ਨੂੰ ਨਸ਼ਰ ਕਰਨ ਵਾਲਾ ਦਿਵ੍ਯ ਪੀਠ ਸਾਧਨ ਬਣ ਜਾਵੇਗਾ। ਅਜਿਹੇ ਅਨੇਕ ਸੋਮਨਾਥ ਮੰਦਰ ਵਰਗੇ ਸਾਧਨ ਤੁਰਕਾਂ ਨੇ ਤੋੜ ਦਿੱਤੇ, ਦੈਵੀ-ਪੀਠ ਪੁੱਟ ਛੱਡੇ, ਪਰੰਤੂ ਭਗਤ ਨਾਮਦੇਵ ਜੀ ਦੇ ਕਹਿਣ ਅਨੁਸਾਰ ਕੋਈ ਬੁੱਤ ਚੀਖਿਆ ਤੀਕਰ ਨਹੀਂ। ਮਨੁੱਖ ਤਖ਼ਤ ਸਾਹਿਬ ਦੇ ਸੰਕਲਪ ਵਿੱਚੋਂ ਮਨਫ਼ੀ ਨਹੀਂ ਹੈ, ਸਗੋਂ ਨਾਮ-ਰੂਪ ਦੀ ਹਸਤੀ ਭੋਗਦਾ ਹੋਇਆ ਸੁਚੇਤ ਸੰਕਲਪਾਂ ਲਈ ਇਹ ਨਾਮ-ਹਸਤੀ ਤਖ਼ਤ ਹੈ। ਕਾਲ ਪੁਰਖੁ ਦੀ ਫ਼ੌਜ ਇਸ ਤਖ਼ਤ ਤੋਂ ਮਨਫ਼ੀ ਨਹੀਂ, ਸਗੋਂ ਭਰਪੂਰ ਹੈ।

3. ਅਨੰਤ ਨਾਮਰੂਪ (ਕੁਦਰਤ) ਦੀ ਸਿੱਖਿਆ, ਵੱਧ ਰਿਹਾ ਗਿਆਨ ਅਤੇ ਤਦ ਅਨੁਸਾਰੀ ਕਰਮ ਜਾਂ ਸ਼ੁਭ ਅਮਲ ਇਤਿਹਾਸ ਦਾ ਮਜ਼ਮੂਨ ਹੈ।[9] ਮਨੁੱਖ ਗਿਆਨ ਦਾ ਭਿਖਾਰੀ ਹੈ, ਗਿਆਨ ਦਾ ਰਚੇਤਾ ਨਹੀਂ। 'ਕਰਣ ਕਾਰਣ-ਕਰਤਾਰ' ਦੀ ਖੋਜ ਉਸ ਗੁਰ 'ਸ਼ਬਦ' ਦਾ ਹਿੱਸਾ ਹੈ, ਜਿਸ ਨਾਲ ਉਸ ਦੇ ਮਨ ਦਾ ਖ਼ੁਦਮੁਖ਼ਤਿਆਰ ਮਹੱਲ ਪ੍ਰਕਾਸ਼ਮਾਨ ਹੁੰਦਾ ਹੈ। 'ਗੁਰ ਸ਼ਬਦ' ਕੁਦਰਤ ਦੇ ਵਿਕਾਸ ਅਤੇ ਮਨੁੱਖਾ ਮਨ ਵਚਨ ਕਰਮ ਦੇ ਵਿਚਕਾਰ ਇਕ ਲਿੰਕ ਹੈ, ਜਿਸ ਸੰਬੰਧੀ ਖੋਜ ਹੀ ਦਰਅਸਲ ਜਾਣੇ-ਅਣਜਾਣੇ ਵਿਚ ਸੰਸਾਰ ਗਿਆਨੀ ਵਿਗਿਆਨੀ ਕਰ ਰਹੇ ਹਨ। ਇਹ ਸ਼ੁਭ ਅਮਲ ਕੁਦਰਤ ਦੇ ਆਪਣੇ ਹੀ ਵਿਕਾਸ ਦੇ ਵਹਾਉ ਵਿਚ ਹੋ ਰਿਹਾ ਹੈ।[10] ਕੁਦਰਤ ਨੂੰ ਸਰ ਕਰਨਾ, ਫ਼ਤਹਿ ਕਰਨ ਦਾ ਵਿਚਾਰ ਅਤੇ ਉਂਜ ਵੀ ਜਹਾਲਤ ਦਾ ਪ੍ਰਗਟਾਵਾ ਹੈ।

ਹੁਕਮ ਅਤੇ ਨਾਮਰੂਪ ਗੁਣਧਾਰੀ ਅਤੇ ਆਕਾਰਾਂ ਸੰਬੰਧੀ ਸੋਝੀ, ਸਮਝ ਅਤੇ ਗਿਆਨ, 'ਸੱਚੁ' ਦੇ ਆਪਣੇ ਹੀ ਤਰੀਕਿਆਂ ਅਤੇ ਸਾਧਨਾਂ ਦੁਆਰਾ, ਗਿਆਨੀ-ਵਿਗਿਆਨੀਆਂ ਦੇ ਮਨ ਵਿਚ ਪ੍ਰਕਾਸ਼ਮਾਨ ਹੁੰਦੇ ਹਨ। ਜਬਰੀ ਅਤੇ ਮਨਮਤੀ ਤਰੀਕਿਆਂ ਅਤੇ ਸਾਧਨ ਨਾਲ ਸੱਚ ਦੀ ਖੋਜ ਸਿਰੇ ਨਹੀਂ ਲੱਗਦੀ, ਭਾਵੇਂ ਲੈਬਾਂ ਵਿਚ ਅਨੇਕਾਂ ਪੀੜ੍ਹੀਆਂ ਸਾਰੀਆਂ ਉਮਰਾਂ ਕੁਦਰਤ ਨਾਲ ਪਰਮ ਸੁਰ ਮਨ ਸਥਿਤੀ ਦੀ ਅਣਹੋਂਦ ਕਰਨ, ਖੋਜ ਵਿਚ ਕਿਉਂ ਨਾ ਕੱਟ ਦੇਣ।

ਕੁਦਰਤ ਦਾ ਵਿਕਾਸ : ਮਨੁੱਖ ਦਾ ਕਾਇਆ-ਨਗਰ...

ਹਰਿਮੰਦਰ ਵਿਚ ਪਰਤ ਕੇ ਆਉਣਾ ਅਤੇ ਪਰਮਾਤਮਾ ਵੱਲ ਪਰਤ ਕੇ ਆਉਣਾ ਜਾਂ ਵੇਦਾਂ ਵੱਲ ਪਰਤਣਾ ਵਿਚਕਾਰ ਸੰਪੂਰਨ ਵਿਰੋਧ ਹੈ।

ਕੁਦਰਤ ਵਿਚ ਹੀ 'ਕਾਰਨ' ਵੱਸਿਆ ਹੈ। ਬਲਿ ਹਾਰੀ ਮੈਂ, ਕੁਦਰਤ ਦੀ ਰੋਮਾਵਲੀ ਦਾ ਹਿੱਸਾ ਮਨੁੱਖ, ਆਪਣੇ ਹੀ ਜਨਮ, ਵਿਕਾਸ ਅਤੇ ਪ੍ਰਬੰਧ ਦੀ ਖੋਜ ਵਿਚ ਰੁੱਝਾ ਹੋਇਆ ਹੈ। ਇਹ 'ਕਾਰਨ ਦੀ ਖੋਜ' ਕੁਦਰਤ ਦਾ ਹੀ ਸਵੈ ਜਾਂ ਆਤਮ ਪ੍ਰਗਟਾਉ ਹੈ। 'ਸੱਚੁ' ਕਾਰਨ

(ਜੋਤਿ), 'ਸੱਚੁ ਨਾਮਰੂਪਾ' (ਕੁਦਰਤ) ਅੰਦਰ ਰੱਤੇ ਹੁਕਮ ਅਨੁਸਾਰ ਹੀ ਜੀਵਨ ਜੀਉ ਰਿਹਾ ਹੈ। ਮਨੁੱਖ ਦੀ ਇਹ ਹੋਣੀ ਕੁਦਰਤ ਦੇ ਵਿਕਾਸ ਦਾ ਅਟੱਲ ਨੇਮ ਹੈ। ਮਨੁੱਖ ਨੇ ਅੰਤ ਬਾਹਰਮੁਖੀ ਭਟਕਣ ਛੱਡ ਕੇ ਵਾਪਸ 'ਘਰ' ਪਰਤਣਾ ਹੈ ਅਤੇ ਇਸ ਦੀ ਹੋਣੀ ਅਤੇ ਕੁਦਰਤ ਦਾ ਵਿਕਾਸ ਦੱਸਦੇ ਹਨ ਕਿ ਇਸ ਨੇ 'ਸੱਚੁ' ਨੂੰ ਆਪਣੇ ਹੀ ਅੰਤਰ ਸਥਿਤ ਹਰਿਮੰਦਰ (ਰੋਗ ਸੋਗ ਦੁਖ ਦੋਖ ਹਰਤਾ ਗਿਆਨ ਮਨਨ-ਦਰ) ਰਾਹੀਂ ਪ੍ਰਾਪਤ ਕਰਨਾ ਹੈ[11], ਜਿਥੇ ਸਥਿਤ ਗਿਆਨ ਸਰੋਵਰ ਅੰਮ੍ਰਿਤਸਰ (ਮ੍ਰਿਤੂ-ਵਿਹੀਨ ਸੱਚੁ ਸੰਬੰਧੀ ਗਿਆਨ ਸਰੋਵਰ)[12] ਵਿਚ ਇਸ ਨੇ ਟੁੱਭੀਆਂ ਲਗਾ ਕੇ ਗੁਰ ਸਿੱਖ ਦੀ ਅਵਸਥਾ ਨੂੰ ਪ੍ਰਾਪਤ ਕਰਨਾ ਹੈ। ਇਹੋ ਹੈ ਨਾਮ ਤੀਰਥ, ਮਨੁੱਖਾਂ ਦੀ ਅੰਤਰਮੁਖੀ ਲੈਬ, ਖੋਜ ਦਾ ਸਰੋਤ। ਹੁਕਮ ਸਰੂਪ ਨਾਮਰੂਪਾ (ਜੀਵ ਆਕਾਰ) ਦੀ ਉਤਪਤੀ[13], ਵਿਕਾਸ, ਵਿਨਾਸ਼ ਜਾਂ ਨਿਕਾਸ ਦੀ ਨਿਰੰਤਰਤਾ ਅਤੇ ਜੀਵਨ (ਹੁਕਮ ਦਾ ਪ੍ਰਗਟਾਓ) ਦੀ ਨਿਰੰਤਰ ਅਟੱਲਤਾ ਹੀ ਅਬਚਲ ਰਾਜ ਕਿਹਾ ਜਾਂਦਾ ਹੈ। ਇਸ ਧਰਤੀ ਅਤੇ ਇਸ ਦੇ ਜੀਵਨ ਉੱਤੇ ਕੁਦਰਤ ਦਾ ਅਬਚਲ ਰਾਜ ਹੈ।

ਕੁਦਰਤ ਦਾ ਨੇਮ (ਧਰਮ) ਹੀ, ਧਰਤੀ ਦਾ ਧਰਮ ਹੈ ਅਤੇ ਇਸ ਵਿਚਲੇ ਅਕਾਰਾਂ ਦਾ ਧਰਮ ਹੈ। ਇਥੇ ਧਰਮ ਦੇ ਅਰਥ ਕਰਮ-ਕਾਂਡੀ ਨੇਮਾਂ ਦਾ ਸੰਗ੍ਰਹਿ ਜਾਂ ਕਰਮ-ਕਾਂਡੀ ਗਿਰੋਹ ਮੱਤ ਜਾਂ ਮਜ਼ਬ ਨਹੀਂ ਹੈ। ਧਰਤੀ ਦੇ ਰਮੇ ਹੋਏ ਨੇਮਾਂ ਨੂੰ ਹੀ ਧਰਮ ਕਹਿੰਦੇ ਹਾਂ। ਯਾਨਿ ਕੁਦਰਤ ਦੇ ਨੇਮ ਹੀ ਧਰਤੀ ਦਾ ਅਤੇ ਇਸ ਵਿਚਲੇ ਅਕਾਰਾਂ ਦਾ ਧਰਮ ਹੈ। (ਆਸਾ ਦੀ ਵਾਰ...ਕੁਦਰਤ ਵਾਲੀ ਪਉੜੀ)

ਉਪਰੋਕਤ ਵਿਚਾਰਾਂ ਤੋਂ ਕੁਝ ਤੱਥ ਨਿਕਲਦੇ ਹਨ

1. 'ਸੱਚੁ' ਸਰਬੋਤਮ ਹਸਤੀ ਹੈ, 'ਇਕੋ ਹੁਕਮੁ' ਹੈ, ਜਿਸ ਨੇ ਸਾਰੀ ਸ੍ਰਿਸ਼ਟੀ ਦੇ ਗੁਣ ਅਤੇ ਆਕਾਰ ਵਾਲਾ ਰੂਪ ਧਾਰਨ ਕੀਤਾ ਹੈ ਅਤੇ ਖ਼ੁਦ ਸਵੈਛਾ ਹੀ ਅਨੇਕਾਂ ਵਿਚ ਜੀਵਨ ਜਿਉ ਰਿਹਾ ਹੈ। ਯਾਨਿ ਸੰਸਾਰ ਦਾ ਰੂਪ 'ਮਾਯਾ' ਨਹੀਂ ਹੈ।[14]
2. ਅਨੇਕਾਂ ਆਕਾਰ, 'ਸੱਚੁ' ਦਾ ਪ੍ਰਗਟ ਰੂਪ ਹਨ ਅਤੇ ਇਸ ਕਾਰਨ ਇਹ ਆਕਾਰ 'ਮਾਯਾ' ਨਹੀਂ, ਸਗੋਂ 'ਸੱਚ' ਹਨ। ਯਾਨਿ ਮਨੁੱਖੀ ਕਲਪਨਾ ਦੁਆਰਾ ਰਚੇ 'ਮਾਯਾ' ਸੰਕਲਪ ਅਤੇ ਰਾਜ-ਪ੍ਰਬੰਧ ਜਾਂ ਜਗ-ਪ੍ਰਬੰਧ ਸਭ 'ਕੂੜ' ਹਨ।
3. 'ਸੱਚੁ' ਖ਼ੁਦਮੁਖ਼ਤਿਆਰ ਹੈ, ਸੈਭੰ ਹੈ, ਕਰਤਾ ਹੈ, ਪੁਰਖ ਹੈ, ਅਕਾਲ ਹੈ, ਮੂਰਤਿ ਹੈ। 'ਸੱਚੁ' ਦੇ ਹਰ ਆਕਾਰ ਵਿਚ ਸਥਾਪਤ ਹੋਣ ਦੇ ਨਤੀਜੇ ਵਜੋਂ, ਹਰ ਮਨੁੱਖ ਇਕ ਖ਼ੁਦਮੁਖ਼ਤਾਰ ਸੁਤੰਤਰ ਸੱਚ ਹੈ। ਹਰ ਮਨੁੱਖ ਚੱਲਦਾ ਫਿਰਦਾ ਬ੍ਰਹਿਮੰਡ ਧਾਰੀ ਹੈ। ਇਹ ਦੁਨਿਆਵੀ ਰਾਜ ਜਾਂ ਰਾਜ-ਰਾਸ਼ਟਰੀ ਤਖ਼ਤਾਂ ਦਾ ਖ਼ਾਲਸਾ ਨਹੀਂ, ਸਗੋਂ ਪਰਮ 'ਸੱਚੁ' ਦੇ ਸੈਭੰ ਤਖ਼ਤ (ਨਿਰਾਕਾਰ) ਦਾ ਖ਼ਾਲਸਾ ਹੈ।
4. ਕੁਦਰਤ 'ਏਕੋ ਸੱਚੁ' ਦਾ ਪ੍ਰਗਟ ਰੂਪ 'ਸਤਿ' ਹੈ ਅਤੇ ਨਤੀਜਨ ਕੁਦਰਤ ਵਿਚਲੇ ਜੀਵ ਰੂਪ ਵੀ, ਏਕੋ ਸੱਚੁ ਦੇ ਹੀ ਧਾਰੇ ਹੋਏ ਹਨ। ਕੁਦਰਤ ਇਕ ਸੰਪੂਰਨ ਅਤੇ ਸਿੱਧ ਵਿਵਸਥਾ ਹੈ, ਜਿਸ ਦੇ ਅਟੱਲ ਅੰਤਰਗਤ ਸਮਾਏ ਯਾਨਿ ਪੂਰੇ ਹੋਏ ਕਾਨੂੰਨ ਹਨ। ਕੁਦਰਤ ਵਿਚ ਕੀਤਾ ਜਾਣ ਵਾਲਾ ਹਰ ਕੰਮ, ਹਰ ਇਕ ਕਿਰਿਆ, ਪ੍ਰਤੀਕਿਰਿਆ ਪੈਦਾ ਕਰਦੇ ਹਨ। ਇਸ ਨੂੰ ਸਰਗੁਣਾਂ ਵਿਚਕਾਰ ਸੰਜੋਗ-ਵਿਜੋਗ ਦੀ ਕਿਰਿਆ ਕਿਹਾ ਜਾਂਦਾ ਹੈ। ਪ੍ਰਤੀਕਿਰਿਆ ਵਜੋਂ ਜਿਹੜਾ ਸੰਜੋਗ ਵਿਜੋਗ ਪੈਦਾ

ਹੁੰਦਾ ਹੈ, ਉਸ ਨੂੰ ਰਜ਼ਾ, ਸੱਚਾ ਦਰਬਾਰ, ਸੱਚਾ ਅਦਲ, ਸੱਚਾ ਨਿਆਏ ਅਤੇ ਇਨਸਾਫ਼ ਭਾਵਾਨੁਸਾਰ ਕਹਿ ਸਕਦੇ ਹਾਂ। ਇਹ ਦਰਬਾਰ ਕੁਦਰਤ ਦੇ ਸਰਬ ਆਕਾਰਾਂ ਦੇ ਅੰਤਰ ਹੀ ਸਥਿਤ ਹੈ। ਇਹ ਇਕ ਸਰਗੁਣ ਅਤੇ ਸਤ-ਪੂਰਨ ਸਵਯੰਭੂ ਪ੍ਰਭੂਸੱਤਾ ਪੂਰਨ, ਪ੍ਰਭੂ ਰਾਜ, ਅਬਚਲ ਰਾਜ ਯਾਨਿ ਪਰਾਲਭਧ ਭਾਣਾ ਹੈ।

5. ਮਨੁੱਖ ਚਾਹੁਣ 'ਤੇ ਵੀ ਉਪਰੋਕਤ ਖ਼ੁਦਮੁਖ਼ਤਿਆਰੀ ਨੂੰ ਤਿਆਗ ਨਹੀਂ ਸਕਦਾ ਜਾਂ ਅੱਜ ਦੀ ਜ਼ੁਬਾਨ ਵਿਚ ਡੈਲੀਗੇਟ ਵੀ ਨਹੀਂ ਕਰ ਸਕਦਾ ਤੇ ਜੇ ਤਿਆਗ ਦੀ ਕਿਰਿਆ ਦਾ ਫੁਰਨਾ ਕਰਦਾ ਹੈ ਤਾਂ ਮੁਗ਼ਾਲਤੇ ਦੇ ਇਸ ਨਤੀਜੇ ਵਜੋਂ ਘੋਰ ਕਸ਼ਟਾਂ ਦੇ ਰੂਪ ਵਿਚ ਭੋਗਦਾ ਇਤਿਹਾਸ ਵਿਚ ਦਰਜ ਹੈ ਤੇ ਜੋ ਕੋਈ ਖੋਂਹਦਾ ਹੈ ਤਾਂ ਉਸ ਦਾ ਹਸ਼ਰ ਵੀ ਇਤਿਹਾਸ ਵਿਚ ਮੁਗ਼ਾਲਤੇ ਦੇ ਨਤੀਜੇ ਵਜੋਂ ਕਸ਼ਟ ਭੋਗਦਾ ਹੋਇਆ ਦਰਜ ਹੈ, ਪਰੰਤੂ ਕਿਸੇ ਵੀ ਹਾਲਾਤ ਵਿਚ ਦੇਹ ਖ਼ੁਦਮੁਖ਼ਤਿਆਰੀ ਨਹੀਂ ਤਿਆਗਦੀ।
6. ਹਰ ਮਨੁੱਖ ਆਪਣੇ ਅੰਤਰ ਹੀ 'ਸੱਚ' ਦੇ ਗਿਆਨ ਅਤੇ ਜਾਗ੍ਰਤੀ ਰਾਹੀਂ ਬਾਹਰਮੁਖੀ 'ਸਮਗਤੀ' ਹਾਸਲ ਕਰ ਸਕਦਾ ਹੈ। ਇੰਜ ਸੰਗਤ ਦੀ ਸਿਰਜਣਾ ਹੁੰਦੀ ਹੈ।

ਗੁਰ ਸੰਗਤ ਕੀਨੀ ਖ਼ਾਲਸਾ[15] (ਗੁਰੂ ਪੰਥ ਖ਼ਾਲਸਾ)

ਦਸ ਗੁਰ-ਪਾਤਸ਼ਾਹੀਆਂ ਨੇ ਲੱਗਭਗ ਸਵਾ ਦੋ ਸੌ ਸਾਲਾਂ ਦੀ ਮਿਹਨਤ ਨਾਲ ਇਕ ਅਨੁਪਮ ਸਿਰਜਣਾ ਕੀਤੀ। ਉਹ ਸਿਰਜਣਾ ਸੀ ਗੁਰ-ਸਿੱਖ, ਗੁਰ-ਮੁਖ ਅਤੇ ਗੁਰ-ਸੰਗਤ[16] ਦੀ ਜਿਸ ਨੂੰ ਦਸਾਂ ਨਾਨਕ ਸਰੂਪਾਂ ਦੁਆਰਾ ਧਾਰੇ ਹੋਏ 'ਖ਼ਾਲਸੇ' ਸੰਬੰਧਾਂ ਵਿਚ ਰੂਪਾਤਰਣ ਕਰਕੇ, ਇਤਿਹਾਸਕ ਗੁਰਿਆਈ ਦੀ ਸੌਂਪਣਾ 1699 ਈ. ਨੂੰ ਰਸਮੀ ਰੂਪ ਵਿਚ ਦਸਮ ਨਾਨਕ ਪਾਤਸ਼ਾਹ ਨੇ ਕੀਤੀ। ਦਸਮ ਪਾਤਸ਼ਾਹ ਨੇ ਖ਼ਾਲਸੇ ਦੀ ਉਸਤਤਿ ਸਤਿਗੁਰ ਅਤੇ ਈਸ਼ਟ ਰੂਪ ਵਿਚ ਦਰਜ ਕੀਤੀ ਅਤੇ ਸੰਸਾਰੋਂ ਆਪਣੇ ਨਾਮ-ਰੂਪ ਦੇ ਪੂਰੇ ਹੋਣ ਸਮੇਂ ਉਹ ਆਪਣੇ ਸਾਰੇ ਅਧਿਕਾਰ ਖ਼ਾਲਸੇ ਦੀ ਸੌਂਪਣਾ ਵਿਚ ਕਰ ਚੁੱਕੇ ਸਨ।[17]

ਇਸ ਇਤਿਹਾਸਕ ਰੂਪਾਂਤਰਣ ਵਿਚ ਦਸ ਸਤਿਗੁਰ ਜੋਤਾਂ ਕਾਲ ਅਤੀਤ ਗੁਰੂ ਗ੍ਰੰਥ ਸਾਹਿਬ ਅਤੇ ਕਾਲ ਪੁਰਖ ਗੁਰੂ ਖ਼ਾਲਸਾ, ਓਤਪੋਤ ਸਾਗਰ ਬੂੰਦੇਰੋ ਹੋ ਗਏ।[18] ਦਸ ਗੁਰੂ ਸਾਹਿਬਾਨ ਤੋਂ ਬਾਅਦ ਸਿੱਖ ਲਹਿਰ ਦੇ ਇਤਿਹਾਸਕ ਨਾਯਕ ਗੁਰੂ ਖ਼ਾਲਸਾ ਪੰਥ ਹਨ।[19] 'ਸਿੱਖ ਅਰਦਾਸ' ਵਿਚ 'ਤੇਗ ਬਹਾਦਰ ਸਿਮਰੀਐ ਘਰ ਨੌ ਨਿਧਿ ਆਵੈ ਧਾਇ ਸਭ ਥਾਈ ਹੋਈ ਸਹਾਏ' ਤੋਂ ਬਾਅਦ 'ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ॥ ਖ਼ੁਆਰ ਹੋਏ ਸਭ ਮਿਲਹਿੰਗੇ, ਬਚੇ ਸ਼ਰਨ ਜੋ ਹੋਇ॥' ਦੀ ਸਮਾਪਤੀ ਤੀਕਰ ਦਾ ਕਲਾਮ (ਮਿਲਾਵਟ ਕੱਢ ਕੇ) ਖ਼ਾਲਸਾ ਜੀ ਦੁਆਰਾ ਰਚਿਤ ਹੈ, ਜਿਹੜਾ ਕਿ ਖ਼ਾਲਸਾ ਪੰਥ ਦਾ ਸਵੈ-ਜੀਵਨੀ ਸੰਖੇਪ ਇਤਿਹਾਸ ਵੀ ਹੈ। ਜਿਸ ਵਿਚ ਖ਼ਾਲਸੇ ਨੇ ਆਪਣੀ ਪ੍ਰਭੂਤਾ ਵਾਲੇ ਸੰਸਾਰ ਮੁੱਦੇ ਅਤੇ ਨਿਰਦੇਸ਼ ਵੀ ਸ਼ਾਮਲ ਕੀਤੇ ਹਨ ਤਾਂ ਜੋ ਅਰਦਾਸ ਸਿਮਰਤੀ ਵਿਚ ਨਿਸ਼ਾਨੇ ਕਾਇਮ ਰੱਖੇ ਅਤੇ ਅਰਦਾਸ ਲਿਲ੍ਹੜੀਆਂ ਕੱਢਣ ਲਈ ਬਾਹਰ ਸ਼ਕਤੀ ਸਾਹਵੇਂ ਪ੍ਰਾਰਥਨਾ ਨਾ ਬਣ ਜਾਵੇ।

ਨਿਚੋੜ

ਅਰਦਾਸ ਵਿਚ ਕਿਸੇ ਅਵਤਾਰ, ਪੈਗ਼ੰਬਰ, ਦੇਵਤਿਆਂ ਜਾਂ ਪਰਮਾਤਮਾ ਜਾਂ ਅਜਿਹੇ

ਹੀ ਪ੍ਰਚਲਿਤ ਨਾਵਾਂ ਦਾ ਜ਼ਿਕਰ ਨਹੀਂ ਹੈ। ਇਥੇ ਤਾਂ 'ਗੁਰ ਦੇ ਗਿਆਨ ਰਾਉ ਨਾਲ ਰੁਸ਼ਨਾਏ ਮਨੁੱਖਾ ਸਮੂਹ' ਯਾਨਿ ਖ਼ਾਲਸਾ, ਖ਼ਾਲਸੇ ਦਾ ਕਰਮ ਖੰਡੁ ਅਤੇ 'ਪੁਰਖੁ' ਜਗਮਗਾ ਰਹੇ ਹਨ। ਲੋਕ ਸਮੂਹਾਂ ਦੀ ਝੋਲੀ ਵਿਚ ਨਾਯਕਤਵ ਜਾਂ ਲੀਡਰਸ਼ਿਪ, ਸੰਸਾਰ ਇਤਿਹਾਸ ਵਿਚ ਸਭ ਤੋਂ ਪਹਿਲਾਂ ਖ਼ਾਲਸਾ ਪ੍ਰਗਟਾਉ ਦੇ ਸਮੇਂ ਵਿਚ (1699-1799 ਈ.) ਸਤਿਗੁਰ ਸਾਹਿਬਾਨ (1499-1699 ਈ.) ਗੁਰੂ ਖ਼ਾਲਸੇ (ਸਤਿਗੁਰ ਵੀ ਖ਼ਾਲਸਾ ਸਰੂਪ ਹਨ) ਦੇ ਘੋਰ ਯਤਨਾਂ ਅਤੇ ਮੁਸ਼ੱਕਤ ਅਤੇ ਕੁਰਬਾਨੀਆਂ ਸਦਕੇ ਪਈ।

ਇਸ ਸਮੇਂ ਤੋਂ ਪਹਿਲਾਂ ਤਾਂ ਕਾਰਨ ਹੀ ਪੈਦਾ ਨਹੀਂ ਹੁੰਦਾ ਦਿਸਦਾ, ਸਗੋਂ ਕਾਫ਼ੀ ਸਮੇਂ ਬਾਅਦ ਤੀਕਰ ਵੀ ਪ੍ਰਭੂ-ਸੱਤਾਸ਼ਾਲੀ ਲੋਕ-ਸਮੂਹਾਂ ਦੀ ਇਤਿਹਾਸ ਵਿਚ ਹੋਂਦ ਨਜ਼ਰ ਹੀ ਨਹੀਂ ਪੈਂਦੀ। ਜਦੋਂ ਕਿ ਅਜੋਕੇ ਪੱਛਮੀ ਤਰਜ਼ ਦੇ ਸੰਸਾਰ ਇਤਿਹਾਸ ਨੂੰ ਮਾਣ ਹੈ ਕਿ ਲੋਕ ਸਮੂਹਾਂ ਦੇ ਲੰਮੇ ਸੰਘਰਸ਼ ਤੋਂ ਬਾਦ ਰਾਜ ਕਰਨ ਦੇ ਅਧਿਕਾਰਾਂ ਨੂੰ ਆਪਣੇ ਹੱਥ ਵਿਚ ਕਰਕੇ ਆਧੁਨਿਕ ਯੁਗ ਦਾ ਮੁੱਢ, ਅਮਰੀਕੀ ਇਨਕਲਾਬ (1783 ਈ.) ਅਤੇ ਫ਼ਰਾਂਸੀਸੀ ਇਨਕਲਾਬ (1789 ਈ.) ਦੇ ਸਮਿਆਂ ਵਿਚ ਬੱਝਿਆ ਹੈ।

2. ਸਿੱਖ ਅਰਦਾਸ ਵਿਚ ਕਿਸੇ ਰਾਜੇ, ਸਮਰਾਟ ਜਾਂ ਤਾਨਾਸ਼ਾਹ (ਆਕੀਆਂ) ਦਾ ਕੋਈ ਜ਼ਿਕਰ ਨਹੀਂ। ਉਂਜ ਵੀ ਗੁਰਬਾਣੀ ਵਿਚ ਸਪੱਸ਼ਟ ਕੀਤਾ ਹੈ ਕਿ ਸ਼ਾਹ, ਪਾਤਸ਼ਾਹ, ਉਮਰਾਵ, ਸਿਕਦਾਰ ਅਤੇ ਚੌਧਰੀ ਆਦਿਕ ਵਾਲੇ ਮਨੁੱਖੀ ਸੰਬੰਧਾਂ ਦੇ ਦਰਜੇ ਸਭ ਕੂੜ, ਮਿਥਿਆ ਅਤੇ 'ਦੂਜਾ ਭਾਉ' ਹੈ।[20] ਸੂਫ਼ੀ ਫ਼ਕੀਰਾਂ ਦਾ ਕਹਿਣਾ ਸੀ ਕਿ ਬਾਦਸ਼ਾਹ ਇਸਲਾਮ ਵਿਚ ਪ੍ਰਵਾਨ ਨਹੀਂ ਹੈ। ਖ਼ੁਆਜਾ ਮੁਈਨਉੱਦੀਨ ਚਿਸ਼ਤੀ, ਬਾਬਾ ਫ਼ਰੀਦਉੱਦੀਨ ਸ਼ਕਰਗੰਜ ਅਤੇ ਪੀਰ ਨਿਜਾਮੁੱਦੀਨ ਔਲੀਆ ਦਿੱਲੀ ਵਾਲੇ ਅਤੇ ਉਹਨਾਂ ਦੇ ਚਿਸ਼ਤੀ ਸਿਲਸਿਲਾਹ ਦੇ ਸੂਫ਼ੀ ਪੀਰ, ਕਹਿੰਦੇ ਹਨ ਕਿ ਇਹ ਸਭ ਨਾ ਬਾਦਸ਼ਾਹ ਨੂੰ ਦਰਸ਼ਨ ਦੇਂਦੇ ਸਨ ਅਤੇ ਨਾ ਬਾਦਸ਼ਾਹੀ ਦੇ ਦਰਸ਼ਨ ਕਰਦੇ ਸਨ। ਸੰਤ ਮੀਆਂ ਮੀਰ ਜੀ ਨੂੰ ਲਾਹੌਰ ਵਿਖੇ ਜਦੋਂ ਜਹਾਂਗੀਰ ਨੇ ਦਰਬਾਰ ਵਿਚ ਮਾਣ-ਸਤਿਕਾਰ ਕਰਨ ਹਿਤ ਬੁਲਾ ਭੇਜਿਆ, ਸੰਤ ਜੀ ਦਰਬਾਰ ਵਿਚ ਪਹੁੰਚੇ ਤਾਂ ਜਹਾਂਗੀਰ ਨੇ ਅਰਜ਼ ਕੀਤੀ ਕਿ ਉਹ ਸੰਤਾਂ ਦਾ ਕੋਈ ਵੀ ਹੁਕਮ ਪੂਰਾ ਕਰਨ ਦੀ ਇੱਛਾ ਰੱਖਦਾ ਹੈ। ਕਹਿੰਦੇ ਹਨ ਕਿ ਸੰਤਾਂ ਨੇ ਕਿਹਾ ਕਿ ਮੈਨੂੰ ਕਦੇ ਵੀ ਦਰਬਾਰ ਵਿਚ ਨਾ ਸੱਦਿਆ ਜਾਵੇ। ਕਿਸੇ ਵੀ ਗੁਰੂ ਪਾਤਸ਼ਾਹ ਨੇ ਸੰਸਾਰਕ ਪ੍ਰਬੰਧਾਂ ਅਤੇ ਹਕੂਮਤ ਦੇ ਰਾਜਸ਼ਾਹੀ ਰੂਪ ਨੂੰ ਪ੍ਰਵਾਨ ਨਹੀਂ ਕੀਤਾ ਅਤੇ ਮਾਨਤਾ ਨਹੀਂ ਦਿੱਤੀ। ਕਿਸੇ ਗੁਰੂ ਪਾਤਿਸ਼ਾਹ ਨੇ ਵੀ ਰਾਜ ਦੀ ਉਸਾਰੀ ਨਹੀਂ ਕੀਤੀ। ਬਲਕਿ ਗੁਰੂ ਸਾਹਿਬ ਨੇ 'ਜਨ' ਸੰਕਲਪ ਅਤੇ 'ਬਦਲ' ਦੀ ਉਸਾਰੀ ਕੀਤੀ। ਰਾਜ ਅਤੇ ਰਾਜਸ਼ਾਹੀ ਦੇ ਬਦਲ ਦੇ ਰੂਪ ਵਿਚ ਮਨੁੱਖਾ ਜਥੇਬੰਦੀ 'ਖ਼ਾਲਸਾ' ਅਤੇ ਸਵੈ-ਪ੍ਰਬੰਧ ਉੱਤੇ ਆਧਾਰਿਤ ਲੋਕ-ਪ੍ਰਬੰਧਾਂ ਦੇ ਨਕਸ਼ ਇਤਿਹਾਸ ਵਿਚ ਉਘਾੜੇ ਅਤੇ ਜਿਹਨਾਂ ਨੂੰ ਇਸ ਬੇਮਿਸਾਲ ਸਿਰਜਣਾ ਦਾ ਫ਼ਾਇਦਾ ਹੋਣਾ ਸੀ, ਉਹਨਾਂ ਨੂੰ ਹੀ ਗਰੂ ਸਾਹਿਬਾਂ ਨੇ ਭੁਗਤੇ ਤੋਂ ਸਿਰਦਾਰ ਬਣਾਇਆ।[21] ਅਜਿਹੀ ਸਿਰਜਣਾ ਵੀ ਫ਼ਰਾਂਸੀਸੀ ਇਨਕਲਾਬ ਤੋਂ ਪਹਿਲਾਂ ਸਿਵਾਏ ਖ਼ਾਲਸਾ ਤੋਂ ਕਿਧਰੇ ਵੀ ਸੰਸਾਰ ਇਤਿਹਾਸ ਵਿਚ ਨਜ਼ਰ ਨਹੀਂ ਆਉਂਦੀ। ਰਾਜਸ਼ਾਹੀ ਨੂੰ ਸਭ ਨਾਲੋਂ ਪਹਿਲੋਂ ਰੱਦ ਕਰ ਕੇ 'ਬਦਲ' ਸਰੂਪ 'ਜਨਰਾਜ' ਸਥਾਪਤ ਕਰਨਾ ਵੀ ਖ਼ਾਲਸਾ ਜੀ ਦੇ ਹਿੱਸੇ ਆਇਆ। ਇਥੋਂ ਤੀਕਰ ਕਿ ਉਹਨਾਂ ਨੇ ਲੋਕ ਪਿਆਰੇ ਜਥੇਦਾਰ ਬਾਬਾ ਬੰਦਾ ਸਿੰਘ ਬਹਾਦਰ[22] ਬਾਰੇ ਵੀ ਸ਼ੱਕੀ ਟਿੱਪਣੀਆਂ ਕੀਤੀਆਂ। ਹਕੂਮਤ ਕਰਨ ਵਾਲੀ ਸੰਸਾਰੀ ਰੀਤ ਤੋਂ ਉਲਟ ਜਨ-ਨਾਯਕ ਨੂੰ

'ਖਿਦਮਤ' ਕਰਨ ਦਾ ਹੱਕ ਸੌਂਪੇ ਗੁਰੂ ਪਾਤਸ਼ਾਹ ਨੇ ਅਰਪਣ ਕੀਤਾ, ਜਿਹੜਾ ਕਿ ਗੁਰਬਾਣੀ ਦਾ ਸੱਚਾ ਇਤਿਹਾਸਕ ਇਕਰਾਰ ਅਤੇ ਤਰਜਮਾਨੀ ਹੈ।

3. ਅਰਦਾਸ ਵਿਚ ਕਿਸੇ ਦੇਸ਼, ਕੌਮ, ਭੂਗੋਲਿਕ ਟੁਕੜੇ, ਜਾਤ, ਲਿੰਗ, ਨਸਲ, ਰੰਗ-ਰੂਪ ਅਤੇ ਇਥੋਂ ਤੀਕਰ ਕਿ ਦੇਸ਼ ਕਤਾਰੀ, ਰਾਜ ਭੂਮੀਪ੍ਰਸਤੀ ਅਤੇ ਰਾਸ਼ਟਰ ਪ੍ਰਸਤੀ ਦਾ ਜ਼ਿਕਰ ਨਹੀਂ ਹੈ। ਕਿਉਂਕਿ ਨਵੇਂ 'ਖ਼ਾਲਸ' ਅਤੇ ਨਵੇਂ ਪ੍ਰਬੰਧ ਵਿਚ ਇਨ੍ਹਾਂ ਦਾ ਕੋਈ ਮਹੱਤਵ ਨਹੀਂ ਸੀ। ਇਥੋਂ ਤੀਕ ਕਿ ਮਨੁੱਖੀ ਕਲਪਨਾ ਵਿੱਚੋਂ ਪੈਦਾ ਹੋਈ ਅਤੇ ਸਥਾਪਤ ਹੋਈ ਇਤਿਹਾਸਕ 'ਸਲਤਨਤ' ਜਾਂ 'ਸਟੇਟ' ਦਾ ਵੀ ਜ਼ਿਕਰ ਜਾਂ ਮਹੱਤਵ ਦਰਜ ਨਹੀਂ ਹੈ। ਕਮਾਲ ਦੀ ਵਿਚਾਰਧਾਰਕ ਇਕਸੁਰਤਾ ਹੈ, ਕਿਉਂਕਿ ਸਲਤਨਤ ਜਾਂ ਸਟੇਟ ਦੀ ਕਲਪਨਾ ਅਤੇ ਸਥਾਪਨਾ ਗ਼ਲਤੀ ਹੈ ਅਤੇ ਮਨੁੱਖ ਨੂੰ ਵੰਡਣਾ ਹੈ ਅਤੇ ਕੁਦਰਤ ਦੀ ਸਥਾਪਤ ਹੁਕਮ-ਨੇਮਾਂ ਅਤੇ ਹਕੂਮਤ ਦੇ ਟਾਕਰੇ ਮਾਯਾਵੀ ਕਥਨੀ ਵਾਲੀ ਤਾਕਤ ਖੜ੍ਹੀ ਕਰਨਾ ਹੈ।

4. ਸਿੱਖ ਅਰਦਾਸ ਵਿਚਲੇ ਰਾਜ ਕਰੇਗਾ ਖ਼ਾਲਸਾ, ਖ਼ਾਲਸੇ ਦੀ ਰਾਖੀ ਵਿਚ ਰੱਖਿਆ, ਰਿਆਇਤ, ਦੇਗ ਤੇਗ ਫ਼ਤਹਿ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ ਦੇ ਸ਼ਬਦਾਂ ਵਿਚ ਸਿਰਜਣਾਤਮਕ ਲੋਕਸ਼ਾਹੀ, ਲੋਕਪਾਲਕ, ਸਵੈ-ਪ੍ਰਬੰਧਕ, 'ਬੋਲ ਬਾਲੇ' ਅਰਦਾਸ ਵਿਚ ਦਰਜ ਹਨ। ਇਥੇ ਫਿਰ ਸਲਤਨਤ ਦਾ ਵਿਕਲਪ ਗੈਰ-ਹਾਜ਼ਰ ਹੈ।

ਵਿਚਾਰਧਾਰਕ ਚੇਤਾਵਨੀ

ਸਲਤਨਤ ਜਾਂ ਸਟੇਟ ਵਾਲੀ ਵੰਡਵਾਦੀ ਸੰਸਥਾ ਨੂੰ ਨਕਾਰ ਕੇ, ਨਾਮਰੂਪੀ ਸੁਤੰਤਰ ਨਾਮਧਾਰੀ ਖ਼ਲਕ ਨੂੰ ਇਕ ਅਤੇ ਸਮਰੂਪ ਮੰਨ ਕੇ ਗੈਰ-ਰਾਜੀ ਸਵੈ-ਪ੍ਰਬੰਧ ਉਭਰਦਾ ਹੈ। ਇਸੇ ਅਸੂਲ ਉੱਤੇ ਮਨੁੱਖ ਜਾਣਿ ਕਿ ਸੰਗਠਨ ਲੋਕ, ਪਰਮਾਤਮ ਦੀ ਫ਼ੌਜ ਅਤੇ ਕਾਲ ਪੁਰਖ ਦਾ ਖ਼ਾਲਸਾ ਹਨ। ਕਿਸੇ ਧਰਤ ਦੇ ਅਧੀਨ, ਰਾਸ਼ਟਰ ਦੇ ਅਧੀਨ ਜਾਂ ਕਿਸੇ ਰਾਜ ਨਾਯਕ ਜਾਂ ਪਾਤਸ਼ਾਹ ਦੇ ਅਧੀਨ ਨਹੀਂ।

1. 'ਖ਼ਾਲਸਾ' ਸ਼ਬਦ ਨੂੰ ਜਲੂ ਕੂਲੂ ਅਤੇ ਮੂਲੂ, ਭਾਵ ਅਰਥਾਂ ਤੋਂ ਨਿਆਰੇ ਰਹਿ ਕੇ ਤੱਤਵਿਗਿਆਨੀ ਨਿਖੇੜੇ ਰਾਹੀਂ ਸਮਝਣਾ ਚਾਹੀਦਾ ਹੈ। 'ਖ਼ਾਲਸਾ' ਸ਼ਬਦ ਸਿਰਫ਼ ਭੇਖਧਾਰੀ ਦੇ ਨਾਉਂਧਰਣ ਲਈ ਨਹੀਂ ਹੈ। ਅੰਤਰ-ਆਤਮੇ ਤੱਤ-ਵਿਹੀਨ ਭੇਖਧਾਰੀ ਹਮੇਸ਼ਾ ਹੀ ਧਨ ਅਤੇ ਤਾਕਤ ਦੇ ਲਾਲਚ ਵਿਚ ਪ੍ਰਵਾਹਿਤ ਅਤੇ ਪ੍ਰਸਿੱਧ ਹਸਤੀਆਂ ਅਤੇ ਸੰਸਥਾਵਾਂ ਦੇ ਸਵਾਂਗ ਅਤੇ ਰਾਸ ਰਚਾਉਂਦੇ ਰਹਿੰਦੇ ਹਨ। ਸੋ ਹੀ ਤਾਂ ਖ਼ਾਲਸਾ ਸੰਬੰਧਾਂ ਨਾਲ ਸੰਬੰਧਿਤ ਵੀ ਹੋਇਆ ਹੈ ਅਤੇ ਹੁੰਦਾ ਰਹਿੰਦਾ ਹੈ।

'ਵਾਹਿਗੁਰੂ ਜੀ ਕਾ ਖ਼ਾਲਸਾ' ਸ਼ਬਦ ਅੱਜ ਤੀਕਰ ਦੇ ਸਾਰੇ ਗਿਆਨ-ਵਿਗਿਆਨ ਦੇ ਜ਼ਖ਼ੀਰੇ ਦੇ ਸਮੁੰਦਰ ਨੂੰ ਨਿਰੋਲ ਕੇ ਕੱਢਿਆ ਗਿਆ ਅੰਮ੍ਰਿਤ ਗਿਆਨ ਪ੍ਰਤੀਤ ਹੁੰਦਾ ਹੈ। ਇਹ ਸ਼ਬਦ ਸੰਬੰਧਾਂ ਦਾ ਲਖਾਇਕ ਹੈ। ਧਰਤੀ ਦੀ ਰੋਮਾਵਲੀ ਨੂੰ ਆਪਣਾ ਆਲ੍ਹਣਾ ਬਣਾਈ ਬੈਠੇ ਮਨੁੱਖ ਨੇ ਆਪਣੇ ਆਪ ਨੂੰ 'ਸੱਚ ਅੰਸ਼' ਗਰਦਾਨ ਕੇ, ਆਪਣਾ ਨਿਸ਼ਾਨਾ 'ਸੱਚ ਖੋਜ' ਜਾਣ ਕਰਕੇ, 'ਸੱਚ ਟਕਸਾਲ' ਰਾਹੀਂ ਕਲਾਮ ਘੜ ਕੇ, ਆਪਣੇ ਆਪ ਨੂੰ ਸਮੁੱਚੀ ਬ੍ਰਹਿਮੰਡੀ 'ਹਸਤੀ' ਨਾਲ ਸੰਬੰਧਿਤ ਕਰ ਲਿਆ ਹੈ। ਹੁਣ ਉਹ ਸਿੱਧਾਂ ਵਾਲੀ ਹਉਮੈ ਤੱਜ ਕੇ ਬ੍ਰਹਿਮੰਡੀ ਹਸਤੀ ਦਾ 'ਬੰਦਾ' ਹੋ ਗਿਆ ਹੈ। ਮਨੁੱਖ ਸੰਬੰਧਾਂ ਦੀ (ਕੁਦਰਤ ਦਾ) ਸਿਖ਼ਰ ਹੈ—'ਖ਼ਾਲਸਾ' ਸੰਬੰਧ। ਛੋਟੇ-ਵੱਡੇ ਆਕੀਆਂ ਸਵਾਮੀਆਂ ਤੋਂ ਮੁਕਤੀ ਪਾ ਕੇ, ਖ਼ੁਦ

ਸਵਾਮੀਭੌਤਕ ਦੀ ਨਿਰਭਰ ਫਿਲਾਸਫ਼ੀ ਦੇ, ਮਨੁੱਖ, ਸਾਮਾਜਕ ਜੀਵਨ ਨੂੰ ਸਮਸ਼ ਵਿਚ ਸਾਫ਼, ਕਰੇ, ਜਿਹ 'ਉਪਰ ਸੱਚ ਆਚਾਰੁ' ਵਾਲੀ ਜੀਵਨੀ ਜਚ ਆਖੀ ਹੈ।

ਸਰਬ-ਸਿਆਣੀ ਮਨੁੱਖ ਦੀ ਖੁਦਮੁਖ਼ਤਾਰ ਨਾਲ, ਜਿਸ ਸੁਤੰਤਰਤਾ, ਬਾਣੀ, ਜੀਵਨ ਆਚਾਰ, ਕਰਮ ਵਿਚਾਰ ਅਤ ਵਿਚਾਰ ਜੀਵਨ ਦੀ ਸਮਾਨਤਾਵਾਦ ਕੌਮਾਂ ਵਿਚ ਉੱਚਿਆ ਹੋਇਆ ਹੈ। ਸੰਗ ਸਾਰਾ ਸੰਸਾਰ ਇਸ ਸੰਘਰਸ਼ੀ ਪ੍ਰਤੀ ਸੁਚੇਤ ਹੈ।

2. ਖਾਲਸਾ ਸੰਕਲ ਨੇ, ਇਤਿਹਾਸਕ ਅਮਲ, ਜਿਸ ਕਰਕੇ ਕੀਤਾ ਹੈ ਅਤੇ ਕਰਦਾ ਹੈ। ਸ ਉਸ ਨੇ ਸਿਧਾਂਤ, ਗੁਰੂ ਦੀ ਸੁਗਾਤ (ਗੁਰ-ਸਿਧਾਂਤ), ਖ਼ੁਦਮੁਖ਼ਤਾਰ ਮਾਡਲ (ਮਨੁੱਖ) ਨੂੰ ਪੂਰਾ ਕਰਨਾ ਹੈ ਅਤੇ ਇਸ ਮਾਡਲ ਵਿਚ ਅਮਲ ਕਰਨੇ ਦੀ ਸਮਰਥ ਦੀ ਕੀਤ ਕਰਦਾ ਹੈ। ਇਸ ਜਥੇਬੰਦੀ ਨੇ ਰੂਹ 'ਬਦਲ' ਦਾ ਮਾਡਲ ਖੁਦ ਹੀ ਬਣਾਇਆ ਸੀ। ਇਸ ਮਾਡਲ ਦੇ ਵਿਕਾਸਸ਼ੀਲ ਹੋਣ ਦੇ ਵਿਰੋਧ ਵਿਚ ਫੁਟ ਮਨੌਤ ਸੰਗ ਦੇ ਰਾਜਤੰਤਰ, ਰਾਜਸ਼ਾਹੀ ਰਾਜ, ਜਿਮੀਂਦਾਰ ਅਤੇ ਜਿਰਕਾਰੀਆਂ। ਨਵੇਂ 'ਬਦਲ' ਮਾਡਲ ਅਤੇ ਸਮਾਜਕੀ ਵਿਵਹਾਰ ਸਮਾਨਤਾਵਾਦ ਦੇ ਨਾਲ ਲੈਸ ਕੀਤੀ। ਸਿੰਘ ਸਮੂਹ ਨੇ ਖ਼ਾਲਸੇ ਦੇ ਸੰਗਠਿਤ ਰੂਪ ਵਿਚ ਰਾਜਸ਼ਾਹੀਆਂ ਨੂੰ ਢਾਹ ਲਿਆ। ਇਹ ਸਭ ਪ੍ਰਾਪਤੀਆਂ ਅਮਰੀਕੀ ਅਤੇ ਫ਼ਰਾਂਸੀਸੀ ਇਨਕਲਾਬ 1783, 1789 ਈ. ਤੋਂ ਪਹਿਲਾਂ ਹੀ ਹੋ ਚੁੱਕੀਆਂ ਸਨ। ਇਸ ਸਮੇਂ ਦੌਰਾਨ ਉੱਭਰ ਰਹੀਆਂ ਸਰਦਾਰੀ ਸਵੈ-ਪ੍ਰਬੰਧਕੀ ਢਾਂਚਾ, ਜਿਹੜਾ ਸਿੰਘਾਂ ਨੇ ਹੀ ਗੁਰੂ ਪੰਥ ਦੀ ਅਗਵਾਈ ਵਿਚ ਤੌਹਿਆ ਵਿਆਹਿਤ ਅਧੀਨ ਉਸਾਰਿਆ ਸੀ। ਕਿਸੇ ਹੋਰ ਰਾਜ ਨੇ ਸਿੰਘਾਂ ਨੂੰ ਉਹਨਾਂ ਦੀ 'ਹੋਨੰ ਹੋਨੰ ਪਾਤਸ਼ਾਹੀ' ਦੀ ਵਿਆਹਿਤ (ਰਾਜੀ-ਪ੍ਰਬੰਧ) ਦਾ ਢਾਂਚਾ ਅਤੇ ਅਮਲ ਕਦੇ ਨਹੀਂ ਸੀ ਦਿੱਤਾ, ਕਿਉਂਕਿ ਇਸ ਦੀ ਕੀਮਤ 'ਰਾਜ' ਦੀ ਮੌਤ ਹੈ। ਇਸ 'ਬਦਲ' ਮਾਡਲ ਦੇ ਨਕਸ਼ ਕੁਝ ਇਸ ਤਰ੍ਹਾਂ ਪ੍ਰਗਟ ਹੋਏ, ਜਿਹੜੇ ਕਿ ਨਵੇਂ ਸੰਕਲਪਾਂ ਦੇ ਧਾਰਨੀ ਸਨ:

1. ਗੁਰੂ ਪਾਤਸ਼ਾਹੀ (ਇਤਿਹਾਸਕ ਅਗਵਾਈ), ਛੇਵੇਂ ਅਤੇ ਦੌਰੇ (ਸਿਧਾਂਤ, ਪਰਤਖ ਅਤੇ ਸਦਾ ਸਥਲ) ਅਤੇ ਤਖ਼ਤ ਦੇ ਧਾਰਕ ਖ਼ਾਲਸਾ। (ਸੱਚੇ ਸਾਹ ਸਤਿਗੁਰੂ ਨਾਨਕ ਗੋਬਿੰਦ ਸਿੰਘ ਸਾਹਿਬ ਦੇ ਵਾਰਿਸ) ਅਤੇ ਸੰਸਾਰ ਦਾ ਇਤਿਹਾਸਕ ਅਮਲ, ਸਮੂਹ ਖ਼ਾਲਸਾ ਦੇ ਗੁਰਮਤਿਆਂ ਰਾਹੀਂ।

2. ਹੋਨੰ ਹੋਨੰ ਪਾਤਸ਼ਾਹੀ ਯਾਨਿ ਕਿ ਹਰ ਮਨੁੱਖ ਲਈ ਪੂਰਨ ਆਜ਼ਾਦੀ ਅਤੇ ਆਪਣੇ ਆਪ ਉਪਰ ਆਪਣੀ ਹੀ ਮਾਲਕੀ। ਹਰ ਮਨੁੱਖ ਦੇਣ ਅਤੇ ਲੈਣ ਦੇ ਮਾਮਲੇ ਵਿਚ ਪੂਰਨ ਤੌਰ ਉੱਤੇ ਖ਼ੁਦਮੁਖ਼ਤਿਆਰ, ਪ੍ਰਭੂ-ਸੱਤਾਸ਼ਾਲੀ।

3. ਬਹੁ-ਕੇਂਦਰੀ ਸਮਾਜ ਦੇ ਸੰਕਲਪ ਅਧੀਨ, ਪਾਰਟੀ ਪ੍ਰਤੀਨਿਧੀ ਪਾਰਲੀਮਾਨੀ ਤੰਤਰ ਨਹੀਂ, ਸਗੋਂ ਅਜਿਹੇ ਆਜ਼ਾਦ ਅਤੇ ਖ਼ੁਦਮੁਖ਼ਤਿਆਰ ਮਨੁੱਖ ਲਈ ਸਵੈ-ਪ੍ਰਬੰਧ ਪ੍ਰਬੰਧਕੀ ਜੁਗਤ ਦੇ ਰੂਪ ਉੱਘੜ ਕੇ ਪ੍ਰਗਟ ਹੋਏ।

ਪੰਥ ਦਾ ਪ੍ਰਬੰਧ

ਖ਼ਾਲਸਾ ਪੰਥ 'ਚ ਜਥੇਬੰਦੀ ਆਪਣਾ ਪ੍ਰਬੰਧ, ਨੀਤੀ ਅਤੇ ਕਾਰਜ ਅਤੇ ਨਿਆਂ ਅਤੇ ਤਨਖ਼ਾਹ, ਸਮੂਹ ਖ਼ਾਲਸਾ ਦੇ ਗੁਰਮਤੇ ਅਧੀਨ ਚੱਲਦੇ, ਸਮੇਂ ਅਤੇ ਸਥਾਨ ਅਨੁਸਾਰ ਕਦੇ ਸਾਂਝੇ ਦਲ ਵਿਚ ਅਤੇ ਕਦੇ ਅਨੇਕ ਦਲਾਂ ਵਿਚ ਲੋੜ ਮੁਜਬ ਵੱਖਰੇ ਸਥਾਨਾ ਉੱਤੇ। ਖ਼ਾਲਸੇ ਦਾ ਤਖ਼ਤ ਚੱਕਰਵਰਤੀ ਸੀ। ਕੁਝ ਮਹੱਤਵਪੂਰਣ ਗੁਰਮਤੇ ਅਕਾਲ ਬੁੰਗੇ ਵਿਚ ਸੋਧੇ

ਗਏ ਅਤੇ ਤਖ਼ਤ ਸਾਹਿਬ ਤੋਂ ਐਲਾਨੇ ਜਾਂਦੇ ਸਨ। ਬਾਹਰ ਖੇਤਰ ਵਿਚ ਸੋਧੇ ਗੁਰਮਤਿਆਂ ਦੀ ਵੀ ਚੱਕਰਵਰਤੀ ਤਖ਼ਤ ਰੂਪ ਵਿਚ ਸਮਾਨ ਹੀ ਸਮਾਨਤਾ ਅਤੇ ਸਤਿਕਾਰ ਹੁੰਦਾ।

ਪਰ ਪ੍ਰਤੀਨਿਧੀਆਂ ਨੂੰ ਚੁਣ ਕੇ ਭੇਜਣ ਸੰਬੰਧੀ ਵਾਕਿਆ ਜਾਂ ਵੇਰਵਿਆਂ ਦਾ ਹਾਲਾਂ ਤੀਕਰ ਕੁਝ ਸਾਹਮਣੇ ਨਹੀਂ ਆਇਆ। ਇਸ ਤੋਂ ਇਹ ਲੱਗਦਾ ਹੈ ਕਿ ਉਹਨਾਂ ਦੀ ਪ੍ਰਣਾਲੀ, ਸਿੱਖੀ ਸ਼ਮੂਲੀਅਤ ਨਾਲ ਬਣਿਆ ਸਵੈ-ਪ੍ਰਬੰਧ (Direct participative local self management) ਨੇਮ ਦੇ ਆਧਾਰ ਉੱਤੇ ਹੀ ਹੁੰਦੀ ਹੋਵੇਗੀ।

ਸਤਿਗੁਰੂ ਸਾਹਿਬਾਨ ਦੇ ਸਾਰੇ ਕਾਰਜ ਅਤੇ ਸ਼ੈਲੀ, ਗੁਰ ਪੰਥ ਨੂੰ ਸਥਾਨਾਂਤਰਤ ਹੋ ਗਈ। ਸਤਿਗੁਰ ਸਾਹਿਬਾਨ ਦੁਆਰਾ ਜਾਰੀ ਕੀਤੇ ਜਾਂਦੇ ਹੁਕਮਨਾਮੇ, ਪੰਥ ਖ਼ਾਲਸਾ ਦੁਆਰਾ ਗੁਰਮਤਾ ਜੁਗਤ ਰਹੀਂ ਜਾਰੀ ਕੀਤੇ ਜਾਂਦੇ 'ਗੁਰਮਤੇ' ਵਿਚਕਾਰ ਕੋਈ ਭੇਦ ਅੰਦਰ ਨਹੀਂ ਹੈ। ਗੁਰ-ਪੰਥ ਦਾ ਗੁਰਮਤਾ, ਗੁਰੂ ਦੇ ਪੰਥ ਵਿਚ ਕਿਰਿਆਸ਼ੀਲ ਹੋਣ ਦਾ ਪ੍ਰਮਾਣ ਹੈ।

ਮੁੱਖ ਨੁਕਤਾ ਤਾਂ ਹੈ, ਗੁਰੂ ਖ਼ਾਲਸਾ ਦੇ ਹੁਕਮਨਾਮੇ 'ਗੁਰਮਤਾ' ਨੂੰ ਸੋਧਣ, ਜਾਰੀ ਕਰਨ ਅਤੇ ਸਿਰੇ ਚੜ੍ਹਾਉਣ ਦੇ ਕਰਮ ਦਾ। ਇਸ ਕਰਮ ਦੇ ਕਿਰਿਆਸ਼ੀਲ ਰਹਿਣ ਰਾਹੀਂ ਹੀ ਪੰਥ ਖ਼ਾਲਸਾ ਗੁਰੂ ਅਵਸਥਾ ਦਾ ਧਾਰਕ ਬਣਦਾ ਹੈ। ਗੁਰਮਤੇ ਦੇ ਅਧਿਕਾਰ ਵਿਹੀਨ ਪੰਥ ਖ਼ਾਲਸਾ, ਗੁਰੂ ਪਦਵੀ ਤੋਂ ਸੱਖਣਾ ਹੋ ਜਾਂਦਾ ਹੈ। ਇਹੋ ਅੱਜ ਦਾ ਸਭ ਤੋਂ ਵੱਡਾ ਦੁਖਾਂਤ ਹੈ। ਪੰਜ ਕਕਾਰੀ ਭੇਖਾਧਾਰੀਆਂ ਨੇ ਗੁਰਦੁਆਰਾ ਜਾਇਦਾਦਾਂ ਵਾਲੀ ਮਾਯਾਧਾਰੀ ਸ੍ਵਾਂਗ-ਲੀਲਾ ਖੇਡਣੀ ਸ਼ੁਰੂ ਕੀਤੀ ਹੋਈ ਹੈ। ਤਿੰਨ ਸੌ ਸਾਲਾ ਖ਼ਾਲਸਾ ਪੰਥ ਦੀ ਸਥਾਪਤੀ ਦਿਵਸ ਦੇ ਮੌਕੇ 'ਤੇ ਸਭ ਤੋਂ ਅੱਵਲ ਨੁਕਤਾ, ਵੰਗਾਰ ਅਤੇ ਪ੍ਰਥਮ ਸਰੋਕਾਰ ਜਾਂ ਫ਼ਿਕਰ ਇਹੋ ਹੈ ਕਿ ਪੰਥ ਗੁਰਮਤੇ ਰਾਹੀਂ ਆਪਣੀ ਹੋਂਦ ਪ੍ਰਗਟ ਨਹੀਂ ਕਰ ਰਿਹਾ।

ਇਸ ਵੇਲੇ ਕਿਰਿਆਸ਼ੀਲ ਰੂਪ ਵਿਚ ਖ਼ਾਲਸਾ ਜਥੇਬੰਦੀ ਅਤੇ ਗੁਰਿਆਈ ਦੀ ਹੋਂਦ ਨਜ਼ਰ ਨਹੀਂ ਆਉਂਦੀ ਅਤੇ ਅਨੁਭਵ ਨਹੀਂ ਹੁੰਦੀ ਅਤੇ ਸਾਰੇ ਪ੍ਰਚਾਰਕ ਅਤੇ ਪ੍ਰਚਾਰਕ ਸੰਸਥਾਵਾਂ ਇਸ ਨੁਕਤੇ ਪ੍ਰਤੀ ਪੂਰਨ ਰੂਪ ਵਿਚ ਅਗਿਆਨ ਆਧਾਰਿਤ ਹਨ।

(ਅਕਾਲ) ਤਖ਼ਤ

ਕਾਲ ਦਾ ਮ੍ਰਿਤੂਰੱਤ (ਮੂਰਤਿ) ਰੂਪ ਜਾਹਰਾ ਜਾਗਰੂਕ ਸਵਰੂਪ ਖ਼ਾਲਸਾ ਹੈ ਅਤੇ ਖ਼ੁਦ ਮੀਰੀ-ਪੀਰੀ ਦਾ ਧਾਰਕ ਹੈ। ਖ਼ਾਲਸੇ ਦਾ ਗੁਰੂ ਜਦੋਂ ਗੁਰਸ਼ਬਦ ਹੈ, ਦੇਹਧਾਰੀ ਗੁਰੂ ਨਹੀਂ ਅਤੇ ਖ਼ਾਲਸਾ ਜੇਕਰ ਅਕਾਲ ਬੁੰਗੇ (ਕਾਲ ਆਵੇਸ਼ ਤੋਂ ਰਹਿਤ) ਸਦਨ ਵਿਚ ਬਹਿ ਸਭਾ ਕਰਦਾ ਹੈ, ਤਖ਼ਤ (ਸੈਭੰ-ਹੁਕਮੁ) ਦੀ ਕਾਣ ਰੱਖਦਾ ਹੈ, ਦੀਵਾਨ (ਦਰਬਾਰ) ਲਗਾ ਕੇ ਗੁਰਮਤੇ (ਫ਼ੁਰਮਾਨ) ਸੋਧਦਾ ਹੋਇਆ ਗੁਰਸ਼ਬਦ (ਗੁਰ ਆਧਾਰਿਤ ਵਿਚਾਰਧਾਰਾ) ਦਾ ਇਤਿਹਾਸਕ ਪ੍ਰਗਟਾਉ ਕਰਦਾ ਹੈ ਤਾਂ ਸਮੁੱਚੀ ਜ਼ਿੰਦਗੀ ਇਸ ਦਾ ਖਿੱਤਾ ਹੋਣ ਕਾਰਨ ਇਹ ਮਜ਼੍ਹਬੀ ਕਾਨੂੰਨ ਨਹੀਂ ਬਣਦਾ। ਕਿਵੇਂ ?

ਗੁਰਮਤੇ ਦਾ ਆਧਾਰ

'ਜਪੁ' ਜੀ ਸਾਹਿਬ ਵਿਚ ਤੱਤ ਵਿਗਿਆਨਕ ਵਿਚਾਰ ਹੈ ਕਿ ਜਿੰਨਾ ਜਿੰਨਾ 'ਹੁਕਮ' (ਬ੍ਰਹਿਮੰਡੀ ਅਤੇ ਕੁਦਰਤ ਦੇ ਨੇਮ ਭਾਵ - Cosmic Laws) ਅਨੁਭਵ ਹੋਵੇ ਜਾਂ ਮਨੁੱਖਾ

ਸਮੂਹ ਦੀ ਸਮਝ ਵਿਚ ਆਵੇ, ਤਿਸ ਅਨੁਸਾਰ ਆਕਾਰਾਂ-ਕਾਰ ਦੀ ਪਹਿਚਾਣ ਨੂੰ ਸੋਧਦੇ ਚਲੇ ਜਾਣਾ ਹੈ ਅਤੇ ਤਿਵੇਂ-ਤਿਵੇਂ ਕਰਮ ਨੂੰ ਸੋਧਦੇ ਅਤੇ ਸੋਧਦੇ ਚੱਲਣਾ ਹੈ। ਇਸ ਤਰ੍ਹਾਂ ਨਾਲ ਵਧਦੇ ਹੋਏ ਗਿਆਨ ਦੇ ਘੇਰੇ ਅਨੁਸਾਰੀ ਬਦਲਦਾ ਹੋਇਆ ਕਰਮ, ਵਿਕਾਸ ਅਤੇ ਖੇੜੇ ਨੂੰ ਉਤਪੰਨ ਕਰੇਗਾ। ਇਹ ਅਨੰਤ ਵਿਕਾਸ ਦਾ ਪ੍ਰਵਾਹ ਹੈ,[24] ਕਿਉਂਕਿ ਸੰਪੂਰਨ ਸਾਰ ਏਕੋ ਅਨੇਕੈ ਹੁਕਮ ਦਾ ਨਹੀਂ ਪਾਇਆ ਜਾ ਸਕਦਾ, ਇਸ ਕਾਰਨ ਸਚਿਆਰ ਹੋਵਣਾ ਹੁਕਮ ਦੀ ਰਜ਼ਾ ਵਿਚ ਚੱਲਣਾ ਹੈ ਅਤੇ ਹੁਕਮ ਸੰਬੰਧੀ ਲਗਾਤਾਰ ਵਧਦੇ ਅਨੁਭਵ ਅਨੁਸਾਰ ਅਮਲ ਵਿਚ ਪਰਿਵਰਤਨ ਦਾ ਅਨੰਤ ਪ੍ਰਵਾਹ ਚੱਲਣਾ ਹੀ ਤਰਕਸ਼ੀਲਤਾ ਹੈ। ਇਹ ਪਰਿਵਰਤਨ ਦਾ ਅਨੰਤ ਪ੍ਰਵਾਹ, ਸਿਰਫ਼ ਉਹ ਮਨੁੱਖਾ ਸਮੂਹ ਹੀ ਕਰ ਸਕਦਾ ਹੈ, ਜਿਹੜਾ ਗੁਰੂ ਪੰਥ ਖ਼ਾਲਸਾ ਦੇ ਜਗਤ-ਸੰਬੰਧਾਂ ਯਾਨਿ ਬਹੁ-ਕੇਂਦਰੀ ਸਮਾਜ, ਬਹੁ-ਕੇਂਦਰੀ ਸਥਾਨਕ ਸਵੈ-ਪ੍ਰਬੰਧਕ ਅਸੂਲਾਂ ਅਤੇ ਹੰਨੇ ਹੰਨੇ ਪਾਤਸ਼ਾਹੀ ਦੇ ਸਿਧਾਂਤ ਉੱਤੇ ਪ੍ਰਪੱਕ ਹੋਵੇ। ਉਪਰੋਕਤ ਕਿਰਿਆ ਕੁਦਰਤ ਦੇ ਨੇਮ, ਮਨੁੱਖਾ ਸੁਰਤ, ਮਨੁੱਖਾ ਸਮੂਹ ਅਤੇ ਮਨੁੱਖਾ-ਸੰਸਥਾ ਨਾਲ ਸੰਬੰਧਿਤ ਹੈ। ਇਹ ਕਿਰਿਆ ਸ੍ਰੀ ਤਖ਼ਤ ਸਾਹਿਬ ਯਾਨਿ ਪ੍ਰਭੂ-ਸੱਤਾ ਸੰਪੰਨ ਮਨੁੱਖਾ ਬੁਨਿਆਦੀ ਹੱਕ ਦਾ ਪ੍ਰਤੀਕ ਅਤੇ ਗੁਰਮਤਾ-ਜੁਗਤ ਤੋਂ ਬਿਨਾਂ ਸਿਰੇ ਨਹੀਂ ਚੜ੍ਹ ਸਕਦੀ। ਉਪਰੋਕਤ ਦਿੱਤੇ ਨਾਉਂ-ਭਾਵ (ਨਾਂਵ, ਦਰਸ਼ਨ) ਹਨ, ਕਿਸੇ ਵੀ ਜ਼ੁਬਾਨ ਵਿਚ ਵਿਆਖਿਆਨ ਘੜੇ ਜਾ ਸਕਦੇ ਹਨ।

ਇਹ ਨੁਕਤਾ ਤਖ਼ਤ ਅਤੇ ਮੀਰੀ-ਪੀਰੀ ਦੇ ਸੰਕਲਪਾਂ ਨੂੰ ਖੋਲ੍ਹਣ ਦੀ ਕੁੰਜੀ ਹੈ। ਇਨ੍ਹਾਂ ਗੁਰ ਵਿਚਾਰਾਂ ਉੱਤੇ ਮੋਹਰ ਉਸ 'ਸੱਚ' ਹਸਤੀ ਦੀ ਹੈ, ਜਿਹੜੀ ਹਰ ਤ੍ਰਿਣ ਗ੍ਰਹਿ ਆਕਾਸ਼ ਪਾਤਾਲ ਵਿਚ ਹਾਜ਼ਰ-ਨਾਜ਼ਰ ਹੈ। ਇਹ ਸ਼ਾਸ਼ਵਤ ਧਰਮ ਹੈ ਸ੍ਰਿਸ਼ਟੀ ਦਾ, ਇਸ ਵਿਚ ਹਿੰਦੂ, ਸਿੱਖ, ਮੁਸਲਮਾਨ, ਈਸਾਈ ਨਰ ਜਾਂ ਨਾਰੀ ਦਾ ਭੇਦ ਜਾਂ ਭੇਖ ਪ੍ਰਸੰਗਿਕਤਾ ਹੀ ਨਹੀਂ ਰੱਖਦਾ। ਇਹ ਖੇਤਰ ਤਾਂ ਗੁਰਗਿਆਨ ਵਿੱਦਿਆ ਦੀ ਲਗਾਤਾਰ ਸਿਖਲਾਈ, ਸਿੱਖਿਆ ਦੇ ਪ੍ਰਵਾਹ ਦਾ ਹੈ ਅਤੇ ਖ਼ਾਲਸਾ ਸੰਬੰਧਾਂ ਦੇ ਧਾਰਨੀ ਹੋਣ ਦਾ ਹੈ। ਭਾਵ ਖ਼ਾਲਸਾ ਪੰਥ ਦੀ ਜਥੇਬੰਦੀ ਤੋਂ ਬਾਹਰ ਰਹਿ ਕੇ ਪ੍ਰਭੂ-ਸੱਤਾ ਦੇ ਅਮਰ-ਫਲ ਨੂੰ ਭੋਗੋ ਅਤੇ ਜਾਂ ਖ਼ਾਲਸਾ ਜਥੇਬੰਦੀ ਵਿਚ ਸ਼ਾਮਲ ਹੋ ਕੇ ਕੁਦਰਤ ਦੇ ਬੰਦਿਆਂ ਦੀ ਸੇਵਾ ਕਰੋ, ਇਹ ਤਾਂ ਹਰ ਮਨੁੱਖ ਦੀ ਆਪਣੀ ਇੱਛਾ ਹੈ। ਪਰੰਤੂ ਗੁਰਮਤਾ ਕਿਰਿਆ ਵਿਚ ਹਿੱਸਾ ਸਿਰਫ਼ ਗੁਰੂ ਖ਼ਾਲਸਾ ਪੰਥ ਸੰਬੰਧਾਂ ਦੀ ਹੀ ਅਮਾਨਤ ਹੈ। ਪੰਥ ਦੀ ਰਹੇਗੀ ਤਾਂ ਹੀ ਗ੍ਰੰਥ (ਗੁਰਮਤੇ-ਕਰਮ) ਦੀ ਰਹੇਗੀ, ਜੇ ਪੰਥ ਕਰਮ-ਖੰਡ ਦੀ ਕੋਈ ਨਾ ਰੱਖੇਗਾ ਤਾਂ ਗ੍ਰੰਥ ਨੂੰ ਕੌਣ ਮੰਨੇਗਾ ?

ਨਚੋੜ ਵਜੋਂ ਅਸੀਂ ਪਾਉਂਦੇ ਹਾਂ ਕਿ ਖ਼ਾਲਸਾ ਪ੍ਰਬੰਧ ਵਾਲਾ 'ਬਦਲ' ਧਰਤੀ ਦੇ ਕਿਸੇ ਟੁਕਤੇ ਦਾ ਦੀਵਾਨ ਨਹੀਂ ਹੈ ਕਿ ਉਸ ਟੁਕੜੇ ਨੂੰ 'ਰਾਜ' ਰਾਸ਼ਟਰ ਦਾ ਰੂਪ ਦੇ ਦੇਵੇ। ਇਹ ਆਚਰਣ ਤਾਂ ਸਗੋਂ ਵਿਰੋਧਾਭਾਸ ਹੈ। ਪਰ ਖ਼ਾਲਸਾ ਸੰਬੰਧਾਂ ਨੂੰ ਜ਼ਾਹਿਰ ਕਰਨ ਹਿਤ ਪ੍ਰਬੰਧਕੀ 'ਬਦਲ' ਨੂੰ ਨੁਹਾਰ ਪ੍ਰਦਾਨ ਕਰਨਾ ਮਨੁੱਖਾਂ ਦਾ ਕੁਦਰਤ ਵੱਲੋਂ ਦਿੱਤਾ ਦੈਵੀ ਅਧਿਕਾਰ ਹੈ। ਸੋ ਨੁਕਤਾ ਹੈ : ਮਨੁੱਖਾ ਸਮੂਹ ਦਾ 'ਖ਼ਾਲਸਾ ਸੰਬੰਧਾਂ' ਨੂੰ 'ਪ੍ਰਬੰਧਕੀ ਬਦਲ' ਰਾਹੀਂ ਸਾਕਾਰ ਕਰਨ ਦਾ ਲੋਕ-ਅਧਿਕਾਰ। ਬਿਹਤਰ ਹੋਵੇ ਕਿ ਰਾਜ ਸ਼ਕਤੀ 'ਧਰਤੀ ਦੀ ਈਜਾਰੇਦਾਰੀ' ਨੂੰ ਰਾਜ-ਰਾਸ਼ਟਰ ਜਾਂ ਦੇਸ਼ ਭਗਤੀ ਕਹਿਣਾ ਛੱਡ ਦੇਵੇ। ਨਹੀਂ ਤਾਂ ਧਰਤੀ ਬਹੁਤ ਮਹਾਨ ਹੈ : "ਫਰੀਦਾ ਖਾਕੁ ਨਾ ਨਿੰਦੀਐ ਖਾਕੁ ਜੇਡੁ ਨਾ ਕੋਇ...ਜੀਵੰਦਿਆਂ ਪੈਰਾਂ ਤਲੇ ਮੁਇਆਂ ਉਪਰਿ ਹੋਇ।" ਸਤਿਗੁਰੂ ਸਾਹਿਬਾਨ ਉੱਤੇ ਸਿਵਾਇ ਏਕੋ ਮਾਲਕ ਤੋਂ ਹੋਰ ਕਿਸੇ ਦੀ ਹਕੂਮਤ

ਨਹੀਂ ਚੱਲੀ, ਨਾ ਹੀ ਉਹਨਾਂ ਨੇ ਸਵੀਕਾਰ ਕੀਤੀ। ਗੁਰ-ਸੰਗਤ ਸਭਾ ਦੀ ਉਸਾਰੀ ਸਮੇਂ ਤੋਂ ਲੈ ਕੇ ਸੰਪੂਰਨਤਾ ਤੀਕਰ ਇਹੋ ਗੁਣ ਸੰਗਤ ਸਭਾ ਵਿਚ ਪ੍ਰਤੱਖ ਹੋਇਆ। ਗੁਰੂ ਪੰਥ ਖ਼ਾਲਸਾ ਵੀ ਕਿਸੇ ਦੀ ਹਕੂਮਤ ਨਹੀਂ ਮੰਨਦਾ ਅਤੇ ਨਾ ਹੀ ਕਿਸੇ ਉੱਤੇ ਹਕੂਮਤ ਕਰਨ ਦਾ ਆਕੀਪੁਣਾ ਕਰਨਾ ਉਸ ਦੀ ਫ਼ਿਤਰਤ ਹੈ। ਸੰਸਾਰਕ ਪ੍ਰਬੰਧ ਨੂੰ ਪ੍ਰਬੰਧ ਹੀ ਰਹਿਣ ਦੇਣਾ ਚਾਹੀਦਾ ਹੈ।[25]

ਅਜੋਕੇ ਪ੍ਰਸੰਗ ਵਿਚ ਤਖ਼ਤ (ਬਦਲਿਆ ਨਾਉਂ ਸ੍ਰੀ ਤਖ਼ਤ ਅਕਾਲ ਬੁੰਗਾ ਅਤੇ ਹੁਣ ਅਕਾਲ ਤਖ਼ਤ) ਅਤੇ ਗੁਰਮਤਾ ਹੱਕ ਉੱਤੇ ਗੰਭੀਰ ਵਿਚਾਰ ਕਰਨੀ ਪ੍ਰਮੁੱਖ ਲੋੜ ਹੈ। ਕੇਂਦਰਿਤ ਰਾਜ ਅਤੇ ਕੇਂਦਰਿਤ ਰਾਜ ਰਾਸ਼ਟਰ ਇਸ ਉੱਤੇ ਬਾਰ ਬਾਰ ਹਮਲੇ ਕਿਉਂ ਕਰਦੇ ਹਨ, ਇਸ ਨੂੰ ਸੰਕਲਪ ਬਾਰ ਬਾਰ ਕਿਉਂ ਢਾਹੁੰਦੇ ਹਨ ? ਦੇਗ਼ ਅਤੇ ਤੇਗ਼ ਦੀ ਕੇਂਦਰੀਕਰਣ ਵਾਲੀ ਅਤੇ ਈਜ਼ਾਰੇਦਾਰ ਵਿਵਸਥਾ ਤਖ਼ਤ ਨੂੰ ਕਿਉਂ ਢਾਹੁੰਦੀ ਜਾਂ ਹਕੂਮਤ ਰਾਹੀਂ ਜਾਂ ਕਾਨੂੰਨ ਰਾਹੀਂ ਕਬਜ਼ੇ ਕਰਦੀ ਹੈ ? ਮੁਗ਼ਲ ਅਤੇ ਅਬਦਾਲੀ ਪਾਤਸ਼ਾਹੀਆਂ ਇਸ ਤਖ਼ਤ ਦੇ ਕਿਉਂ ਦੁਸ਼ਮਣ ਸਨ ਅਤੇ ਬੇਹੁਰਮਤੀਆਂ ਕਰਦੇ ਜਾਂ ਢਾਹੁੰਦੇ ਸਨ ? ਮਹਾਰਾਜਾ ਰਣਜੀਤ ਸਿੰਘ ਤਖ਼ਤ ਦੇ ਤੇਜ ਦਾ ਪੂਜਾਰੀ ਤਾਂ ਸੀ, ਪਰ ਪੰਥ ਮਹਾਰਾਜ ਦੁਆਰਾ ਕੀਤੀ ਸੇਵਾ ਨੂੰ ਸਮੇਟਣ ਤੋਂ ਬਾਦ ਆਪਦੀ ਇਕ-ਪੁਰਖੀ ਹਸਤੀ ਸਥਾਪਤ ਕਰਨ ਵੱਲ ਉੱਲਰ ਪਿਆ। ਉਹ ਜਾਣਦਾ ਸੀ ਕਿ ਤੇਜ ਧਾਰਕ ਪੰਥ ਮਹਾਰਾਜ ਅਤੇ ਲਾਹੌਰ ਦਾ ਮਹਾਰਾਜਾ, ਦੋ ਤਲਵਾਰਾਂ ਅਤੇ ਇਕ ਮਿਆਨ ਸਮਾਨ ਹਨ। ਅੰਗਰੇਜ਼ਾਂ ਨੇ ਸ੍ਰੀ ਤਖ਼ਤ ਸਾਹਿਬ ਨੂੰ ਆਪਣੇ ਸਰਬਰਾਹਾਂ ਦੇ ਹੱਥੀਂ ਸੌਂਪ ਕੇ ਤਖ਼ਤ ਸਾਹਿਬ ਦੇ ਪੰਥਕ ਪ੍ਰਗਟਾਉ (ਗੁਰਮਤਾ) ਨੂੰ ਇਤਿਹਾਸ ਵਿਚ ਉਤਰਨੋਂ ਰੋਕ ਰੱਖਿਆ। ਬਾਬਾ ਰਾਮ ਸਿੰਘ ਜੀ ਵੇਲੇ ਨਾਮਧਾਰੀਆਂ ਦੇ ਗੁਰਮਤੇ, ਚੱਕਰਵਰਤੀ ਤਖ਼ਤ ਦੇ ਸੋਧੇ ਮੰਨੇ ਜਾਣੇ ਚਾਹੀਦੇ ਸਨ, ਪਰੰਤੂ ਸਰਬਰਾਹਾਂ ਦੇ ਵਿਰੋਧ ਨੇ ਪੰਥ ਪੈਰੋਕਾਰਾਂ ਵਿਚ ਫੁੱਟ ਪਾਈ। ਲੇਕਿਨ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਸਰਬਰਾਹ, ਪੰਥਕ ਵੇਗ ਵਿਚ ਰੁੜ੍ਹ ਗਏ।

ਅੰਗਰੇਜ਼ਾਂ ਨੇ ਨਵਾਂ ਹਥਿਆਰ ਵਰਤਿਆ। ਉਹਨਾਂ ਨੇ ਤਖ਼ਤ ਸਾਹਿਬ, ਦਰਬਾਰ ਸਾਹਿਬ, ਅੰਮ੍ਰਿਤਸਰ ਸਮੇਤ ਹੋਰ ਤਖ਼ਤਾਂ ਗੁਰਦੁਆਰਿਆਂ ਦੇ ਪ੍ਰਬੰਧ ਕਰਨ ਵਾਲੀ ਪੰਥਕ ਕਮੇਟੀ ਜਿਸ ਦਾ ਨਾਉਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੀ, ਨੂੰ ਬਸਤੀਵਾਦੀ ਕਾਨੂੰਨੀ ਐਕਟ ਦੀ ਬੰਦੀ ਬਣਾ ਦਿੱਤਾ। ਇਸ ਤਰ੍ਹਾਂ ਤਖ਼ਤ ਸਾਹਿਬ ਨੂੰ, ਸਮੇਤ ਹੋਰਨਾਂ ਤਖ਼ਤਾਂ ਦੇ, ਗੁਰੂ ਪੰਥ ਦੇ ਇਤਿਹਾਸਕ ਪ੍ਰਗਟਾਉ (ਯਾਨਿ ਗੁਰਮਤਿਆਂ) ਦੇ ਤਖ਼ਤ ਬਣਨੋਂ ਰੋਕੀ ਰੱਖਿਆ। ਅਜੋਕੇ ਸਮਿਆਂ ਵਿਚ ਬਣੀਆ ਸਵਰਣ ਜਾਤੀ ਬੁਰਜ਼ੂਆ ਪ੍ਰਤੀਨਿਧੀ ਪਾਰਲੀਮਾਨੀ ਵਿਵਸਥਾ ਵਾਲੀਆਂ ਸਰਕਾਰਾਂ ਵੀ ਤੇਗ਼ ਅਤੇ ਦੇਗ਼ ਦੇ ਕੇਂਦਰੀਕਰਣ ਲਈ ਸਿਰਤੋੜ ਲੱਗੀਆਂ ਹੋਈਆਂ ਹਨ ਅਤੇ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦੇਂਦੀਆਂ, ਭਾਵੇਂ ਉਹ ਰਾਸ਼ਟਰੀਕਰਣ ਦਾ ਹੋਵੇ ਅਤੇ ਭਾਵੇਂ ਬਾਹਰੋਂ ਸਾਰੀ ਤਕਨਾਲੋਜੀ ਅਤੇ ਪਲਾਂਟ ਮੰਗਵਾਉਣ ਦਾ ਹੋਵੇ ਤੇ ਭਾਵੇਂ ਗਲੋਬਲਾਈਜੇਸ਼ਨ ਦਾ ਹੋਵੇ, ਭਾਵੇਂ ਸੰਵਿਧਾਨ ਦਾ ਕੇਂਦਰੀਕਰਣ ਹੋਵੇ। ਇਸੇ ਦੀ ਨਕਲ ਕਰਦਿਆਂ ਤਖ਼ਤ ਨੂੰ ਗੁਰਮਤੇ ਤੋਂ ਨਿਖੇੜ ਕੇ ਪੂਜਾਰੀਆਂ ਰਾਹੀਂ ਇਕ ਪਾਰਟੀ ਨੇ ਪ੍ਰਤੀਨਿਧੀਆਂ ਰਾਹੀਂ ਕੇਂਦਰੀਕਰਣ ਕਰ ਲਿਆ ਹੈ ਅਤੇ ਤਖ਼ਤ ਦੀ ਸਥਿਤੀ ਹਾਸੋਹੀਣੀ ਹੋਈ ਪਈ ਹੈ।

ਹੁਣ ਤੇ ਧਰਮ ਨਿਰਪੇਖ ਤੇਜ ਵਾਲੀ ਸਰਕਾਰ ਦੀਆਂ ਤੋਪਾਂ-ਟੈਂਕਾਂ ਅਤੇ ਫ਼ੌਜਾਂ ਦੇ

ਮੂੰਹ ਵੀ (ਅਕਾਲ) ਤਖ਼ਤ ਵੱਲ ਹੀ ਲਗਭਗ ਪੰਦਰਾਂ ਸਾਲ ਸੇਧਤ ਰਹੇ ਅਤੇ ਇਕੱਲੇ (ਅਕਾਲ) ਤਖ਼ਤ ਦੇ ਵਿਰੁੱਧ ਹੀ ਡੇਢ ਲੱਖ ਫ਼ੌਜ 1984 ਵਿਚ ਝੋਂਕੀ ਗਈ। ਜਦੋਂ ਕਿ ਰਾਮ ਜਨਮ ਭੂਮੀ ਅਤੇ ਹਜ਼ਰਤ ਬਲ ਦਰਗਾਹ ਕਸ਼ਮੀਰ ਵੱਲ ਇਹ ਧਰਮ ਨਿਰਪੇਖ ਤੇਜ਼ ਵਾਲੀ ਸਰਕਾਰ ਦੀ ਤਾਕਤ ਨੇ ਅੱਖ ਖੋਲ੍ਹ ਕੇ ਵੀ ਨਹੀਂ ਵੇਖਿਆ। ਕਿਉਂ ? (ਅਕਾਲ) ਤਖ਼ਤ ਕੇਂਦਰਿਤ ਤੇਜ ਦੇ ਸਵਾਮੀਆਂ ਲਈ ਕਿਉਂ ਦਹਿਸ਼ਤ ਬਣਿਆ ਹੋਇਆ ਹੈ ? (ਅਕਾਲ) ਤਖ਼ਤ ਕੇਂਦਰਿਤ ਤੇਜ ਦੇ ਮਾਲਕਾਂ ਪਾਸੋਂ ਕੀ ਖੋਂਹਦਾ ਹੈ ? ਹਜ਼ਰਤਬਲ ਦਰਗਾਹ ਅਤੇ ਰਾਮ ਜਨਮ ਭੂਮੀ ਬਨਾਮ ਬਾਬਰੀ ਮਸਜਿਦ, ਤੇਜ ਦੇ ਕੇਂਦਰੀਕਰਣ ਨੂੰ ਵੰਗਾਰਦੇ ਨਹੀਂ, ਸਗੋਂ ਤੇਜ ਦੇ ਕੇਂਦਰੀਕਰਣ ਦੇ ਰੁਝਾਨ ਨੂੰ ਪੱਕਿਆਂ ਕਰਦੇ ਹਨ, ਸਿਰਫ਼ ਤੇਜ ਨੂੰ ਉਧਾਲਣਾ ਚਾਹੁੰਦੇ ਹਨ।

ਜੇਕਰ ਰੂਸ ਵਿਚ ਕਿਰਤੀ ਜਮਾਤਾਂ ਨੇ ਇਨਕਲਾਬ ਰਾਹੀਂ ਰਾਜ ਹੱਥਿਆ ਕੇ ਕਿਰਤੀ-ਤਾਨਾਸ਼ਾਹੀ ਦੇ ਹੱਥੀਂ ਸਾਰਾ ਤੇਜ ਕੇਂਦਰਿਤ ਕਰ ਲਿਆ ਤਾਂ ਕਿਰਤੀਆਂ ਦੀ ਪ੍ਰਤੀਨਿਧੀ ਤਾਨਾਸ਼ਾਹੀ ਦੇਗ਼ ਤੇਗ਼ ਦੇ ਕੇਂਦਰੀਕਰਣ ਰਾਹੀਂ ਸਾਰੀ ਪੈਦਾਵਾਰੀ ਪੂੰਜੀ ਖ਼ੁਦ ਖਾਂਦੀ ਹੰਢਾਉਂਦੀ ਰਹੀ, ਸਾਮਵਾਦ ਦੇ ਨਾਂ ਉੱਤੇ ਸਮਾਜਵਾਦ ਨਾਂ ਉੱਤੇ। ਸਾਰੇ ਹੀ ਸਾਮਵਾਦੀ ਦੇਸਾਂ ਵਿਚ ਕਿਰਤੀਆਂ ਦੇ ਪ੍ਰਤੀਨਿਧੀ ਪਾਰਲੀਮਾਨੀ ਸਿਸਟਮ (ਪ੍ਰੋਲਤਾਰੀ ਡਿਕਟੇਟਰਸ਼ਿਪ) ਨੇ ਰਾਜਕੀ ਸਮਾਜਵਾਦ ਦਾ ਨੰਗਾ ਚਿੱਟਾ ਮੁਜ਼ਾਹਰਾ ਕੀਤਾ। ਕਿਰਤੀਆਂ ਦੀ ਪੈਦਾਵਾਰ ਦੀ ਵੰਡ ਅਤੇ ਹੰਢਾਉਣ ਦਾ ਫ਼ੈਸਲਾ, ਪੈਦਾਵਾਰੀ ਸੰਬੰਧਾਂ ਦਾ ਫ਼ੈਸਲਾ, ਕਿਰਤੀਆਂ ਦੇ ਸਮਾਜਿਕ ਸਭਿਆਚਾਰਕ ਫ਼ੈਸਲੇ, ਸਭ ਕੁਝ ਦੇ ਅਕੇਂਦਰੀਕਰਣ ਦੀ ਬਜਾਇ ਕੇਂਦਰੀਕਰਣ ਕਰ ਦਿੱਤਾ ਗਿਆ। ਸਾਰੇ ਸੋਵੀਅਤ ਯੂਨੀਅਨ ਅਤੇ ਦੂਜੇ ਸਾਮਵਾਦੀ ਦੇਸ਼ਾਂ ਦੇ ਕਿਰਤੀ ਵੀ ਦੇਗ਼ ਤੇਗ਼ ਦੇ ਪ੍ਰਬੰਧ ਦੇ ਤੇਜ ਤੋਂ ਸੱਖਣੇ ਰਹੇ ਯਾਨਿ ਸ਼ੂਦਰ ਰਹੇ। ਉਹਨਾਂ ਨੇ ਇਹ ਗੱਲ ਸਿੱਧ ਕਰ ਦਿੱਤੀ ਕਿ ਸ਼ੂਦਰ ਦੇ ਹੱਥ ਧਨ ਅਤੇ ਸੰਪਤੀ, ਸੁਵਰਣਾਂ (ਪ੍ਰਬੰਧਕੀ ਈਜ਼ਾਰੇਦਾਰਾਂ) ਦੇ ਲਈ ਦੁਖ ਅਤੇ ਕਲੇਸ਼ ਦਾ ਕਾਰਨ ਬਣਦੀ ਹੈ, ਜਿਵੇਂ ਕਿ ਭਾਰਤੀ ਸਿੰਮ੍ਰਿਤੀਆਂ ਦੀ ਧਾਰਨਾ ਹੈ। ਭਾਰਤ ਵਿਚ ਵੀ, ਬਾਬਰੀ ਮਸਜਿਦ ਨੂੰ ਢਾਹੁਣ ਵਾਲੀ ਬਹੁ-ਗਿਣਤੀ ਪਛੜੀਆਂ ਅਤੇ ਸ਼ਡਿਊਲ ਜਾਤੀਆਂ ਦੀ ਸੀ, ਪਰੰਤੂ ਕੀ ਉਹਨਾਂ ਨੂੰ ਰਾਜ-ਤੇਜ ਵਿਚ ਹਿੱਸੇਦਾਰੀ ਮਿਲੇਗੀ ? ਹਾਲਾਂ ਤੀਕਰ ਤੇ ਇਹੋ ਸਾਬਤ ਹੋ ਰਿਹਾ ਹੈ ਕਿ ਬੀ.ਐੱਸ.ਪੀ. ਜਾਂ ਬੀ.ਜੇ.ਪੀ. ਦੀ ਪਛੜੀ ਜਾਤੀ ਫ਼ੌਜ, ਯੂ.ਪੀ. ਅਤੇ ਗੁਜਰਾਤ ਵਿਚ ਕੇਂਦਰਿਤ ਤੇਜ਼ ਵਾਲੇ ਰਾਜ ਉੱਤੇ ਕਾਬਜ਼ ਹੁੰਦੀਆਂ ਹਨ, ਪਰੰਤੂ ਤੇਜ ਦੇ ਵਿਕੇਂਦਰੀਕਰਣ ਦੇ ਸਿਲਸਿਲੇ ਦਾ ਆਰੰਭ ਹੁੰਦਾ ਨਜ਼ਰ ਨਹੀਂ ਆਉਂਦਾ। ਕਿਉਂਕਿ ਸਵਾਲ ਤਾਂ ਇਹੋ ਹੈ ਕਿ ਬੰਦਾ ਕੁਦਰਤ ਵੱਲੋਂ ਪ੍ਰਭੂ-ਸੱਤਾਸ਼ਾਲੀ ਹੀ ਪੈਦਾ ਹੋਇਆ ਹੈ ਤਾਂ ਕਿਉਂ ਉਹ ਤੇਜ ਵਿਹੂਣਾ, ਬੌਣਾ ਅਤੇ ਸ਼ੂਦਰ ਸਥਿਤੀ ਵਿਚ ਬੈਠਾ ਹੈ, ਉਸ ਦਾ ਸਿੱਧਾ ਦਖ਼ਲ ਅਤੇ ਹੱਕ, ਉਸ ਦੇ ਦੇਗ਼ ਤੇਗ਼ ਪ੍ਰਬੰਧ ਵਿਚ ਕਿਉਂ ਨਹੀਂ ? ਉਸ ਦੀ ਮਾਨਸਿਕ ਉੱਚਤਾ (ਪੀਰੀ) ਅਤੇ ਦੁਨਿਆਵੀ ਪ੍ਰਬੰਧ (ਮੀਰੀ) ਵਿਚ ਉਸ ਨੂੰ ਸਿਰਫ਼ ਭੁਗਤਾ ਹੀ ਕਿਉਂ ਬਣਾਇਆ ਗਿਆ ਹੈ ? ਇਹੋ ਦਾਸਤਾਂ ਬਾਦਸ਼ਾਹੀ ਕਾਲ ਵੇਲੇ ਸੀ ਅਤੇ ਨਵੀਆਂ ਜੁਗਤਾਂ ਰਾਹੀਂ ਇਹੋ ਦਾਸਤਾਂ ਅੱਜ ਪ੍ਰਤੀਨਿਧੀ ਪਾਰਲੀਮਾਨੀ ਵਿਵਸਥਾ ਵੇਲੇ ਉਸ ਦੇ ਗਲ ਪਈ ਹੋਈ ਹੈ।

ਇਸੇ ਵਿਵਸਥਾ ਦਾ ਤੀਸਰਾ ਨੇਤਰ ਹਮੇਸ਼ਾ ਹੀ ਗੁਰੂ ਪੰਥ ਮਹਾਰਾਜ ਅਤੇ ਉਸ ਦੇ 'ਦੇਗ਼ ਤੇਗ ਫ਼ਤਹਿ ਵਾਲੇ' ਤੇਜ ਪ੍ਰਗਟਾਓ ਦੇ ਪਲੇਟਫ਼ਾਰਮ ਅਤੇ ਅਥਾਰਟੀ ਦੇ ਚਿੰਨ੍ਹ ਅਤੇ

ਸੰਸਥਾ ਸ੍ਰੀ (ਅਕਾਲ) ਤਖ਼ਤ ਵੱਲ ਖੁੱਲ੍ਹਿਆ ਰਹਿੰਦਾ ਹੈ। ਇਹ ਵਿਵਸਥਾ ਪਲ-ਪਲ ਅਤੇ ਪੈਰ-ਪੈਰ ਇਸ ਸੰਸਥਾ ਦਾ ਘਾਣ ਕਰ ਰਹੀ ਹੈ। ਪਹਿਲਾਂ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਐਕਟ ਵਿਚ ਬੰਦ ਕੀਤਾ। ਹੁਣ ਸਥਿਤੀ ਇਹ ਹੈ ਕਿ ਐਕਟ ਦੇ ਦਾਇਰੇ ਤੋਂ ਬਹਰ ਕੋਈ ਕੰਮ ਨਹੀਂ ਹੋ ਸਕਦਾ ਅਤੇ ਐਕਟ ਅਨੁਸਾਰ ਚੁਣੇ ਜਾਣ ਵਾਲੇ ਜਾਂ ਚੁਣੇ ਗਏ ਪ੍ਰਤੀਨਿਧੀਆਂ ਤੋਂ ਬਾਹਰਾ ਵੀ ਕੋਈ ਕੰਮ ਨਹੀਂ ਕੀਤਾ ਜਾ ਸਕਦਾ। ਸਾਰੀਆਂ ਸਿੱਖ ਸਰਗਰਮੀਆਂ ਕੈਦੀ ਦੀ ਅਵਸਥਾ ਵਿਚ ਸਿਰਫ਼ ਪੂਜਾ ਪ੍ਰਾਰਥਨਾ, ਜਪ-ਤਪ, ਪਾਠ ਲੜੀਆਂ ਅਤੇ ਤੀਰਥ ਯਾਤਰਾਵਾਂ ਜੋਗੀਆਂ ਰਹਿ ਗਈਆਂ ਹਨ, ਜਿਹੜੀਆਂ ਕਿ ਗੁਰ-ਆਸ਼ੇ ਦੇ ਵਿਰੁੱਧ ਹਨ। ਪ੍ਰਤੀਨਿਧੀ ਉਪਰੋਕਤ ਕਾਰਜ ਵੋਟ ਬੈਂਕ ਹਿਤ ਕਰਦੇ ਹਨ ਅਤੇ ਤੇਜ ਕੇਂਦਰੀਕਰਣ ਵਾਲੀ ਵਿਵਸਥਾ ਇਹੋ ਕੁਝ ਚਾਹੁੰਦੀ ਹੈ। ਨਤੀਜਾ ਇਹ ਕਿ 1925 ਈ. ਤੋਂ ਅਗਾਂਹ ਪੰਥ ਮਹਾਰਾਜ ਦੀ ਇਤਿਹਾਸਕ ਚੜ੍ਹਤ ਕਿਧਰੇ ਵੀ ਦਿਖਾਈ ਨਹੀਂ ਪੈਂਦੀ, ਸਗੋਂ ਸੁਗੜ ਗਈ ਹੈ। ਜਿਹੜੀ ਕਿ ਹੁਣ ਤੀਕਰ ਘੱਟੋ-ਘੱਟ ਸਾਰੇ ਉੱਤਰੀ ਭਾਰਤ ਵਿਚ ਤਾਂ, ਸ਼ੂਦਰਾਂ, ਦਸਤਕਾਰ ਅਤੇ ਉੱਦਮੀ ਜਮਾਤਾਂ ਵਿਚਕਾਰ ਫੈਲ ਜਾਣੀ ਚਾਹੀਦੀ ਸੀ। ਜੋ ਕੁਝ ਭਾਰਤੀ ਅਤੇ ਹੋਰਾਂ ਪ੍ਰਤੀਨਿਧੀ ਪਾਰਲੀਮਾਨੀ ਸੰਸਥਾਵਾਂ ਵਿਚ ਹੁੰਦਾ ਹੈ, ਉਹੋ ਕੁਝ ਵਾਪਰਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਸ ਦੀਆਂ ਸਰਗਰਮੀਆਂ ਨਾਲ।

ਪਹਿਲਾਂ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਨਾਮਜ਼ਦ, ਸ਼੍ਰੋਮਣੀ ਕਮੇਟੀ ਦੇ ਚੋਣ ਕਮਿਸ਼ਨ ਦੁਆਰਾ ਚੋਣਾਂ ਰਾਹੀਂ ਪ੍ਰਤੀਨਿਧੀ ਚੁਣੇ ਜਾਂਦੇ ਹਨ। ਇਸ ਚੋਣ ਪ੍ਰਣਾਲੀ ਵਿਚ ਸਾਰੇ ਦਾਓਪੇਚ, ਗੰਦ-ਮੰਦ ਮਜਬੂਰੀ ਵਿਚ ਹੀ ਸੰਗਤਾਂ ਸਬਰ ਦਾ ਘੁੱਟ ਭਰ ਕੇ ਬਰਦਾਸ਼ਤ ਕਰਦੀਆਂ ਹਨ, ਜਦੋਂ ਕਿ ਪੰਥਕ ਜੁਗਤ ਦਾ ਅਤੇ ਪ੍ਰਤੀਨਿਧੀ ਚੋਣ ਪ੍ਰਣਾਲੀਆਂ ਅਤੇ ਪਾਰਟੀ ਵੋਟ ਬੈਂਕ ਦਾ ਸਿੱਧਾ ਵਿਰੋਧ ਹੈ। ਫਿਰ ਇਹ ਚੁਣੇ ਹੋਏ ਪ੍ਰਤੀਨਿਧੀ ਆਪਣੇ ਉਸ ਮਿਹਰਬਾਨ ਦਾਤੇ ਨੂੰ ਪ੍ਰਧਾਨ ਚੁਣਦੇ ਹਨ, ਜਿਸ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਉਹਨਾਂ ਨੂੰ ਟਿਕਟ ਦਿੱਤੀ ਹੁੰਦੀ ਹੈ ਯਾਨਿ ਨੌਮੀਨੇਸ਼ਨ (ਨਿਯੁਕਤ) ਕੀਤੇ ਜਾਣ ਵਾਲੇ ਚੋਣ ਜਿੱਤ ਕੇ ਨੌਮੀਨੇਟ (ਨਾਮਜ਼ਦ) ਕਰਨ ਵਾਲੇ ਨੂੰ ਪ੍ਰਧਾਨ ਨਾਮਜ਼ਦ ਕਰਦੇ ਹਨ। ਫਿਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕਾਰ ਸੇਵਾ ਵਲੇ ਬਾਬਿਆਂ ਨੂੰ ਵਿਰਾਸਤ ਢਾਹ ਕੇ, ਗੁਰਦੁਆਰੇ ਢਾਹ ਕੇ ਬਣਾਉਣ ਲਈ ਨਿਯੁਕਤ ਕਰਦਾ ਹੈ। ਫਿਰ ਪ੍ਰਧਾਨ ਇਕ ਇਕੱਠ ਤਜਵੀਜ਼ ਕਰਦਾ ਹੈ, ਜਿਸ ਵਿਚ ਵੱਖਰੇ ਖੇਤਰਾਂ ਵਿੱਚੋਂ ਉਸ ਦੇ ਨਿਯੁਕਤ ਕੀਤੇ ਹੋਏ ਸਿੱਖ, ਸ਼ਿਰਕਤ ਕਰਦੇ ਹਨ (ਇਹ ਇਕੱਠ ਅਸੀਂ ਤਾਂ ਕਦੇ ਹੁੰਦੇ ਵੇਖਿਆ ਜਾਂ ਸੁਣਿਆ ਨਹੀਂ)। ਖ਼ੈਰ, ਨਿਯੁਕਤ ਇਕੱਠ ਤਖ਼ਤ ਦੇ ਜਥੇਦਾਰ ਨੂੰ ਚੁਣਦਾ ਹੈ। ਇੰਜ ਤੇਜ ਦੇ ਕੇਂਦਰੀਕਰਣ ਦੀ ਵਿਵਸਥਾ ਅੰਦਰ ਇਹ ਨਿਯੁਕਤੀ ਫਿਲਟਰ ਯਾਨਿ ਜਾਲੀਆਂ ਇੰਨੀਆਂ ਬਾਰੀਕ ਹੋ ਜਾਂਦੀਆਂ ਹਨ ਕਿ ਭੁਗਤਾ ਮਾਨਸਿਕ ਬਿਰਤੀ ਵਾਲੇ ਤੋਂ ਇਲਾਵਾ ਹੋਰ ਕੋਈ ਸ਼ਖ਼ਸ ਤਖ਼ਤ ਸਾਹਿਬ ਤੀਕਰ ਪਹੁੰਚ ਹੀ ਨਹੀਂ ਸਕਦਾ ਅਤੇ ਇਹ ਸਭ ਕੁਝ ਦੀ ਜ਼ਿੰਮੇਵਾਰੀ ਵੀ ਸਿੱਖਾਂ ਦੇ ਸਿਰ ਹੀ ਰਹਿੰਦੀ ਹੈ। ਇਹ ਸਭ ਪ੍ਰਤਾਪ ਬਸਤੀਵਾਦੀ ਜੁਗਤਾਂ ਵਾਲੇ ਕਾਨੂੰਨਾਂ ਦਾ ਹੈ, ਜਿਸ ਰਾਹੀਂ ਫ਼ਾਇਦਾ ਬਸਤੀਵਾਦੀ ਮਾਲਕ (ਅੱਜਕੱਲ ਮੌਜੂਦਾ ਮਾਲਕ) ਨੂੰ ਪਹੁੰਚਦਾ ਹੈ ਅਤੇ ਸਾਰੇ ਔਗੁਣਾਂ ਅਤੇ ਹਲਾਹਲ ਫਲ ਭੁਗਤੇ ਵੋਟਾਂ ਪਾਉਣ ਵਾਲਿਆਂ ਦੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ।

ਫਿਰ ਜਥੇਦਾਰ ਜੇ ਚੁਣਿਆ ਹੀ ਗਇਆ ਤਾਂ ਉਸ ਕੋਲ ਆਜ਼ਾਦ ਸ਼ਕਤੀਆਂ ਹੀ ਕੋਈ ਨਹੀਂ ਤੇ ਜੇ ਹੋ ਗਈਆਂ ਤਾਂ ਡਿਕਟੇਟਰ ਕਹਿਲਾਵੇਗਾ।

ਜਦੋਂ ਵੀ ਅਸੀਂ ਕਾਨੂੰਨ ਦੀ ਰੂਹ (ਜੁਰਿਸਪਰੂਡੈਂਸ), ਕਾਨੂੰਨ ਅਤੇ ਕੇਂਦਰ ਸੰਬੰਧਾਂ ਅਤੇ ਕੇਂਦਰੀਕਰਣ ਬਨਾਮ ਪੰਥਕ-ਜੁਗਤ ਅਤੇ ਵਿਵਸਥਾ ਦਾ ਮਜ਼ਮੂਨ ਛੋਹਦੇ ਹਾਂ ਤਾਂ ਤੇਜ ਦੇ ਕੇਂਦਰੀਕਰਣ ਤੋਂ ਲਾਭ ਉਠਾ ਰਹੇ ਸਿੱਖ ਉਸੇ ਵੇਲੇ ਹੀ ਪੰਥਕ ਕਾਨਫਰੰਸ ਸ਼ੁਰੂ ਕਰਕੇ ਕਹਿਣ ਲੱਗ ਪੈਂਦੇ ਹਨ ਕਿ ਪੰਥ ਨੇ ਵੱਡੀਆਂ ਕੁਰਬਾਨੀਆਂ ਕਰਕੇ ਐਕਟ ਪ੍ਰਾਪਤ ਕੀਤਾ ਹੈ। ਆਪੰ ਫਾਥੜੀਏ ਤੂੰ ਜਾਣਦੀ ਏਂ ਕਿ ਐਕਟ ਦੇ ਕੈਦੀ ਪੰਥ ਦੇ ਥੋਹੇ ਤੇਜ ਦੇ ਕੁਝ ਅੰਸ਼ ਨਾਲ ਤੇਜ ਦੇ ਇਜ਼ਾਰੇਦਾਰਾਂ ਨੇ ਤੇਰੇ ਖੀਸੇ ਭਰ ਕੇ ਮੈਨੂੰ ਪੂਜਾ ਦੇ ਧਾਨ ਉੱਤੇ ਪਲਟ ਵਾਲਾ ਮਸੰਦ ਬਣਾ ਦਿੱਤਾ ਹੈ। ਪਹਿਲੇ ਪਾਤਸ਼ਾਹ ਤੋਂ ਆਰੰਭ ਹੋਏ ਸੰਗਤ-ਪ੍ਰਬੰਧ, ਤੀਜੇ ਪਾਤਸ਼ਾਹ ਦੇ ਮੰਜੀ ਪ੍ਰਬੰਧ, ਪੰਜਵੇਂ ਪਾਤਸ਼ਾਹ ਦੇ ਮਸੰਦ ਪ੍ਰਬੰਧ, ਦਸਵੇਂ ਪਾਤਸ਼ਾਹ ਦੇ ਖ਼ਾਲਸਾ ਪ੍ਰਬੰਧ (ਗੁਰਮਤਾ) ਅਤੇ ਗੁਰੂ ਪੰਥ ਮਹਾਰਾਜ ਦੇ ਗੁਰਮਤਾ ਪ੍ਰਬੰਧ ਜਿਸ ਰਾਹੀਂ ਪੰਥ ਪ੍ਰਬੀਨ ਹੋਇਆ, ਜਿਸ ਦੀ ਖੱਟੀ 'ਤੇ ਅਸੀਂ ਅੱਜ ਤੀਕਰ ਗੁਜ਼ਾਰਾ ਕਰ ਰਹੇ ਹਾਂ, ਨੇ ਕਿਸੇ ਵੀ ਸਰਕਾਰੀ ਪ੍ਰਬੰਧ ਦੀ ਲਾਗ ਪੰਥਕ ਪ੍ਰਬੰਧ ਨੂੰ ਨਹੀਂ ਲੱਗਣ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੇ ਗੁਰਦੁਆਰਾ ਐਕਟ ਬਣਨ ਤੋਂ ਪਹਿਲਾਂ ਪਹਿਲ ਜਿਹੜੀ ਮੁਹਿੰਮ ਅਤੇ ਮੋਰਚਾ ਸਿੱਖਾਂ ਨੇ ਜਿਵੇਂ ਸੈਂਕੜੇ ਹੀ ਕੁਰਬਾਨੀਆਂ ਦੇ ਕੇ ਪੂਰੇ ਜ਼ਾਬਤੇ ਅਤੇ ਸਿਦਕ ਨਾਲ ਸਰ ਕੀਤਾ, ਉਹ ਰੂਪ ਐਕਟ ਬਣਨ ਤੋਂ ਬਾਦ ਉਭਰਿਆ ਹੀ ਨਹੀਂ। ਗੁਰਦੁਆਰਾ ਐਕਟ ਪ੍ਰਾਪਤ ਕਰਨ ਲਈ ਤਾਂ ਤਹਿਰੀਕ ਹੀ ਨਹੀਂ ਚੱਲੀ। ਗੁਰਦੁਆਰਾ ਮੁਕਤੀ ਲਹਿਰ ਦੇ ਜੁਝਾਰੂਆਂ ਦੇ ਓਝਲ ਹੁੰਦਿਆਂ ਹੀ ਅੱਜ ਸਥਿਤੀ ਇਹ ਹੈ ਕਿ ਰਾਜ ਅਸੈਂਬਲੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਸੈਂਬਲੀਆਂ ਵਿਚਲੀ ਹੁਲੜਬਾਜ਼ੀ ਵਿਚਕਾਰ ਅੰਤਰ ਹੀ ਕੋਈ ਨਜ਼ਰ ਨਹੀਂ ਆਉਂਦਾ। ਦਰਅਸਲ ਹੰਨੇ ਹੰਨੇ ਮੀਰੀ-ਪੀਰੀ ਵਾਲੀਆਂ ਪੰਥਕ ਪ੍ਰਬੰਧਕੀ ਜੁਗਤਾਂ ਅਤੇ ਕੇਂਦਰਿਤ ਤੇਜ ਨੂੰ ਪ੍ਰਪੱਕ ਕਰਕੇ ਹੰਢਾਉਣ ਵਾਲੀਆਂ ਪ੍ਰਤੀਨਿਧੀ ਪਾਰਲੀਮਾਨੀ ਜੁਗਤਾਂ ਦਾ ਮੇਲ ਅੰਮ੍ਰਿਤ ਵਿਚ ਜ਼ਹਿਰ ਮਿਲਾਉਣ ਦੇ ਤੁੱਲ ਹੈ ਅਤੇ ਆਪਣੇ ਹਿੱਤਾਂ ਕਾਰਨ ਸਿੱਖ ਲੀਡਰ ਇਸ ਸੱਚ ਨੂੰ ਛੁਪਾਉਣ 'ਤੇ ਤੁਲੇ ਹੋਏ ਹਨ।

ਡਾ. ਕੇਹਰ ਸਿੰਘ ਆਪਣੇ ਪਰਚੇ 'Concept of Sikh Polity' ਵਿਚ ਸਿਰਦਾਰ ਕਪੂਰ ਸਿੰਘ ਦੇ ਹਵਾਲੇ ਨਾਲ ਲਿਖਦੇ ਹਨ :

> "Kapoor Singh thought that the constitution Act India promulgated in 1950 was 'based on postulates of Sikhism as contrasted with those of Hinduism'...to him a polity would be according to the Sikh ideals if (A) The democratically elected leaders regarded themselves as the instruments, of the will of the people concretised in the personal legislation and rule and not regard themselves as the repository of power in their own."

ਉਪਰੋਕਤ ਲਿਖਤ ਦਾ ਹਵਾਲਾ, 'ਬਹੁਰੋਲ ਘਚੋਲੇ' ਦਾ ਨਮੂਨਾ ਹੈ। ਪੰਥਕ ਜੁਗਤ ਅਨੁਸਾਰ 'ਗੁਰਮਤੇ' ਰਾਹੀਂ, ਪਿਛਲੇ ਕੀਤੇ 'ਗੁਰਮਤਿਆਂ' ਨੂੰ ਪਲਟਾਉਣ ਦੇ ਅਧੀਨ ਚੁਣੇ

ਗਏ ਬੰਦੇ ਵਾਪਸ ਬੁਲਾਏ ਅਤੇ ਪਲਟੇ ਜਾ ਸਕਦੇ ਸਨ। ਭਾਰਤੀ ਸੰਵਿਧਾਨ ਅੰਦਰ ਇਹ ਪੁੱਠਾ ਗੇੜਾ ਨਹੀਂ ਦਿੱਤਾ ਜਾ ਸਕਦਾ, ਭਾਵੇਂ ਪ੍ਰਤੀਨਿਧੀ ਪਾਰਲੀਮੈਂਟ ਕਿੰਨਾ ਹੀ ਵੱਡਾ ਕੁਠਾਰਾਘਾਤ ਕਿਉਂ ਨਾ ਕਰ ਦੇਵੇ। ਇਥੋਂ ਤੀਕਰ ਕਿ ਮੌਜੂਦਾ ਪਾਰਲੀਮੈਂਟ ਦੇ ਫ਼ੈਸਲੇ ਨੂੰ ਦੇਸ਼ ਧਰੋਹ ਕਰਾਰ ਨਹੀਂ ਦਿੱਤਾ ਜਾ ਸਕਦਾ। ਭਾਰਤੀ ਸੰਵਿਧਾਨ ਵਿਚ ਕਾਰਗੁਜ਼ਾਰੀ ਦੁਆਰਾ ਫ਼ੌਜਾਂ ਦੀ ਦੁਰਵਰਤੋਂ ਨੂੰ ਚੈੱਕ ਕਰਨ ਦੀ ਵਿਵਸਥਾ ਨਹੀਂ। ਬਹੁ-ਸੰਖਿਆ ਵੱਲੋਂ ਘੱਟ- ਗਿਣਤੀਆਂ ਨੂੰ ਰਾਸ਼ਟਰ ਵਿਰੋਧੀ ਗਰਦਾਨਣਾ ਅਸੰਵਿਧਾਨਕ ਤੌਰ 'ਤੇ ਸ਼ਾਮਲ ਨਹੀਂ। ਹਥਿਆਰ ਦਾ ਬੁਨਿਆਦੀ ਅਧਿਕਾਰ ਸ਼ਾਮਲ ਨਹੀਂ। ਕੀ ਪਤਾ ਲੋਕਰਾਜ ਨੂੰ ਮਾਫ਼ੀਆ ਪ੍ਰਤੀਨਿਧੀ ਗੈਂਗਸਟਰਿਜ਼ਮ ਕਦੋਂ ਉਧਾਲ ਲਵੇ ? ਗੁਰਮਤੇ ਦੁਆਰਾ ਉਪਰੋਕਤ ਸੰਬੰਧੀ ਹੱਲ ਹੋ ਸਕਦੇ ਹਨ। ਪੰਥਕ ਗੁਰਮਤਾ-ਜੁਗਤ ਵਿਚ ਇਹ ਸਭ ਕੁਝ ਸੁਧਾਰਨ ਦੀ ਪੂਰਨ ਸਮਰੱਥਾ ਹੈ। ਨਾਲੇ ਤੇਜ਼ ਕੇਂਦਰੀਕਰਨ ਰਾਹੀਂ ਦੇਗ਼ ਤੇਗ਼ ਦੀ ਈਜਾਰੇਦਾਰੀ ਵਿਚ ਰੁੱਝੀ ਸੰਵਿਧਾਨਕ ਪਾਰਟੀ ਪ੍ਰਤੀਨਿਧੀ ਪਾਰਲੀਮਾਨੀ ਪ੍ਰਣਾਲੀ ਵਾਲੀ 'ਪਰਜੀਵੀ ਦਾਤਿਆਂ' ਜਿਹੀ ਜੁਗਤ ਹੈ, ਜਿਹੜੀ ਪੰਥਕ ਬੁਨਿਆਦੀ ਅਸੂਲਾਂ ਨਾਲ ਤਾਂ ਮੇਲ ਹੀ ਨਹੀਂ ਖਾਂਦੀ। ਇਕ ਪ੍ਰਣਾਲੀ ਸਭ ਕੁਝ ਕੇਂਦਰੀਕਰਣ ਕਰਕੇ ਸੰਸਾਰ ਮੰਡੀ ਵਿਚ ਕੁੱਦਣਾ ਚਾਹ ਰਹੀ ਹੈ, ਜਦੋਂ ਕਿ ਦੂਜੀ 'ਜੁਗਤ' ਸੰਸਾਰ ਭਰ ਦੇ ਮਨੁੱਖਾਂ ਨੂੰ ਹੰਨੇ ਹੰਨੇ ਮੀਰੀ ਪੀਰੀ ਰੂਪ ਸਰਬ-ਸੰਸਾਰੀ ਬਹੁ-ਕੇਂਦਰੀ ਸਮਾਜਿਕ ਸਵੈ-ਪ੍ਰਬੰਧ ਰਾਹੀਂ, 'ਸਰਬੇ ਏਕੋ' ਦੇ ਨਿਸ਼ਾਨੇ 'ਤੇ ਪਹੁੰਚਣਾ ਲੋਚਦੀ ਹੈ। ਇਕ ਸੰਸਾਰ ਕੁਬੇਰਾਂ ਦੀ ਯੂਨੀਅਨ ਬਣਾਉਣ ਦੇ ਮਨਸੂਬੇ ਘੜਦੀ ਹੈ ਅਤੇ ਦੂਜੀ ਸੰਸਾਰ ਦੇ ਸਾਰੇ ਮਨੁੱਖਾਂ ਦੀ ਸੰਗਤ ਦੇ ਚਾਅ ਹਿਤ ਕਿਰਤ ਕਰਨ ਅਤੇ ਵੰਡ ਛਕਣ ਦੇ ਸਵਰਗ ਨੂੰ ਧਰਤੀ ਉੱਤੇ ਸਾਕਾਰ ਕਰਨਾ ਲੋਚਦੀ ਹੈ। ਸਾਰੇ ਸੰਸਾਰ ਵਿਖੇ ਮਨੁੱਖਾ ਗਿਆਨ- ਪ੍ਰਣਾਲੀਆਂ ਆਪਣੀ ਨਾਮ-ਰੂਪ ਹਸਤੀ ਸੰਬੰਧੀ ਸੁਚੇਤ ਹੋ ਜਾਣ ਤਾਂ ਨਾਮ ਦਾ ਜਾਹਰਾ ਰੂਪ ਵਿਚ ਜਾਪਣਾ, ਨਾਮ-ਜਾਪ ਤੋਂ ਜਪੁ ਤੀਕਰ ਦਾ ਸਫ਼ਰ ਆਰੰਭਦਾ ਹੈ। ਇਥੇ ਇਕ ਹੋਰ ਵੱਡਾ ਪ੍ਰਸੰਗ ਉੱਠ ਖੜ੍ਹਾ ਹੁੰਦਾ ਹੈ। ਉਹ ਪ੍ਰਸੰਗ ਹੈ ਸਰਬ ਸੰਸਾਰਕ (ਗਲੋਬਲ) ਤਖ਼ਤ ਜਾਂ ਪਲੇਟਫ਼ਾਰਮ ਦਾ ਪ੍ਰਸੰਗ।

ਗ਼ੈਰ-ਰਾਜੀ ਸਰਬ ਸੰਸਾਰ ਲੋਕ-ਸ਼ਕਤੀ ਤਖ਼ਤ

ਰਾਜੀ ਤਖ਼ਤਾਂ ਅਤੇ 'ਲੋਕ ਤਖ਼ਤ' (ਸ੍ਰੀ ਅਕਾਲ ਤਖ਼ਤ) ਦਾ ਆਰੰਭ ਵਿਚ ਹੀ ਸਿੱਧਾ ਟਕਰਾਉ ਮੁਨਾਸਿਬ ਨਹੀਂ ਅਤੇ ਨਾ ਹੀ ਜ਼ਰੂਰੀ ਹੈ। ਪਰੰਤੂ ਰਾਜ ਤਖ਼ਤਾਂ ਦਾ ਜਵਾਲ 'ਲੋਕ ਤਖ਼ਤ' ਦੀ ਚੇਤਨਾ ਅਤੇ ਅਮਲ ਦੇ ਨਤੀਜੇ ਵਜੋਂ ਅਟੱਲ ਪ੍ਰਤੀਤ ਹੁੰਦਾ ਹੈ। ਇੰਟਰਨੈਸ਼ਨਲ ਸਿੱਖ ਸਕੱਤਰੇਤ ਦੀ ਗੱਲ 1980ਵਿਆਂ ਦੇ ਸ਼ੁਰੂ ਵਿਚ ਅਸੀਂ ਇਸ ਲਈ ਨਹੀਂ ਸੀ ਤੋਰੀ ਕਿ ਇਸ ਵਿਚਾਰ ਦੀ ਭੱਦੀ ਜਿਹੀ ਨਕਲ ਵਿਸ਼ਵ ਸਿੱਖ ਸੰਮੇਲਨ ਅਧੀਨ ਅਤੇ ਉਹ ਵੀ ਰਾਜੀ-ਢਾਂਚੇ ਅਨੁਸਾਰ ਕਰਕੇ, ਸਸਤੀ ਸ਼ੌਹਰਤ ਬਟੋਰ ਲਈ ਜਾਵੇ। ਇਸ ਵਿਚਾਰ ਦਾ ਮਨੋਰਥ ਉੱਚਾ ਸੀ। ਪਰ ਸਾਡਾ ਗ਼ੈਰ-ਉਤਸਵੀ ਮਨੋਰਥ ਉਹਨਾਂ ਦਿਨਾਂ ਵਿਚ ਇਹ ਸੀ ਕਿ ਸਿੱਖ-ਵਿਰਾਸਤ ਨੂੰ ਰਾਜੀ-ਸਾਧਨਾ ਦੁਆਰਾ ਅਣਗੌਲੇ ਜਾਣ ਤੋਂ ਬਚਾਉਣ ਹਿਤ ਅਤੇ ਜਾਣ-ਬੁੱਝ ਕੇ ਨੁਕਸਾਨ ਕੀਤੇ ਜਾਣ ਤੋਂ ਬਚਾਉਣ ਹਿਤ ਸਿੱਖ ਸਕੱਤਰੇਤ ਕੇਂਦਰ ਇੰਗਲੈਂਡ, ਅਮਰੀਕਾ, ਯੂਰਪ ਅਤੇ ਪੰਜਾਬ ਵਿਚ ਖੋਲ੍ਹੇ ਜਾਣ ਜਿਥੇ ਸਾਰਾ ਸਿੱਖ ਸਾਹਿਤ, ਨਿਸ਼ਾਨੀਆਂ ਅਤੇ ਯਾਦਗਾਰਾਂ ਨੂੰ ਸੁਰੱਖਿਅਤ ਕੀਤਾ ਜਾ ਸਕੇ ਅਤੇ ਸਿੱਖ ਵਿਰਸੇ ਦੀ ਪਛਾਣ ਉਹਨਾਂ ਖੇਤਰਾਂ ਵਿਚ ਉਹਨਾਂ ਦੇ ਹੀ ਸਾਧਨ, ਜ਼ੁਬਾਨ ਮੁਹਾਵਰੇ ਅਤੇ ਪਰੰਪਰਾਵਾਂ ਦੇ ਤਰਕ ਪੂਰਨ ਇਸਤੇਮਾਲ ਰਾਹੀਂ ਉਥੋਂ ਦੇ ਲੋਕਾਂ ਨੂੰ ਕਰਵਾਈ ਜਾ ਸਕੇ।

ਭਾਈ ਰਤਨ ਸਿੰਘ ਭੰਗੂ ਤੋਂ ਪਹਿਲਾਂ ਦੇ ਸਮੇਂ ਦਾ ਸੰਸਾਰ ਵਿਚ ਕੋਈ ਲੇਖਕ ਜੇ ਹੋਵੇ ਤਾਂ ਹਾਲਾਂ ਤੀਕਰ ਨਹੀਂ ਲੱਭ ਸਕਿਆ, ਜਿਸ ਨੇ ਲੋਕ-ਇਤਿਹਾਸ ਨੂੰ ਲਿਖਿਆ ਹੋਵੇ। ਆਮ ਕਰਕੇ ਲੇਖਕ ਰਾਹਬਰ ਰਾਜਾ, ਸ਼ਾਹੀ ਖ਼ਾਨਦਾਨ, ਅਮੀਰ-ਉਲ-ਉਮਰਾਹ ਆਦਿਕ ਦੇ ਇਤਿਹਾਸ ਲਿਖਦੇ ਹਨ। ਲੋਕਾਂ ਨਾਲ ਕੀ ਵਾਪਰੀ, ਲੋਕ ਕਿਹੜੇ ਵਾਹਣਾਂ ਵਿੱਚੋਂ, ਸਮਾਜਿਕ, ਆਰਥਿਕ ਸਭਿਆਚਾਰਕ ਮਨੋਵਿਗਿਆਨਕ ਅਮਲਾਂ ਵਿੱਚੋਂ ਲੰਘੇ, ਦਾ ਚਿਤਰਣ ਕਰਨ ਵਾਲੇ ਲੇਖਕ ਭਾਈ ਰਤਨ ਸਿੰਘ ਭੰਗੂ ਤੋਂ ਪਹਿਲਾਂ ਸ਼ਾਇਦ ਕੋਈ ਨਹੀਂ ਹੋਇਆ। ਉਹਨਾਂ ਵੇਲਿਆਂ ਵਿਚ ਹੀ ਵਾਰਸ ਸ਼ਾਹ ਹੋਇਆ ਹੈ।

ਉਪਰੋਕਤ ਵਾਲਾ ਰਿੜਕ ਦੇ ਕੱਢਿਆ ਹੋਇਆ ਯਥਾਰਥ ਹੈ। ਜੇਕਰ ਲੋਕਪੱਖੀ ਵਿਚਾਰਧਾਰਾ ਦਾ ਪ੍ਰਬਲ ਸੰਗਰਾਮ ਲੋਕੀ ਖ਼ੁਦ ਲੜਨਗੇ ਤਾਂ ਹੀ ਲੋਕਪੱਖੀ ਲੇਖਕ ਪੈਦਾ ਹੁੰਦਾ ਹੈ, ਖ਼ਾਸ ਕਰਕੇ ਇਤਿਹਾਸਕਾਰ। ਅੰਤਰ-ਰਾਸ਼ਟਰੀ ਸਿੱਖ ਸਕੱਤਰੇਤ ਦੁਆਰਾ ਇਹਨਾਂ ਵਰਗੇ ਲੇਖਕਾਂ ਦੀਆਂ ਪੁਸਤਕਾਂ ਦੇ ਰੂਪ ਵਿਚ ਦਰਸ਼ਨ ਕਰਵਾ ਕੇ ਅਸੀਂ ਸੰਸਾਰ-ਮਨੁੱਖਤਾ ਦੇ ਜ਼ਿਹਨ ਉੱਤੇ ਸਿੱਖ ਵਿਰਸੇ ਦੇ ਦਸਤਖ਼ਤ ਕਰ ਸਕਦੇ ਸੀ ਅਤੇ ਕਰ ਸਕਦੇ ਹਾਂ। ਸਤਿਗੁਰੂ ਸਾਹਿਬਾਨ ਅਤੇ ਗੁਰੂ ਖ਼ਾਲਸਾ ਪੰਥ ਦੀ ਗ਼ੈਰ-ਰਾਜੀ ਪਾਤਸ਼ਾਹੀ ਗ਼ੈਰ-ਰਾਜੀ ਤੇਜ ਦਾ ਕੇਂਦਰ ਤਖ਼ਤ ਅਤੇ ਬਹੁ-ਕੇਂਦਰੀ ਸਥਾਨਕ ਸਵੈ-ਪ੍ਰਬੰਧ ਰਾਹੀਂ ਤੇਜ ਵਿਕੇਂਦਰੀਕਰਨ ਦੇ ਸੰਕਲਪ ਅਤੇ ਤਜ਼ਰਬਾ, ਸੰਸਾਰ ਮਨੁੱਖਤਾ ਨਾਲ ਸਾਂਝਾ ਕਰਨ ਦੇ ਕਾਬਲ ਹੋਣ ਲਈ ਸਮੇਂ ਦੇ ਉਸੇ ਮਿਆਰ ਦੀਆਂ ਸੰਸਥਾਵਾਂ ਅਤੇ ਸਾਧਨ ਜ਼ਰੂਰੀ ਹੁੰਦੇ ਹਨ। ਸਾਡੇ ਵਿਰਸੇ ਵਿਚ ਸਰਬ-ਸੰਸਾਰੀ ਮਨੁੱਖਤਾ ਨੂੰ, ਉਹਨਾਂ ਦੇ ਭੇਖ, ਭੋਜਨ, ਮੱਤ, ਪੱਖ ਅਤੇ ਮੁਲਕੀ ਹਕੀਕਤਾਂ ਨੂੰ ਬਦਲੇ ਅਤੇ ਤਬਦੀਲ ਕੀਤੇ ਬਿਨਾਂ ਇਕ ਪਲੇਟਫ਼ਾਰਮ ਉੱਤੇ ਲਿਆਉਣ ਵਾਲੀ ਜੁਗਤ ਮੌਜੂਦ ਹੈ, ਪਰ ਉਹ ਇਕ ਦੇਸ਼ ਦੇ ਕਾਨੂੰਨੀ ਐਕਟ ਅਤੇ ਪੰਜਾਬੀਅਤ ਦੇ ਬੰਧਨਾਂ ਵਿਚ ਹੈ। ਇਸੇ ਕਾਰਨ ਦੂਜੇ ਦੇਸ਼ਾਂ ਦੀ ਕਾਨੂੰਨੀ ਪ੍ਰਭੂਸੱਤਾ ਨੂੰ ਇਹ ਮਨਜ਼ੂਰ ਨਹੀਂ, ਕਿਉਂਕਿ ਇਸ ਦੁਆਰਾ ਉਹਨਾਂ ਦੀ ਪ੍ਰਭੂਸੱਤਾ ਭੰਗ ਹੁੰਦੀ ਹੈ। ਉਹ ਪਲੇਟਫ਼ਾਰਮ ਹੈ (ਅਕਾਲ) ਤਖ਼ਤ ਅਤੇ ਗੁਰਮਤਾ ਅਤੇ ਬੰਧਨ ਹੈ ਸਿੱਖ ਗੁਰਦੁਆਰਾਜ਼ ਐਕਟ। ਮੈਂ 'ਐਕਟ' ਉੱਤੇ ਜ਼ੋਰ ਦੇ ਰਿਹਾ ਹਾਂ। ਪ੍ਰਬੰਧ ਅਤੇ ਪ੍ਰਬੰਧਕ ਕਮੇਟੀ ਦਾ ਮੈਂ ਕਦੇ ਵਿਰੋਧ ਨਹੀਂ ਕਰਦਾ। ਲੀਗ ਆਫ਼ ਨੇਸ਼ਨਜ਼ ਜਾਂ ਯੂਨਾਈਟਿਡ ਨੇਸ਼ਨਜ਼ ਆਰਗਨਾਈਜੇਸ਼ਨ, ਰਾਜ-ਰਾਸ਼ਟਰੀ ਜਾਂ ਰਾਸ਼ਟਰ-ਰਾਜੀ ਮੁਲਕਾਂ ਦੀਆਂ ਜਥੇਬੰਦੀਆਂ ਹਨ। ਇਸ ਯੂ.ਐਨ.ਓ. ਦਾ ਪਲੇਟਫ਼ਾਰਮ ਰਾਜ-ਮੈਂਬਰਾਂ ਦਾ ਪਲੇਟ- ਫ਼ਾਰਮ ਹੈ। ਯੂ.ਐਨ.ਓ. ਦਾ ਮਨੋਰਥ ਸਮੁੱਚੀ ਸੰਸਾਰ-ਮਨੁੱਖਤਾ ਨੂੰ ਇਕ ਕਰਨਾ ਨਹੀਂ ਹੈ, ਸਗੋਂ ਹਰ ਹੀਲੇ ਦੇਸ਼ਾਂ ਦੀ ਪ੍ਰਭੂਸੱਤਾ ਨੂੰ ਬਣਾਈ ਰੱਖਣਾ ਹੈ, ਜਦੋਂ ਕਿ ਮੁਲਕਾਂ ਅੰਦਰ ਤੇਜ-ਕੇਂਦਰੀਕਰਨ ਵਾਲੀਆਂ ਬਿਰਤੀਆਂ ਨੇ ਮਨੁੱਖਾਂ ਯਾਨੀ ਹਿਊਮਨ ਰਿਸੋਰਸਿਜ ਨੂੰ ਬੰਧਕ ਬਣਾਇਆ ਹੋਇਆ ਹੈ। ਸੋ ਇਕ ਤਰ੍ਹਾਂ ਨਾਲ ਯੂ.ਐਨ.ਓ. ਇਨ੍ਹਾਂ ਮੁਲਕਾਂ ਦੀ ਸਥਾਪਤੀ ਦੀ ਜਾਮਨ ਹੈ। ਇਹ ਵਿਵਸਥਾ ਟੁੱਟੇ ਨਾ ਇਸ ਕਾਰਨ ਇਹਨਾਂ ਨੇ ਸਮਝੌਤੇ ਕਰਕੇ ਮਨੁੱਖੀ ਅਧਿਕਾਰਾਂ, ਰੈੱਡ ਕਰਾਸ, ਸੰਸਾਰ ਸਿਹਤ ਸੰਗਠਨ ਅਤੇ ਕੁਝ ਕੁ ਹੋਰ ਫਾਟਕ ਰੂਪੀ ਸੰਸਥਾਵਾਂ ਖੋਲ੍ਹੀਆਂ ਹਨ ਤਾਂ ਜੋ ਡੈਮ ਰੂਪੀ ਰਾਜ, ਅਸੰਤੋਖ ਦੇ ਜ਼ੋਰ ਕਾਰਨ ਹੜ੍ਹ ਹੀ ਨਾ ਜਾਣ। ਫਾਟਕ ਖੋਲ੍ਹ ਕੇ ਥੋੜ੍ਹਾ-ਥੋੜ੍ਹਾ ਅਸੰਤੋਖ ਖਾਰਜ ਕਰਦੇ ਰਹੋ। ਕਈ ਵਾਰੀ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਇਹ ਅੰਤਰ-ਰਾਸ਼ਟਰੀ ਸੰਸਥਾਵਾਂ ਲੋਕਾਂ ਵਿਰੁੱਧ, ਤੇਜ ਕੇਂਦਰੀਕਰਨ ਤਾਕਤਾਂ ਦੇ ਸਹਿਯੋਗ ਹਿਤ ਅਤੇ ਉਹਨਾਂ ਦੇ ਰਾਜਾਂ ਨੂੰ ਸੁਰੱਖਿਅਤ ਰੱਖਣ ਹਿਤ ਬਣਾਇਆ ਗਿਆ ਪਲੇਟਫ਼ਾਰਮ ਹੈ।

ਬਹੁਤ ਆਸਾਂ ਪੈਦਾ ਹੋਈਆਂ ਸਨ, ਜਦੋਂ ਬਾਲਸ਼ਵਿਕ ਰਹਿਨੁਮਾਈ ਹੇਠ ਰੂਸ ਵਿਚ ਇਨਕਲਾਬ ਆਇਆ। ਕਮਿਊਨਿਸਟ ਇੰਟਰਨੈਸ਼ਨਲ ਨਾਂ ਦਾ ਪਲੇਟਫ਼ਾਰਮ ਹੋਂਦ ਵਿਚ ਆਇਆ। ਕਿਰਤੀ ਲੋਕਾਂ ਲਈ ਮੌਕਾ ਬਣ ਗਿਆ ਕਿ ਉਹ ਕਮਿਊਨਿਸਟ ਇੰਟਰਨੈਸ਼ਨਲ ਪਲੇਟਫ਼ਾਰਮ ਦੇ ਜ਼ਰੀਏ ਵੱਖੋ-ਵੱਖ ਦੇਸ਼ਾਂ ਵਿਚ ਇਨਕਲਾਬ ਕਰਨ ਅਤੇ ਕਿਰਤੀ ਹੱਥਾਂ ਵਿਚ ਰਾਜ-ਤੇਜ ਆ ਜਾਣ ਤੋਂ ਬਾਅਦ, ਸੰਸਾਰ ਕਿਰਤੀ ਭਾਈਚਾਰੇ ਦੇ ਜ਼ੋਰ ਨਾਲ ਰਾਜਾਂ ਨੂੰ ਫ਼ਨਾਹ ਕੀਤਾ ਜਾਵੇ। ਜੇਕਰ ਕਮਿਊਨਿਸਟ ਇੰਟਰਨੈਸ਼ਨਲ ਇਕ ਗ਼ੈਰ-ਰਾਜੀ ਪਲੇਟਫ਼ਾਰਮ ਦੇ ਤੌਰ 'ਤੇ ਅਸਰ ਅੰਦਾਜ਼ ਰਹਿੰਦਾ ਅਤੇ ਸਾਰੇ ਸਾਮਵਾਦੀ ਦੇਸ਼ ਇਸ ਪਲੇਟਫ਼ਾਰਮ ਦੇ ਕਿਰਤੀ ਮਤਿਆਂ ਨੂੰ ਪਾਸ ਕਰਦੇ ਅਤੇ ਇਹਨਾਂ ਉੱਤੇ ਅਮਲ ਕਰਦੇ ਰਹਿੰਦੇ ਤਾਂ ਅੱਜ ਦੁਨੀਆਂ ਦੀ ਸ਼ਕਲ ਹੀ ਹੋਰ ਹੁੰਦੀ। ਪਰੰਤੂ ਦੇਗ਼ ਅਤੇ ਤੇਗ਼ ਦੀ ਫ਼ਤਹਿ ਪ੍ਰਕਿਰਿਆ ਸਥਾਨਕ ਪੱਧਰ ਉੱਤੇ ਹਾਸਲ ਹੋਣ ਤੋਂ ਬਾਅਦ ਜੇਕਰ ਮੀਰੀ ਦਾ ਤੇਜ ਵੀ ਸਥਾਨਕ ਪੱਧਰ ਉੱਤੇ ਵਰਤਦਾ ਤਾਂ ਹੀ ਯੂਨੀਅਨ ਸੋਵੀਅਤ ਸੋਸ਼ਲਿਸਟ ਰਿਪਬਲਿਕ ਦੇ ਨਾਉਂ ਵਾਲਾ ਰਾਜਾਂ ਦਾ ਸੰਘ ਨਾ ਬਣਦਾ, ਸਗੋਂ ਸੱਚਮੁੱਚ ਹੀ ਪੰਚਾਇਤਾਂ ਦਾ ਸੰਘ ਬਣਦਾ। ਸੋ ਕਿਰਤੀ ਸ਼ੂਦਰ ਸਥਿਤੀ ਵਿਚ ਕਰ ਦਿੱਤੇ ਗਏ, ਤੇਜ ਵਿਹੀਨ, ਸਿਰਫ਼ ਕਰਤੱਵਪਰਾਯਣ। ਪ੍ਰੋਲਤਾਰੀ ਡਿਕਟੇਟਰਸ਼ਿਪ ਤਾਂ ਸਿਰਫ਼ ਸ਼ਾਹੀ ਮਾਣਨਾ ਚਾਹੁੰਦੀ ਸੀ। ਕਮਿਊਨਿਸਟ ਇੰਟਰਨੈਸ਼ਨਲ ਰੂਸੀ ਕਬਜ਼ੇ ਵਿਚ ਰੂਸੀ ਕਮਿਊਨਿਸਟ ਇੰਟਰਨੈਸ਼ਨਲ ਬਣ ਗਿਆ ਤਾਂ ਕਿਰਤੀ ਲੋਕਾਂ ਤੋਂ ਬਾਗ਼ੀ ਹੋ ਕੇ ਉਹਨਾਂ ਦੇ ਬਣਾਏ ਡਿਕਟੇਟਰਾਂ ਨੇ ਵੱਖਰੇ ਕਮਿਊਨਿਸਟ ਬਲਾਕ ਬਣਾ ਲਏ। ਡਿਕਟੇਟਰਾਂ ਲਈ ਵੱਖਰੀਆਂ ਸੜਕਾਂ ਨਿਸ਼ਚਿਤ ਹੋ ਗਈਆਂ ਸਵਾਰੀਆਂ ਲਈ। ਆਮ ਕਿਰਤੀਆਂ ਦੇ ਅੰਗ ਕੱਢੇ ਜਾਣ ਲੱਗੇ। ਡਿਕਟੇਟਰਾਂ ਦੀਆਂ ਜਿੰਦਜਾਨ ਅਤੇ ਲੰਮੀ ਉਮਰ ਸਿਹਤਯਾਬੀ ਲਈ ਉਹਨਾਂ ਵਿਚ ਫਿੱਟ ਕਰਨ ਲਈ। ਜਦੋਂ ਕਿ ਕੁਝ ਦੇਸ਼ਾਂ ਨੇ ਥੋੜਾ ਥੋੜਾ ਵਿਕੇਂਦਰੀਕਰਨ ਆਰੰਭ ਕੀਤਾ ਹੋਇਆ ਹੈ, ਸਾਇੰਸ ਅਤੇ ਟੈਕਨਾਲੋਜੀ ਦੇ ਜ਼ੋਰ ਦੀਆਂ ਮਜਬੂਰੀਆਂ ਕਾਰਨ ਪਰੰਤੂ ਜਿਹੜੇ ਦੇਸ਼ ਸਾਇੰਸ ਤਕਨਾਲੋਜੀ ਉਧਾਰੀ ਜਾਂ ਮੁੱਲ ਖ਼ਰੀਦਦੇ ਹਨ, ਉਥੇ ਦੇ ਸਾਮਵਾਦੀ ਦੇਸ਼ ਵੀ ਪੂੰਜੀਵਾਦ ਨੂੰ ਕੇਂਦਰੀਕਰਨ ਰਾਹੀਂ ਹੀ ਲਿਆ ਰਹੇ ਹਨ, ਭਾਵੇਂ ਤਿਆਨਾਮਨ ਚੌਂਕ ਵਿਚ ਹਜ਼ਾਰਾਂ ਬੰਦਿਆਂ ਨੂੰ ਟੈਂਕਾਂ ਥੱਲੇ ਫੇਹਣਾ ਹੀ ਪੈ ਜਾਵੇ।

ਤਾਂ ਕੀ ਲੋਕਾਂ ਦਾ ਆਪਣਾ ਕੋਈ ਪਲੇਟਫ਼ਾਰਮ ਨਹੀਂ ਹੈ, ਜਿਸ ਨੂੰ ਵਿਰਸੇ ਵਿਚ ਮਾਨਤਾ ਪ੍ਰਾਪਤ ਹੋਵੇ ?

ਪਲੇਟਫ਼ਾਰਮ ਉਹ ਚਾਹੀਦਾ ਹੈ, ਜਿਹੜਾ ਮੁਲਕਾਂ ਦੀ ਰਾਜਨੀਤਕ ਪ੍ਰਭੂਸੱਤਾ ਨੂੰ ਮਨੁੱਖੀ ਵੰਡ ਦੇ ਰੂਪ ਵਿਚ ਸਵੀਕਾਰ ਨਾ ਕਰਦਾ ਹੋਵੇ। ਉਹ ਪਲੇਟਫ਼ਾਰਮ ਜਿਹੜਾ ਹਰ ਮਨੁੱਖ ਨੂੰ ਬਿਨਾਂ ਰੰਗ ਨਸਲ, ਮਜ਼੍ਹਬ, ਲਿੰਗ, ਦੇਸ਼ ਅਤੇ ਅਮੀਰ-ਗ਼ਰੀਬ ਵਾਲੇ ਭੇਦ ਦੇ, ਨਿਆਸਰਿਆਂ ਦਾ ਆਸਰਾ, ਨਿਪੱਤਿਆਂ ਦੀ ਪੱਤ, ਨਿਥਾਵਿਆਂ ਦਾ ਥਾਉ, ਨਿਓਟਿਆਂ ਦੀ ਓਟ ਵਾਲੇ ਰੂਪ ਵਿਚ ਸਹਾਰਾ ਹੋਵੇ। ਉਹ ਪਲੇਟਫ਼ਾਰਮ ਗ਼ੈਰ-ਰਾਜੀ ਪਲੇਟਫ਼ਾਰਮ ਹੋਣਾ ਚਾਹੀਦਾ ਹੈ, ਕਿਸੇ ਵੀ ਰਾਜ ਜਾਂ ਦੇਸ਼ ਦੇ ਕਾਨੂੰਨ ਅਤੇ ਪ੍ਰਭੂਸੱਤਾ ਤੋਂ ਆਜ਼ਾਦ। ਤਾਂ ਅਜਿਹਾ ਤਜ਼ਰਬਾ ਅਤੇ ਵਿਰਸਾ ਗੁਰਮਤਾ ਅਤੇ (ਅਕਾਲ) ਤਖ਼ਤ ਦੇ ਰੂਪ ਵਿਚ ਵੀ ਸਾਹਮਣੇ ਆਇਆ ਹੈ, ਜਿਸ ਦੇ ਵਿਰਸੇ ਵਿਚ ਅਜਿਹਾ ਦਰਸ਼ਨ ਓਤਪੋਤ ਸਾਗਰ ਬੂੰਦੇਰੋ ਹੈ ਕਿ ਹਰ ਮਨੁੱਖ ਨਿੱਕਾ-ਬ੍ਰਹਿਮੰਡ ਹੈ, ਪਰਮ-ਸੱਚ ਦਾ ਨਾਮਧਾਰੀ ਸਰੂਪ ਹੈ। ਇਸ ਕਾਰਨ ਹਰ ਮਨੁੱਖ ਪੀਰੀ-ਮੀਰੀ ਖੇਤਰ ਵਿਚ ਖ਼ੁਦਮੁਖ਼ਤਿਆਰ ਹੈ, ਇਸ ਸਿਧਾਂਤ ਦੇ ਆਧਾਰ ਉੱਤੇ

ਵੰਡਵਾਦੀ ਰਾਜੀ ਹਾਕਮ ਪਲੇਟਫ਼ਾਰਮ ਖੰਡਿਤ ਹੁੰਦੇ ਹਨ ਅਤੇ ਵੰਡ-ਛਕਣ ਵਾਲੇ ਪ੍ਰਬੰਧ ਰੂਪੀ ਪਲੇਟਫ਼ਾਰਮ ਉਦੈ ਹੁੰਦੇ ਹਨ।

ਇਸ ਵੇਲੇ ਵਿਡੰਬਣਾ ਇਹ ਹੈ ਕਿ ਉਪਰੋਕਤ ਸਿੱਖੀ-ਵਿਰਸਾ ਇਕ ਪਾਸੇ ਤਾਂ ਇਕ ਮੁਲਕੀ ਸਥਾਨਕ ਸਿਆਸੀ ਪਾਰਟੀ ਦੇ ਠੇਕੇ ਅਧੀਨ ਹੈ, ਜਿਸ ਨੇ ਵਿਰਸੇ ਨੂੰ ਮੁਲਕੀ ਕਾਨੂੰਨ ਅਧੀਨ ਕੈਦ ਕੀਤਾ ਹੋਇਆ ਪਾਇਆ ਹੈ ਅਤੇ ਕਾਫ਼ੀ ਗਿਣਤੀ ਵਿਚ ਸਿੱਖਾਂ ਨੂੰ ਇਸ ਸਥਿਤੀ ਉੱਤੇ ਭਰੋਸਾ ਵੀ ਹੈ। ਭਰੋਸਾ ਇਸ ਕਾਰਨ ਹੈ, ਕਿਉਂਕਿ ਦੂਜੇ ਪਾਸੇ ਕੇਂਦਰੀ ਤਾਕਤਾਂ ਉਪਰੋਕਤ ਵਿਰਸੇ ਨੂੰ ਸਿਰਫ਼ ਪੂਜਾ ਪ੍ਰਣਾਲੀਆਂ ਵਿਚ ਘਟਾ ਕੇ ਰੱਖ ਦੇਣ ਦੀਆਂ ਚਾਲਾਂ ਲੰਮੇਂ ਸਮੇਂ ਤੋਂ ਚੱਲੀਆਂ ਜਾ ਰਹੀਆਂ ਹਨ ਅਤੇ ਇਸ ਅਗਵਾ ਵਿਚ ਚਿੱਟੇ ਲਾਲ ਪੀਲੇ ਸਾਰੇ ਹੀ ਸ਼ਾਮਲ ਹਨ। ਉਪਰਕੋਤ ਵਿਰਸੇ ਨੂੰ ਕਿਰਤੀਆਂ ਦੀ ਡਿਕਟੇਟਰਸ਼ਿਪ ਰੂਪੀ ਨਵ-ਲੀਡਰਸ਼ਿਪ, ਜਿਹੜੀ ਇਸੇ ਸਦੀ ਤੋਂ ਅੱਧ ਤੋਂ ਹੀ ਲੀਡਰਸ਼ਿਪ ਦਾ ਨਵਾਂ-ਨਵਾਂ ਸੁਆਦ ਲੈ ਸਕੀ ਹੈ, ਨੂੰ ਹੰਨੇ-ਹੰਨੇ ਪਾਤਸ਼ਾਹੀ ਤੋਂ ਬਹੁਤ ਦਹਿਸ਼ਤ ਨਜ਼ਰ ਆਉਂਦੀ ਹੈ ਕਿ ਜੇ ਕਿਰਤੀ ਹੀ ਪ੍ਰਬੰਧਕ ਬਣ ਗਏ ਤਾਂ ਉਹਨਾਂ ਦੀ ਕੀ ਬਣੂੰ, ਸੋ ਉਹ ਵੀ ਕੇਂਦਰਿਤ ਬਿਰਤੀਆਂ ਵਾਲਿਆਂ ਦੀ ਪ੍ਰੋੜ੍ਹਤਾ ਕਰਦੇ ਹਨ ਅਤੇ ਸਿੱਖੀ ਵਿਰਸੇ ਨੂੰ ਸਿੱਖਾਂ ਅੰਦਰ ਵੜ ਕੇ ਕਰੂਪ ਕਰਨ ਦੀਆਂ ਕੋਸ਼ਿਸ਼ਾਂ ਵਿਚ ਵੀ ਲੱਗੇ ਹਨ।

ਅਕਾਲੀ ਲੀਡਰਸ਼ਿਪ ਨੇ ਅਕਾਲੀ ਦਲ ਅਤੇ (ਅਕਾਲ) ਤਖ਼ਤ ਨੂੰ, ਭਾਰਤੀ ਸੰਵਿਧਾਨਕ ਢਾਂਚੇ ਅੰਦਰ ਵਰਤ ਰਹੀਆਂ ਸਿਆਸੀ ਪਾਰਟੀਆਂ ਵਿਚਲੀਆਂ ਮਨੋਨੀਤ-ਨੀਤੀਆਂ ਦੇ ਵਰਤਾਰੇ ਦਾ ਅਖਾੜਾ ਬਣਾ ਧਰਿਆ ਹੈ। ਉਹ ਤਖ਼ਤ ਸਾਹਿਬ ਨੂੰ ਧਰਮ-ਪੀਠ ਵਾਂਗੂੰ ਵਰਤਦੇ ਹਨ ਅਤੇ ਗੁਰਮਤੇ ਤੋਂ ਤ੍ਰਹਿੰਦੇ ਹਨ। ਆਪ ਹੀ ਜਥੇਦਾਰ ਮਨੋਨੀਤ ਕਰਕੇ, ਆਪ ਹੀ ਦੂਸਰੇ ਮਨੋਨੀਤ ਜਥੇਦਾਰਾਂ ਸਮੇਤ ਇਕ ਪੰਜਾਂ ਦੀ ਪਰੀਜ਼ੀਡੀਅਮ ਰੂਪੀ ਹਸਤੀ ਮਨੋਨੀਤ ਕਰਕੇ, ਛੋਟੇ-ਛੋਟੇ ਅਪ੍ਰਸੰਗਿਕ ਨੁਕਤਿਆਂ ਉੱਤੇ ਫ਼ੈਸਲੇ ਦੇਣ ਲਈ ਉਤਸ਼ਾਹਿਤ ਕਰਨ ਹਿਤ ਵਿਵਾਦ ਛੇੜ ਦੇਂਦੇ ਹਨ। ਮਨੋਨੀਤ ਸੱਜਣਾਂ ਨੂੰ 'ਘੂਰੀ' ਦਾ ਤੇ ਪਤਾ ਹੀ ਹੁੰਦਾ ਹੈ। ਜਦੋਂ ਕਿ ਪੰਥ ਦੇ ਠੇਕੇਦਾਰ ਇਹ ਸਾਰੇ ਕਿਵੇਂ ਬਣ ਜਾਂਦੇ ਹਨ ? ਅੱਜ ਇਲੈਕਟ੍ਰਾਨਿਕ ਯੁਗ ਹੈ। ਜ਼ਰਾ ਲੋਕਾਂ ਤੋਂ ਮੱਤ ਲਵੋ ਕਿ ਤਖ਼ਤਾਂ ਦੇ ਜਥੇਦਾਰ ਕਿਹਨਾਂ ਨੂੰ ਬਣਾਇਆ ਜਾਣਾ ਚਾਹੀਦਾ ਹੈ ? ਲੋਕੀਂ ਖ਼ੁਦ ਨਾਉ ਪੇਸ਼ ਕਰਨ। ਫਿਰ ਲੋਕੀਂ ਹੀ ਉਹਨਾਂ ਵਿੱਚੋਂ ਚੋਣ ਕਰਨ। ਸ਼੍ਰੋਮਣੀ ਗਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਾਂ ਚਾਹੀਦਾ ਹੈ ਕਿ ਉਹ ਇਸ ਚੋਣ ਲਈ ਜ਼ਰੀਆ ਬਣੇ। ਪੰਥ ਦੁਆਰਾ ਚੁਣੇ ਗਏ ਉਹਨਾਂ ਦੇ ਸੇਵਾਦਾਰ ਫਿਰ ਪੰਥ ਦੀ 'ਘੂਰੀ' ਨੂੰ ਪਛਾਣਨਗੇ ਨਾ ਕਿ ਮਨੋਨੀਤ ਕਰਨ ਵਾਲਿਆਂ ਦੀ 'ਘੂਰੀ'। ਪਰ ਸੇਵਾਦਾਰਾਂ (ਜਥੇਦਾਰਾਂ) ਦਾ ਹੁਕਮਨਾਮਿਆਂ ਨਾਲ ਤੇ ਕੋਈ ਤੁਆਲੁਕ ਹੈ ਨਹੀਂ। ਅਤੇ ਨਾ ਹੀ ਉਹ ਗੁਰਮਤਾ ਲਈ ਇਕੱਠ ਸੱਦਣ ਦੇ ਅਧਿਕਾਰੀ ਹਨ ਅਤੇ ਨਾ ਹੀ ਕੋਈ ਦਿਸ਼ਾ ਨਿਰਦੇਸ਼ ਦੇ ਅਧਿਕਾਰੀ ਹਨ। ਫਿਰ ਤਖ਼ਤ ਵੀ ਤੇ ਪੁਜਾਰੀ ਸ਼੍ਰੇਣੀ ਨੇ ਪੰਜ ਬਣਾ ਲਏ ਅਤੇ ਨਾ ਹੀ ਤਖ਼ਤ ਕੋਈ ਦੈਵੀ ਤਾਕਤ ਦਾ ਪੀਠ ਜਾਂ ਧਰਮ-ਪੀਠ ਹੈ। ਦਰਅਸਲ ਤਖ਼ਤ ਸੇਵਾਦਾਰਾਂ ਦੀ ਚੋਣ ਵੀ ਤਾਂ ਸੰਸਾਰ ਪੱਧਰ ਉੱਤੇ ਸਾਰੇ ਹੀ ਸਿੱਖਾਂ ਵੱਲੋਂ ਹੋਣੀ ਚਾਹੀਦੀ ਹੈ ਅਤੇ ਸੰਸਾਰ ਮਨੁੱਖਤਾ ਦੇ ਮਸਲਿਆਂ ਉੱਤੇ ਸਾਰੇ ਗ਼ੈਰ-ਰਾਜੀ ਅਨਸਰਾਂ ਅਤੇ ਸੰਸਥਾਵਾਂ ਦੀ ਸ਼ਮੂਲੀਅਤ ਵਾਲੇ ਗੁਰਮਤੇ, ਖ਼ਾਲਸਾ ਸੰਬੰਧਾਂ ਦੀ ਅਗਵਾਈ ਵਿਚ ਸੋਧੇ ਜਾਣੇ ਚਾਹੀਦੇ ਹਨ। ਖ਼ਾਲਸੇ ਦੀ ਜਥੇਬੰਦੀ ਸੰਬੰਧੀ ਗੁਰਮਤੇ ਸਿਰਫ਼ ਗੁਰੂ ਪੰਥ ਦੇ ਅੰਦਰੂਨੀ ਪ੍ਰਬੰਧ ਨੂੰ ਮੁਖ਼ਾਤਿਬ ਹੋਣੇ

ਚਾਹੀਦੇ ਹਨ। ਵਰਤਮਾਨ ਭਾਰਤੀ ਚੋਣ ਪ੍ਰਣਾਲੀਆਂ ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਕਟ ਅਧੀਨ ਚੋਣ ਪ੍ਰਣਾਲੀ ਵੀ ਆ ਜਾਂਦੀ ਹੈ, (ਅਕਾਲ) ਤਖ਼ਤ ਨਿਆਰੀ ਸਰਬ-ਸੰਸਾਰੀ ਸੰਸਥਾ ਦੇ ਹਾਣ ਮੇਚ ਦੀ ਨਹੀਂ। ਜੇਕਰ ਗੁਰਦੁਆਰਾ ਐਕਟ ਨਾਂਹ ਹੋਵੇ ਤਾਂ ਪੰਜਾਬ ਵਿਧਾਨ ਸਭਾ ਜਾਂ ਭਾਰਤੀ ਸੰਸਦ ਇਸ ਐਕਟ ਨੂੰ ਤੋੜ ਦੇਵੇ ਤਾਂ ਕੀ ਅਸੀਂ ਗੁਰਦੁਆਰਾ ਪ੍ਰਬੰਧ ਚਲਾ ਨਹੀਂ ਸਕਾਂਗੇ ? ਮੰਨ ਲਵੋ ਕਿ ਨਹੀਂ ਚਲਾ ਸਕਾਂਗੇ ਤਾਂ ਇਸ ਨਾਲ ਸਿੱਖੀ ਸਿਧਾਂਤਾਂ ਨੂੰ ਤਾਂ ਕੋਈ ਨੁਕਸਾਨ ਨਹੀਂ ਪਹੁੰਚਦਾ। ਸਾਨੂੰ ਤਾਂ ਇਹ ਵੀ ਲੱਗਦਾ ਹੈ ਕਿ ਸਾਡੇ ਆਪਣੇ ਹੀ ਪੁੰਜ ਕੇ ਤੇਜਵਿਹੀਨ ਬੌਣਤਾ ਦਾ ਮੁਜ਼ਾਹਰਾ ਕਰ ਰਹੇ ਹਨ ਤੇ ਜਦੋਂ ਉਹ ਖੂਹ ਤੋਂ ਬਾਹਰ ਨਿਕਲ ਕੇ ਸਮੁੰਦਰ 'ਤੇ ਘੁੰਮ ਵੀ ਆਉਂਦੇ ਹਨ ਤਾਂ ਵੀ ਸ਼ਾਇਦ ਉਥੇ ਵਾਲੇ 'ਖੂਹ' ਹੀ ਵੇਖ ਕੇ ਆਉਂਦੇ ਹਨ, ਕਿਉਂਕਿ ਸ਼ਾਇਦ ਉਹ 'ਖੂਹ' ਦੀ ਮਾਨਸਿਕਤਾ ਅਤੇ ਜਾਵੀਏ ਦੇ ਸ਼ਿਕਾਰ ਹਨ। ਜਿਥੋਂ ਤੀਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਐਕਟ ਦਾ ਵੀ ਤੁਆਲੁਕ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਸੇ ਵੀ ਜੁਗਤ ਜਾਂ ਪ੍ਰਣਾਲੀ ਰਾਹੀਂ, ਸਾਰੇ ਸੰਸਾਰ ਵਿਚ ਰਹਿ ਰਹੇ ਸਿੱਖਾਂ ਦੇ ਮਤ ਦੁਆਰਾ ਸੇਵਾਦਾਰ (ਅਕਾਲ) ਤਖ਼ਤ ਦੀ ਚੋਣ ਕਰਵਾ ਸਕਣ ਦੇ ਸਮਰੱਥ ਹੈ ਅਤੇ ਇਸ ਵਿਰੁੱਧ ਜੇਕਰ ਕੋਈ ਭਾਰਤੀ ਸੰਵਿਧਾਨਕ ਰੁਕਾਵਟ ਹੈ ਤਾਂ ਸਰਬ-ਸੰਸਾਰੀ ਪੱਧਰ ਉੱਤੇ ਇਸ ਰੁਕਾਵਟ ਵਿਰੁੱਧ ਮੁਹਿੰਮ ਇਸ ਆਧਾਰ ਉੱਤੇ ਚੱਲਣੀ ਚਾਹੀਦੀ ਹੈ ਕਿ ਸ੍ਰੀ ਤਖ਼ਤ ਸਾਹਿਬ ਸਰਬ-ਸੰਸਾਰੀ ਮਨੁੱਖਤਾ ਦਾ ਗ਼ੈਰ-ਰਾਜੀ ਤੇਜਧੁਰਾ ਵਾਲਾ ਤਖ਼ਤ ਹੈ।...ਕਿ ਇਸ ਸੰਸਥਾ ਦੇ ਅਮਲ ਵਿਚ ਕਿਸੇ ਰਾਜ ਦਾ ਕਾਨੂੰਨ ਰੁਕਾਵਟ ਨਹੀਂ ਬਣਨਾ ਚਾਹੀਦਾ ਹੈ। ਪਰੰਤੂ ਸੰਵਿਧਾਨ ਵਿਚ ਕੋਈ ਰੁਕਾਵਟ ਮੌਜੂਦ ਲੱਗਦੀ ਨਹੀਂ।

ਲਗਭਗ 10 ਕੁ ਸਾਲ ਪਹਿਲਾਂ ਅਸੀਂ ਨੁਕਤਾ ਉਠਾਇਆ ਸੀ ਕਿ ਖ਼ਾਲਸਾ ਜਿਹੜਾ ਕਿ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਤੇਜ ਦਾ ਧਾਰਕ ਹੈ, ਜੇਕਰ ਸਮੇਂ ਦੇ ਹਾਣ ਦਾ ਸਾਬਤ ਨਾ ਹੋਇਆ ਤਾਂ ਹੋ ਸਕਦਾ ਹੈ ਕਿ ਪੱਛਮ ਵਿੱਚੋਂ ਲੋਕੀਂ ਖ਼ਾਲਸਾ ਫ਼ਲਸਫ਼ੇ ਦਾ ਇਜ਼ਹਾਰ ਕਰਨ, ਭਾਵੇਂ ਉਹ ਖ਼ਾਲਸਾ ਸ਼ਬਦ ਦੇ ਨਾਮ ਤੋਂ ਵੀ ਜਾਣੂ ਨਾ ਹੋਣ, ਕਿਉਂਕਿ ਮੁੱਦਾ ਤਾਂ ਰਿਸ਼ਤਿਆਂ ਦਾ ਹੈ, ਠੇਕੇ ਦਾ ਨਹੀਂ। ਇਹ ਖਦਸ਼ਾ ਹਾਲਾਂ ਤੀਕਰ ਕਾਇਮ ਹੈ, ਕਿਉਂਕਿ ਸਿੱਖ ਪੁਜਾਰੀਪੁਣੇ ਵਿਚ ਸਿਮਟਦੇ ਜਾ ਰਹੇ ਹਨ, ਸਿੱਖ ਸੰਸਥਾਵਾਂ ਤਖ਼ਤਾਂ ਉੱਤੇ ਪੁਜਾਰੀਪੁਣੇ ਦੀ ਦੀਮਕ ਲੱਗ ਰਹੀ ਹੈ। ਸੰਸਾਰ ਮਨੁੱਖਤਾ ਦੇ ਇਹ ਰੂਹ ਅਤੇ ਇਕ ਜਾਨ ਹੋਣ ਦੀ ਤੜਫ਼ ਅਤੇ ਖ਼ਾਲਸਾ ਸੰਬੰਧਾਂ ਦੇ ਤਸੱਵੁਰ ਤੋਂ ਮੂੰਹ ਮੋੜੀ ਬੈਠੇ ਹਨ।

ਸਰਬ-ਸੰਸਾਰੀ ਸਿੱਖ ਸੰਸਥਾ ਉਸਾਰਨ ਦੀ ਇੱਛਾ ਪਿੱਛੇ ਵੀ ਇਸੇ ਤਰ੍ਹਾਂ ਦੀ ਹੀ ਭਾਵਨਾ ਅਤੇ ਮੁੱਦੇ ਕੰਮ ਕਰ ਰਹੇ ਸਨ, ਪਰੰਤੂ ਅੰਮ੍ਰਿਤਸਰ ਵਿਸ਼ਵ ਸਿੱਖ ਸੰਮੇਲਨ ਰਾਹੀਂ ਬਣ ਰਹੀ ਸੰਸਥਾ ਦਾ ਵੇਲਾ ਵਿਆਹ ਚੁੱਕੀ ਬਸਤੀਵਾਦੀ ਰਾਜ-ਰਾਸ਼ਟਰਵਾਦੀ ਤੇਜ, ਕੇਂਦਰਿਤ ਪ੍ਰਣਾਲੀ ਵਾਲੀ ਭਾਸ ਰਹੀ ਹੈ। ਵੇਖੋ ਕੀ ਨਿਕਲਦਾ ਹੈ ? ਹਾਂ ਤੇਜ ਧਾਰਕ ਖ਼ਾਲਸਾ ਦੀ ਸ਼ਮੂਲੀਅਤ ਇਸ ਉਸਾਰੀ ਵਿਚ ਨਜ਼ਰ ਨਹੀਂ ਆ ਰਹੀ। ਸਗੋਂ ਤੇਜਪੁਜਾਰੀ ਮੱਧ-ਜਮਾਤ ਦੀ ਦਸਤਾਵੇਜ਼ੀ ਬੁੱਧੀ ਦੀਆਂ ਸਰਗਰਮੀਆਂ ਜ਼ਰੂਰ ਨਜ਼ਰ ਆ ਰਹੀਆਂ ਹਨ। ਮੈਨੂੰ ਕੁਝ ਇਸ ਤਰ੍ਹਾਂ ਦਾ ਆਗਾਜ਼ ਹੋ ਰਿਹਾ ਹੈ ਕਿ ਸਾਡੀ ਉਸਾਰੀ ਅਜਿਹੀ ਸੰਸਥਾ ਦਾ ਆਕਾਰ-ਪ੍ਰਕਾਰ ਅਤੇ ਭੌਂਡੀ ਨਕਲ ਵਾਲੇ ਨਕਸ਼ ਵੇਖ ਕੇ ਉੱਨਤ ਦੁਨੀਆਂ ਵਾਲੇ ਕਿਤੇ ਵਿਅੰਗ ਵਿਚ ਹਲਕੇ ਜਿਹੇ ਬੁੱਲ੍ਹ ਨਾ ਟੇਰਨ।

ਹਵਾਲੇ ਤੇ ਟਿੱਪਣੀਆਂ

1. ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥ ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥ ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥ ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥ ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥੧॥ *(ਗੁਰੂ ਗ੍ਰੰਥ ਸਾਹਿਬ, ਪੰਨਾ 468)*
2. ਪਾਤਾਲਾ ਪਾਤਾਲ ਲਖ ਆਗਾਸਾ ਆਗਾਸ... ॥ *(ਜਪੁਜੀ ਸਾਹਿਬ)*
ਰਾਤੀ ਰੁਤੀ ਥਿਤੀ ਵਾਰ... ॥ *(ਉਹੀ)*
ਕੁਦਰਤਿ ਦਿਸੈ ਕੁਦਰਤਿ ਸੁਣੀਐ... ॥ *(ਆਸਾ ਦੀ ਵਾਰ, ਗੁਰੂ ਨਾਨਕ ਸਾਹਿਬ)*
3. ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ *(ਗੁਰੂ ਗ੍ਰੰਥ ਸਾਹਿਬ, ਪੰਨਾ 19)*
4. ਆਦਿ ਸਚੁ ਜੁਗਾਦਿ ਸਚੁ... ॥ *(ਜਪੁਜੀ ਸਾਹਿਬ)*
5. (ੳ) ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸਚੁ ਟੇਕ ॥ *(ਗੁਰੂ ਗ੍ਰੰਥ ਸਾਹਿਬ, ਪੰਨਾ 52)*
(ਅ) ਆਪੇ ਸਚੁ ਕੀਆ ਕਰ ਜੋੜਿ... ॥ *(ਗੁਰੂ ਗ੍ਰੰਥ ਸਾਹਿਬ, ਪੰਨਾ 839)*
(ੲ) ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ ਜਿਨਿ ਏਹ ਰਚਨਾ ਰਾਚੀ ॥..
(ਗੁਰੂ ਗ੍ਰੰਥ ਸਾਹਿਬ, ਪੰਨਾ 581)
(ਸ) ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥ *(ਗੁਰੂ ਗ੍ਰੰਥ ਸਾਹਿਬ, ਪੰਨਾ 948)*
(ਹ) ਘਟਿ ਘਟਿ ਸਾਚੁ ਰਹਿਆ ਭਰਪੂਰੇ... ॥ *(ਗੁਰੂ ਗ੍ਰੰਥ ਸਾਹਿਬ, ਪੰਨਾ 944)*
(ਕ) ਤ੍ਰਿਭਵਣਿ ਸਾਚੁ ਕਲਾ ਧਰਿ ਥਾਪੀ ਸਾਚੇ ਹੀ ਪਤੀਆਇਦਾ ॥
(ਗੁਰੂ ਗ੍ਰੰਥ ਸਾਹਿਬ, ਪੰਨਾ 1035)
6. ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ... ॥
(ਗੁਰੂ ਗ੍ਰੰਥ ਸਾਹਿਬ, ਪੰਨਾ 37)
7. ਪਾਤਾਲ ਪੁਰੀਆ ਲੋਅ ਆਕਾਰਾ ॥ ਤਿਸੁ ਵਿਚਿ ਵਰਤੈ ਹੁਕਮੁ ਕਰਾਰਾ ॥
ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ ॥ *(ਗੁਰੂ ਗ੍ਰੰਥ ਸਾਹਿਬ, ਪੰਨਾ 1060)*
8. (ੳ) ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ ॥
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ ॥
(ਗੁਰੂ ਗ੍ਰੰਥ ਸਾਹਿਬ, ਪੰਨਾ 1275)
(ਅ) ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥
(ਗੁਰੂ ਗ੍ਰੰਥ ਸਾਹਿਬ, ਪੰਨਾ 463)
9. (ੳ) ਖੋਜਹਿ ਕੋਟਿ ਅਸੰਖ ਬਹੁਤੁ ਅਨੰਤ ਕੇ ॥ ਜਿਸੁ ਬੁਝਾਏ ਆਪਿ ਨੇੜਾ ਤਿਸੁ ਹੇ ॥੭॥
ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥
(ਸੂਹੀ ਮਹਲਾ ੫, ਗੁਰੂ ਗ੍ਰੰਥ ਸਾਹਿਬ ਸਾਹਿਬ, ਪੰਨਾ 762)
(ਅ) ਰਾਮ ਗੁਸਈਆ ਜੀਅ ਕੇ ਜੀਵਨਾ ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥ਰਹਾਉ॥
(ਰਾਗ ਗਉੜੀ ਭਗਤ ਰਵਿਦਾਸ ਜੀ)
10. ਜਾ ਤੂੰ ਕਰਣਹਾਰੁ ਕਰਤਾਰੁ ॥ ਕਿਆ ਮੁਹਤਾਜੀ ਕਿਆ ਸੰਸਾਰੁ ॥੨॥
ਆਪਿ ਉਪਾਏ ਆਪੇ ਦੇਇ ॥ ਆਪੇ ਦੁਰਮਤਿ ਮਨਹਿ ਕਰੇਇ ॥
ਗੁਰ ਪਰਸਾਦਿ ਵਸੈ ਮਨਿ ਆਇ ॥ ਦੁਖੁ ਅਨ੍ਹੇਰਾ ਵਿਚਹੁ ਜਾਇ ॥੩॥
ਸਾਚੁ ਪਿਆਰਾ ਆਪਿ ਕਰੇਇ ॥ ਅਵਰੀ ਕਉ ਸਾਚੁ ਨ ਦੇਇ ॥
ਜੇ ਕਿਸੈ ਦੇਇ ਵਖਾਣੈ ਨਾਨਕੁ ਆਗੈ ਪੂਛ ਨ ਲੇਇ ॥੪॥੩॥
(ਗੁਰੂ ਗ੍ਰੰਥ ਸਾਹਿਬ, ਪੰਨਾ 349)
11. ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥ ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥
(ਮਾਰੂ ਮਹਲਾ ੩, ਪੰਨਾ 1059)

9. **Jathedar, Akal Takht Sahib**
Kharak Singh, *Turn of the Century*, Singh Brothers, Amritsar, 2009, pp. 290-293.

10. **Sarbat Khalsa: Origin and Development**
An excerpt from Chapter 13, "Misl Polity and Organisation" Surjit Singh Gandhi, *Sikhs in the Eighteenth Century*, Singh Brothers, Amritsar, 1999, pp. 331-343.

11. **Understanding the 'Conductive force' in Sikh Praxis**
Lakhvir Singh is pursuing his Ph.D. in Philosophy from Jawaharlal Nehru University, New Delhi. He is engaged in the readings from 20th century philosophy especially Michel Foucault. His interests are critical theory, political philosophy, and poetics.

12. **ਨਵਾਂ ਤਖ਼ਤ**
ਕਪੂਰ ਸਿੰਘ, *ਰਾਜ ਕਰੇਗਾ ਖ਼ਾਲਸਾ ਤੇ ਹੋਰ ਨਿਬੰਧ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2007, ਪੰਨੇ 86-89.

13. **ਮੀਰੀ-ਪੀਰੀ ਦਾ ਸਿਧਾਂਤ**
ਜਸਬੀਰ ਸਿੰਘ ਆਹਲੂਵਾਲੀਆ, *ਸਿੱਖ ਫ਼ਲਸਫ਼ੇ ਦੀ ਭੂਮਿਕਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2017, ਪੰਨੇ 58-72.

14. **ਅਕਾਲ ਤਖ਼ਤ ਅਤੇ ਅਜੋਕਾ ਵਿਸ਼ਵ ਚਿੰਤਨ**
ਹਰਚੰਦ ਸਿੰਘ ਬੇਦੀ (ਸੰਪਾ.), *ਇੱਕੀਵੀਂ ਸਦੀ 'ਚ ਸਿੱਖਾਂ ਲਈ ਚੁਣੌਤੀਆਂ*, ਖ਼ਾਲਸਾ ਕਾਲਜ, ਅੰਮ੍ਰਿਤਸਰ, 2001, ਪੰਨੇ 51-57.

15. **ਅਕਾਲ ਤਖ਼ਤ**
ਸੁਖਬੀਰ ਸਿੰਘ, *ਤੇਜਧਾਰਕ ਗੁਰੂ ਖ਼ਾਲਸਾ ਪੰਥ*, ਗੁਰਦੀਪਕ ਪ੍ਰਕਾਸ਼ਨ, ਪਟਿਆਲਾ, 1986, ਪੰਨੇ 202-232.

16. **(ਅਕਾਲ) ਤਖ਼ਤ**
ਦੇਵਿੰਦਰ ਸਿੰਘ ਦੀ ਨਾਦ ਪ੍ਰਗਾਸੁ, ਸ੍ਰੀ ਅੰਮ੍ਰਿਤਸਰ ਵੱਲੋਂ ਛਪਾਈ ਅਧੀਨ ਪੁਸਤਕ ਵਿੱਚੋਂ।

17. **ਸਿੱਖ ਰਾਜਨੀਤੀ ਦਾ ਸੰਕਲਪ**
ਦੇਵਿੰਦਰ ਸਿੰਘ ਦੀ ਨਾਦ ਪ੍ਰਗਾਸੁ, ਸ੍ਰੀ ਅੰਮ੍ਰਿਤਸਰ ਵੱਲੋਂ ਛਪਾਈ ਅਧੀਨ ਪੁਸਤਕ ਵਿੱਚੋਂ।

Essays on Akal Takht: Tradition, History, and Conceptual Appraisals, is a rare collection of theoretical essays on the institution of Akal Takht. Serving as a brilliant introduction to Akal Takht, this book renders a wide range of historical, political, and doctrinal insights that have fundamentally influenced Sikh temporality. This concise volume offers intellectually stimulating discourse to trace different currents of political encounters in Sikh history and conceptuality. Postulating the institutional significance of Akal Takht, the book productively consolidates a rich account of temporality-spirituality relationship.

Amandeep Singh, the editor of this volume, has sutured a profoundly deductive analysis on dynamics of power and politics. Problematizing the authority of single sovereign in long standing debates around secularism and Indian theory of governance, the editor offers empirical investigation while revisiting the concept of dual sovereignty according to Sikh doctrines. He believes that the idea of dual sovereignty can potentially emancipate the idea of Miri from 'routine' politics of Sikhs and enable a next step in the history and theory of governance. The commentary on routine politics, dual sovereignty, and Maryada, shall find interest with academic scholars and students of Sikh studies and religious philosophy.

-Publishers

NAAD PARGAAS
SRI AMRITSAR

Sikhism : Political Theory

₹ 750 / $ 25